੧ੴ ਸਤਿਗੁਰ ਪ੍ਰਸਾਦਿ ॥

# ਲਾਵਾਂ

## (ਸਟੀਕ ਤੇ ਸਰਲ-ਵੀਚਾਰ)

ਅਨੰਦ ਕਾਰਜ ਤਾਂ ਕਰਵਾ ਚੱਲੇ ਹੋ

ਕ੍ਰਿਪਾ ਕਰਕੇ ਗੁਰੂ ਉਪਦੇਸ਼

ਵੀ ਨਾਲ ਲੈ ਜਾਵੋ,

ਪੜ੍ਹੋ, ਵੀਚਾਰੋ

ਤੇ

ਅਮਲ ਕਰੋ

ਸੁਖੀ ਰਹੋਗੇ।


ਲੇਖਕ ਅਤੇ ਪ੍ਰਕਾਸ਼ਕ

**ਸੇਵਾ ਸਿੰਘ (ਸੰਤ)**

ਗੁਰਦੁਆਰਾ ਰਾਮਪੁਰ ਖੇੜਾ

ਡਾ: ਗੜ੍ਹਦੀਵਾਲਾ, ਜ਼ਿਲ੍ਹਾ-ਹੁਸ਼ਿਆਰਪੁਰ (ਪੰਜਾਬ)-144207

ਫੋਨ ਨੰ: 01886-260334

Email: RamPurKhera@yahoo.ca | www.RamPurKhera.com


# ਲਾਵਾਂ

## ਸਟੀਕ
## ਤੇ
## ਸਰਲ-ਵੀਚਾਰ

ੴ ਸਤਿਗੁਰ ਪ੍ਰਸਾਦਿ ॥

# ਲਾਵਾਂ

## (ਸਟੀਕ ਤੇ ਸਰਲ-ਵੀਚਾਰ)

**ਅਨੰਦ ਕਾਰਜ ਤਾਂ ਕਰਵਾ ਚੱਲੇ ਹੋ**
**ਕ੍ਰਿਪਾ ਕਰਕੇ**
**ਗੁਰੂ ਉਪਦੇਸ਼ ਵੀ ਨਾਲ ਲੈ ਜਾਵੋ**
**ਸੁਖੀ ਰਹੋਗੇ।**

ਲੇਖਕ ਅਤੇ ਪ੍ਰਕਾਸ਼ਕ
**ਸੇਵਾ ਸਿੰਘ (ਸੰਤ)**
ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ, ਜ਼ਿਲ੍ਹਾ-ਹੁਸ਼ਿਆਰਪੁਰ (ਪੰਜਾਬ)-144207
ਫੋਨ ਨੰ: 01886-260334
Email: RamPurKhera@yahoo.ca | www.RamPurKhera.com



© ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ ………ਫਰਵਰੀ 2014 ……… (10,000)

ਕਰਤਾ ਅਤੇ ਪ੍ਰਕਾਸ਼ਕ
**ਸੇਵਾ ਸਿੰਘ (ਸੰਤ)**
ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ
ਫੋਨ : +91-1886-260334
Email: RampurKhera@Yahoo.ca | www.RampurKhera.com

ਭੇਟਾ : ਵੀਚਾਰ ਅਤੇ ਅਮਲ

ਟਾਈਪ ਸੈਟਿੰਗ ਅਤੇ ਡਿਜ਼ਾਈਨਿੰਗ :
ਪ੍ਰਿੰਸੀਪਲ ਤੇਜਿੰਦਰ ਸਿੰਘ (ਖ਼ਾਲਸਾ)
ਸੰਤ ਬਾਬਾ ਹਰਨਾਮ ਸਿੰਘ ਮੈਮੋਰੀਅਲ ਮਲਟੀਮੀਡੀਆ ਅਕੈਡਮੀ
ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

# ਸਮਰਪਿਤ

ਧੰਨ ਧੰਨ ਸੋਢੀ ਸੁਲਤਾਨ ਸਤਿਗੁਰੂ

ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਨੂੰ

ਜਿਨ੍ਹਾਂ ਨੇ ਮਹਾਨ ਬਖਸ਼ਿਸ਼ ਕਰਕੇ ਗ੍ਰਿਹਸਤੀਆਂ ਨੂੰ

ਆਪਣਾ ਆਰਥਿਕ-ਪ੍ਰਮਾਰਥਿਕ ਜੀਵਨ

ਸਫਲਾ ਕਰਨ ਲਈ

ਬੜਾ ਸਰਲ ਤੇ ਸੁਖੈਨ ਉਪਦੇਸ਼

ਲਾਵਾਂ ਦੀ ਬਾਣੀ ਅੰਦਰ

ਪ੍ਰਦਾਨ ਕਰਨ ਦੀ

ਕ੍ਰਿਪਾਲਤਾ

ਕੀਤੀ

# ਵਿਸ਼ਾ-ਸੂਚੀ


1. ਦੋ ਸ਼ਬਦ ........ (vii)
2. ਸੰਸਾਰ ਰਚਨਾ ........ 1
3. ਗ੍ਰਿਹਸਤ ਧਰਮ ........ 3
4. ਸੁਖੀ ਜੀਵਨ ਜਿਊਣ ਵਾਸਤੇ ਕਿਰਤ ਕਰੋ ........ 4
5. ਪ੍ਰਮਾਤਮਾ ਦਾ ਸੁਭਾਅ ਅਪਨਾਉਣ ਲਈ ਵੰਡ ਛਕੋ ........ 7
6. ਪ੍ਰਮਾਤਮਾ ਨਾਲ ਮਿਲਣ ਲਈ ਨਾਮ ਜਪੋ ........ 14
7. ਸਗਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ ........ 18
8. ਅਨੰਦ ਕਾਰਜ ਦੀ ਮਰਯਾਦਾ ........ 20
9. **ਪਹਿਲੀ ਲਾਵ** (ਮੂਲ ਤੇ ਪਦ-ਅਰਥ) ........ 26
   (ੳ) ਪਰਵਿਰਤੀ ਕਰਮ ਦ੍ਰਿੜਾਇਆ (ਪਹਿਲੀ ਲਾਵ ਦਾ ਸਾਰ) ........ 27
   (ਅ) ਬਾਣੀ ਬ੍ਰਹਮਾ ਬੇਦ ਧਰਮੁ ਦ੍ਰਿੜਹੁ ........ 32
   (ੲ) ਸਿਮ੍ਰਿਤਿ ਨਾਮੁ ਦ੍ਰਿੜਾਇਆ ........ 35
   (ਸ) ਗੁਰ ਪੂਰਾ ਅਰਾਧਹੁ ........ 36
   (ਹ) ਮਨ ਹਰਿ ਹਰਿ ਮੀਠਾ ਲਾਇਆ ........ 37
10. **ਦੂਸਰੀ ਲਾਵ** (ਮੂਲ ਤੇ ਪਦ ਅਰਥ) ........ 41
   (ੳ) ਨਿਰਮਲੁ ਭਉ ਪਾਇਆ(ਦੂਸਰੀ ਲਾਵ ਦਾ ਸਾਰ) ........ 41
   (ਅ) ਸਤਿਗੁਰੁ ਪੁਰਖੁ ਮਿਲਾਇਆ ........ 46
   (ੲ) ਨਿਰਭਉ ਭੈ ਮਨੁ ਹੋਇ ........ 51
   (ਸ) ਹਉਮੈ ਮੈਲ ਗਵਾਇਆ ........ 53
   (ਹ) ਹਰਿ ਗੁਣ ਗਾਇਆ ........ 54
   (ਕ) ਹਰਿ ਵੇਖੈ ਰਾਮ ਹਦੂਰੇ ........ 56
   (ਖ) ਸਰਬ ਰਹਿਆ ਭਰਪੂਰੇ ........ 59
   (ਗ) ਹਰਿ ਜਨ ਮੰਗਲ ਗਾਏ ........ 61
11. **ਤੀਸਰੀ ਲਾਵ** (ਮੂਲ ਤੇ ਪਦ ਅਰਥ) ........ 65
   (ੳ) ਮਨਿ ਚਾਉ ਭਇਆ ਬੈਰਾਗੀਆ (ਤੀਸਰੀ ਲਾਵ ਦਾ ਸਾਰ) ........ 65
   (ਅ) ਸੰਤ ਜਨਾ ਹਰਿ ਮੇਲੁ ........ 71
   (ੲ) ਸੰਤ ਜਨਾ ਵਡਭਾਗੀ ਪਾਇਆ ........ 75
   (ਸ) ਹਰਿ ਗੁਣ ਗਾਇਆ ........ 77





   (ਹ) ਮੁਖਿ ਬੋਲੀ ਹਰਿ ਬਾਣੀ ........ 78
   (ਕ) ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ........ 80
12. **ਚੌਥੀ ਲਾਵ** (ਮੂਲ ਤੇ ਪਦ ਅਰਥ) ........ 85
   (ੳ) ਮਨਿ ਸਹਜੁ ਭਇਆ ਹਰਿ ਪਾਇਆ (ਚੌਥੀ ਲਾਵ ਦਾ ਸਾਰ) ........ 86
   (ਅ) ਨਿਵਣੁ ਸੁ ਅਖਰੁ ........ 93
   (ੲ) ਖਵਣੁ ਗੁਣੁ ........ 94
   (ਸ) ਜਿਹਵਾ ਮਣੀਆ ਮੰਤੁ ........ 95
   (ਹ) ਹਰਿ ਮੀਠਾ ਲਾਇਆ ........ 107
   (ਕ) ਅਨਦਿਨੁ ਹਰਿ ਲਿਵ ਲਾਈ ........ 111
   (ਖ) ਹਰਿ ਪਾਇਆ ਪ੍ਰਭੁ ਅਵਿਨਾਸੀ ........ 116
13. ਗ੍ਰਿਹਸਤ ਜੀਵਨ ਦੀ ਸਫਲਤਾ ਲਈ ਸਮੇਂ ਸਮੇਂ ਸਤਿਗੁਰੂ ਜੀ ਦੇ ਉਪਦੇਸ਼ ........ 126
14. ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਤਿੰਨ ਭੱਭੇ ਦਾਜ ਵਿੱਚ ਦਿੱਤੇ ........ 129
17. ਮਾਤਾ ਦਮੋਦਰੀ ਜੀ ਵਲੋਂ ਆਪਣੀ ਬੱਚੀ ਬੀਬੀ ਵੀਰੋ ਨੂੰ ਉਪਦੇਸ਼ ........ 134
18. ਗੁਰੂ ਹਰਿਗੋਬਿੰਦ ਦੇ ਘਰੋਂ ਨਿੱਘ ਆਵੇ, ਸੇਕ ਨ ਆਵੇ ........ 135

# ਦੋ ਸ਼ਬਦ

## ਦੋ ਖੁਸ਼ੀਆਂ

ਗ੍ਰਹਿਸਤੀ ਦੇ ਜੀਵਨ ਵਿੱਚ ਸਿਆਣਿਆਂ ਨੇ ਦੋ ਖੁਸ਼ੀਆਂ ਅਹਿਮ ਗਿਣੀਆਂ ਹਨ। ਇੱਕ ਜਿਸ ਵੇਲੇ ਗ੍ਰਹਿਸਤੀ ਦੇ ਘਰ ਵਿੱਚ ਬੱਚਾ ਜਨਮ ਲੈਂਦਾ ਹੈ, ਬੱਚੇ ਦੇ ਜਨਮ ਲੈਣ ਦੀ ਖੁਸ਼ੀ, ਗ੍ਰਹਿਸਤੀ ਖੁਦ ਆਪ ਹੀ ਜਾਣਦਾ ਤੇ ਜਾਣ ਸਕਦਾ ਹੈ ਦੂਸਰਾ ਨਹੀਂ। ਦੂਸਰੇ, ਜਿੱਥੇ ਮਾਂ-ਬਾਪ ਬੱਚੇ ਨੂੰ ਬੜੇ ਚਾਅ-ਮਲਾਰ ਨਾਲ ਪਾਲਦੇ-ਪੋਸਦੇ ਤੇ ਪੜ੍ਹਾਉਂਦੇ ਹਨ, ਉੱਥੇ ਉਸ ਦੇ ਅਨੰਦ ਕਾਰਜ ਦੇ ਦਿਨ ਨੂੰ ਪਲ ਪਲ ਕਰਕੇ ਉਡੀਕਦੇ ਤੇ ਪਰਮਾਤਮਾਂ ਅੱਗੇ ਪੁੱਤਰ ਵਾਲੇ ਸੁੱਖਣਾ ਸੁਖਦੇ ਹਨ ਕਿ ਹੇ ਪ੍ਰਮਾਤਮਾਂ ! ਜਿੱਥੇ ਆਪ ਨੇ ਸਾਰੀਆਂ ਦਾਤਾਂ ਪ੍ਰਦਾਨ ਕੀਤੀਆਂ ਉਥੇ ਮਿਹਰ ਕਰਕੇ ਇਸ ਘਰ ਦੀਆਂ ਦਾਤਾਂ ਨੂੰ ਸਾਂਭਣ ਅਤੇ ਸਾਡੀ ਕੁੱਲ ਵਿੱਚ ਵਾਧਾ ਕਰਨ ਵਾਲੀ ਕੋਈ ਸ਼ੁਸ਼ੀਲ-ਗੁਣਵੰਤੀ ਬੱਚੀ ਦਾ ਰਿਸ਼ਤਾ ਬਖਸ਼ਿਸ਼ ਕਰੋ, ਤਾਂ ਜੋ ਅਸੀਂ ਆਪਣੀਆਂ ਅੱਖਾਂ ਨਾਲ, ਆਪਣੇ ਪੁੱਤਰ ਦੀ ਕੁੱਲ ਦਾ ਵਾਧਾ ਵੇਖ ਸਕੀਏ ਤੇ ਇਹ ਬੱਚੇ ਸਾਡੀ ਬਿਰਧ ਅਵਸਥਾ ਵਿੱਚ ਸੇਵਾ ਸੰਭਾਲ ਵੀ ਕਰਨ।

ਦੂਸਰੇ ਪਾਸੇ, ਬੱਚੀ ਵਾਲੇ ਮਾਤਾ-ਪਿਤਾ ਵੀ ਦਿਨ ਰਾਤ ਸਿੱਕਾਂ-ਸੱਧਰਾਂ ਨਾਲ ਸੁੱਖਣਾ ਸੁਖਦੇ ਹਨ ਕਿ ਹੇ ਪ੍ਰਮਾਤਮਾ ! ਕਿਰਪਾ ਕਰੋ, ਅਸੀਂ ਬੱਚੀ ਦੀ ਜਿੰਨੀ ਪਾਲਣਾ ਪੋਸ਼ਣਾ ਕਰ ਸਕਦੇ ਸਾਂ ਕੀਤੀ ਹੈ, ਹੁਣ ਮਿਹਰ ਕਰਕੇ ਇਸ ਬੱਚੀ ਨੂੰ ਕੋਈ ਯੋਗ ਵਰ-ਘਰ ਬਖਸ਼ਿਸ਼ ਕਰੋ ਤਾਂ ਜੋ ਇਹ ਬੱਚੀ ਆਪਣੇ ਘਰ ਸੁੱਖ-ਅਨੰਦ ਭਰਪੂਰ ਜੀਵਨ ਮਾਣ ਸਕੇ।

## ਆਸ ਪੁੰਨੀ

ਜਦੋਂ ਟੋਲ-ਭਾਲ ਕਰਦਿਆਂ ਪੂਰਬਲੇ ਸੰਜੋਗਾਂ ਅਨੁਸਾਰ ਬੱਚੀ-ਬੱਚੇ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦੋਵੇਂ ਪ੍ਰਵਾਰ ਇੱਕ ਦੂਜੇ ਨੂੰ ਵਧਾਈਆਂ ਦਿੰਦੇ ਖੁਸ਼ੀ ਵਿੱਚ ਫੁੱਲੇ ਨਹੀਂ ਸਮਾਉਂਦੇ ਤੇ ਖੁਸ਼ੀ-ਖੁਸ਼ੀ ਨਾਲ ਕਈ ਆਪਣੇ ਵਿੱਤ ਅਨੁਸਾਰ ਅਤੇ ਕਈ ਆਪਣੇ ਵਿੱਤੋਂ ਬਾਹਰ, ਇਸ ਸੁਭਾਗੇ ਸਮੇਂ ਲਈ ਖਰੀਦੋ-ਫਰੋਕਤ ਤੇ ਤਿਆਰੀਆਂ ਕਰਦੇ ਹਨ। ਖਾਸ ਕਰ, ਬੱਚੇ ਦੀ ਮਾਤਾ ਬੜੇ ਚਾਅ ਨਾਲ, ਲੋਕਾਂ ਨੂੰ ਸੱਦੇ ਦਿੰਦੀ ਤੇ ਅਕਸਰ ਕਹਿੰਦੀ ਹੈ ਕਿ ਮੇਰੇ ਘਰ ਇਸ ਦਿਨ ਮੇਰੀ ਨੂੰਹ ਨੇ ਆਉਣਾ ਹੈ, ਉਸ



ਨੂੰ ਮੈਂ ਆਪਣੀਆਂ ਬੱਚੀਆਂ ਨਾਲੋਂ ਵੀ ਵੱਧ, ਪਿਆਰ ਨਾਲ ਆਪਣੀ ਧੀ ਬਣਾ ਕੇ ਰੱਖਣਾ ਹੈ ਤੇ ਸਾਰੇ ਘਰ ਦੀਆਂ ਚਾਬੀਆਂ ਦੇ ਕੇ ਉਸ ਨੂੰ ਘਰ ਦੀ ਮਾਲਕ ਥਾਪ ਦੇਣਾ ਹੈ।

ਉਡੀਕਦਿਆਂ-ਉਡੀਕਦਿਆਂ ਉਹ ਵਿਆਹ ਵਾਲਾ ਸੁਭਾਗਾ ਦਿਨ ਵੀ ਆ ਜਾਂਦਾ ਹੈ। ਗੁਰੂ ਹਜ਼ੂਰੀ ਵਿੱਚ ਧਾਰਮਿਕ ਮਰਯਾਦਾ ਨਿਭਾ ਕੇ ਅਨੰਦ ਕਾਰਜ ਹੋ ਜਾਂਦਾ ਹੈ। ਪਰ ਅਨੰਦ ਕਾਰਜ ਵੇਲੇ, ਘਰ ਵਾਲੇ ਤੇ ਜ਼ਰੂਰੀ ਰਿਸ਼ਤੇਦਾਰ ਮਜਬੂਰੀ ਵਸ ਹੀ ਅਨੰਦ ਕਾਰਜ ਦੀ ਹਾਜ਼ਰੀ ਭਰਦੇ ਹਨ। ਗੁਰੂ ਰਾਮਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਣ ਕੀਤੀਆਂ ਚਾਰ ਲਾਵਾਂ, ਜਿਨ੍ਹਾਂ ਵਿੱਚ ਸਤਿਗੁਰੂ ਜੀ ਨੇ ਗ੍ਰਹਿਸਤ ਵਿੱਚ ਸੁੱਖ ਅਤੇ ਸਫਲਤਾ ਕਿਵੇਂ ਪ੍ਰਾਪਤ ਕਰਨੀ ਹੈ ਤੇ ਗ੍ਰਹਿਸਤ ਜੀਵਨ ਬਤੀਤ ਕਰਦਿਆਂ ਪਰਮਾਤਮਾਂ ਨਾਲ ਕਿਵੇਂ ਮਿਲਾਪ ਕਰਕੇ ਆਪਣੇ ਲੋਕ ਸੁਖੀ ਪ੍ਰਲੋਕ ਸੁਹੇਲੇ ਕਰਨੇ ਹਨ, ਦੇ ਉਪਦੇਸ਼ ਨੂੰ ਕੋਈ ਸ੍ਰਵਣ ਨਹੀਂ ਕਰਦਾ। ਜਿਸ ਕਰਕੇ ਘਰਾਂ ਵਿੱਚ ਜਾਂਦਿਆਂ ਸਾਰ, ਭਾਡਿਆਂ ਦੀ ਖੜਕਾ-ਦੜਕੀ ਅਰੰਭ ਹੋ ਜਾਂਦੀ ਹੈ।

## ਸੱਸ ਅਤੇ ਨੂੰਹ ਦਾ ਟਕਰਾਉ

ਸਭ ਤੋਂ ਪਹਿਲਾਂ ਸੱਸ ਅਤੇ ਨੂੰਹ ਦਾ ਆਪਸੀ ਬਿਖਾਧ ਅਰੰਭ ਹੁੰਦਾ ਹੈ। ਜਿਸ ਨੂੰਹ ਦੇ ਸਿਰ ਉਪਰੋਂ ਦੁੱਧ ਵਾਰ ਕੇ ਪੀਤਾ ਤੇ ਘਰ ਦੀਆ ਦਹਲੀਜਾਂ ਉੱਪਰ ਤੇਲ ਚੋ ਕੇ ਘਰ ਪ੍ਰਵੇਸ਼ ਕਰਾਇਆ। ਉਹ ਸੱਸ ਜੋ ਦਾਅਵਾ ਕਰਦੀ ਸੀ ਕਿ ਮੈਂ ਆਪਣੀ ਨੂੰਹ ਨੂੰ ਘਰ ਆਉਂਦੇ ਸਾਰ ਘਰ-ਬਾਰ ਸੌਂਪ ਦੇਣਾ ਹੈ ਤੇ ਆਪਣੀਆਂ ਬੱਚੀਆਂ ਨਾਲੋਂ ਵਧੀਕ ਪਿਆਰ ਦੇਣਾ ਹੈ, ਪਰ ਸੱਸ ਘਰ-ਬਾਰ ਸੌਂਪਣ ਦੀ ਥਾਂ, ਹਰ ਛੋਟੀ ਮੋਟੀ ਗੱਲ ਵਿੱਚ ਨੂੰਹ ਦੀ ਟੋਕ ਟੁਕਾਈ ਕਰਨੀ ਅਰੰਭ ਕਰ ਦਿੰਦੀ ਹੈ ਤੇ ਨੂੰਹ ਦੇ ਹਰ ਕੰਮ ਤੇ ਬਾਜ਼-ਨਿਗਾਹ ਰੱਖਦੀ ਹੈ ਕਿ ਕਦੋਂ ਤੇ ਕਿਸ ਵੇਲੇ ਮੈਂ ਇਸ ਦੀ ਗਲਤੀ ਫੜਾਂ ਤੇ ਉਸ ਨੂੰ ਵਧਾ ਚੜ੍ਹਾ ਤੇ ਮਸਾਲਾ ਲਾਕੇ ਆਪਣੇ ਪਤੀ ਤੇ ਪੁੱਤਰ ਨੂੰ ਇਸ ਦੀਆਂ ਕਮਜੋਰੀਆਂ ਦੀ ਫਾਈਲ ਸੁਣਾਵਾਂ। ਸੱਸ, ਨੂੰਹ ਦੇ ਚੰਗੇ ਗੁਣਾਂ ਜਾਂ ਚੰਗੇ ਕੰਮਾਂ ਨੂੰ ਨਜ਼ਰ ਅੰਦਾਜ਼ ਕਰਕੇ ਕੇਵਲ ਕੀੜੀ ਬਿਰਤੀ ਨਾਲ, ਨੂੰਹ ਦੇ ਔਗਣ ਲੱਭਣ ਲਈ ਸਾਰਾ ਦਿਨ ਤੱਤਪਰ ਰਹਿੰਦੀ ਹੈ।

ਸਤਿਗੁਰੂ ਜੀ ਨੇ : **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ** ਦਾ ਸੰਦੇਸ਼ ਦੇ ਕੇ ਸਾਨੂੰ, **ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ** ਦੇ ਧਾਰਨੀ ਬਣਨ ਲਈ ਪ੍ਰੇਰਨਾ ਦਿੱਤੀ ਹੈ ਪਰ ਅਸੀਂ ਗੁਰੂ ਹੁਕਮ ਨੂੰ ਸੁਣਿਆ ਹੀ ਨਹੀਂ, ਧਾਰਨੀ ਬਣਨਾ ਤੇ ਦੂਰ ਦੀ ਗੱਲ ਹੈ। ਜਿਸ ਕਰਕੇ, ਇਹ ਸਾਰਾ ਕਲੇਸ਼ ਵਰਤਣਾ ਅਰੰਭ ਹੋ ਜਾਂਦਾ ਹੈ। ਉੱਧਰ ਪਤੀ ਦੇ ਰਾਹੀਂ ਗਲਤੀਆਂ ਤੇ ਊਣਤਾਈਆਂ ਦੀ ਲਿਸਟ,

ਗੁੱਸੇ, ਤਕਰਾਰ ਰਾਹੀਂ ਨੂੰਹ ਕੋਲ ਵੀ ਪੁੱਜ ਜਾਂਦੀ ਤੇ ਨੂੰਹ-ਸੱਸ ਦਾ ਆਪਸੀ ਟਕਰਾਉ ਅਰੰਭ ਹੋ ਜਾਂਦਾ ਹੈ ਜੋ ਵੱਧਦਾ ਵੱਧਦਾ ਘਰ ਨੂੰ ਸਵਰਗ ਦੀ ਥਾਂ ਨਰਕ ਬਣਾ ਦਿੰਦਾ ਹੈ। ਇਸ ਮਚਦੇ ਭਾਂਬੜ ਵਿੱਚ ਨਾ ਤਾਂ ਪੁੱਤਰ ਦੀ ਅਤੇ ਨਾ ਹੀ ਸਹੁਰੇ ਦੀ ਪੇਸ਼ ਜਾਂਦੀ ਹੈ। ਉਹ ਕੇਵਲ ਬੇ-ਬਸ ਹੋ ਕੇ ਬੋਲ-ਕਬੋਲ ਅਤੇ ਤਕਰਾਰ ਦੇ ਭਾਂਬੜ ਦਾ ਸੇਕ ਸਹਾਰਦੇ ਦੁੱਖ ਭੋਗਦੇ ਹਨ। ਕਈ ਵਾਰੀ ਤਾਂ ਅਜਿਹੇ ਹਾਲਾਤਾਂ ਵਿੱਚ ਸਾਰੇ ਪ੍ਰਵਾਰ ਨੂੰ ਭੁੱਖੇ ਹੀ ਸੌਂਣਾ ਪੈਂਦਾ ਹੈ।

## ਸਿੱਖਿਆਦਾਇਕ ਪਰਮਾਣ

ਅਜਿਹੇ ਸੱਸ ਨੂੰਹ ਦੇ ਬਿਖਾਧ ਦੀ ਸਿਆਨਿਆ ਵਲੋਂ ਲਿਖੀ ਗਾਥਾ ਮੈਂ ਪੜ੍ਹੀ ਜੋ ਮੈਨੂੰ ਬੜੀ ਸਿੱਖਿਆ ਦੇਣ ਵਾਲੀ ਪ੍ਰਤੀਤ ਹੋਈ ਅਤੇ ਇਸ ਨੂੰ ਮੈਂ ਆਪ ਜੀ ਨਾਲ ਸਾਂਝੀ ਕਰਨ ਲੱਗਾ ਹਾਂ। ਉਨ੍ਹਾਂ ਲਿਖਿਆ ਕਿ ਪੁੱਤਰ ਦੇ ਵਿਆਹ ਉਪ੍ਰੰਤ ਥੋੜ੍ਹੇ ਦਿਨਾਂ ਬਾਅਦ ਨੂੰਹ ਤੇ ਸੱਸ ਦਾ ਝਗੜਾ ਸ਼ੁਰੂ ਹੋ ਗਿਆ। ਉਨ੍ਹਾਂ ਸਵੇਰੇ ਉਠਦੇ ਹੀ ਇੱਕ ਦੂਜੇ ਨੂੰ ਮਿਹਣੇ-ਕੁਮੇਹਣੀ ਹੋਣਾ ਅਰੰਭ ਕਰ ਦੇਣਾ ਤੇ ਇੱਕ ਦੂਜੇ ਦੀ ਚੂੰਡੀ-ਗੁੱਤ ਵੀ ਪੁੱਟਣੀ। ਆਪ ਦੋਵਾਂ ਨੇ ਵੇਲਾ ਕੁਵੇਲਾ ਵੇਖ ਪੇਟ ਦਾ ਅਹਾਰ ਕਰ ਲੈਣਾ ਪਰ ਸਹੁਰੇ ਤੇ ਪੁੱਤਰ ਦੋਵਾਂ ਨੂੰ ਇਸ ਕਲੇਸ਼ ਦੀ ਬਦੌਲਤ, ਕਈ ਵਾਰੀ ਸਾਰਾ ਦਿਨ ਭੁੱਖੇ ਹੀ ਕੱਟਣਾ ਪੈਣਾ।

ਸਮਾਂ ਬੀਤਦਾ ਗਿਆ, ਭਾਈ ਗੁਰਦਾਸ ਜੀ ਦੇ ਕਥਨ '**ਘਟਿ ਨ ਕੋਇ ਅਖਾਇਦਾ ਆਪੋ ਧਾਪੀ ਹੈਰਤ ਹੂਸੇ**' ਅਨੁਸਾਰ ਦੋਵਾਂ ਚੋਂ ਕੋਈ ਵੀ ਨਿਵਣ ਨੂੰ ਤਿਆਰ ਨਾ ਹੋਇਆ ਅਤੇ ਅਖੀਰ ਲੜਦਿਆਂ ਭਿੜਦਿਆਂ ਦੋਵੇਂ ਰਾਮਸੱਤ ਹੋ ਗਈਆਂ। ਧਰਮਰਾਜ ਦੇ ਲੇਖਾ ਜੋਖਾ ਹੋਇਆ, ਚਿਤ੍ਰ ਗੁਪਤਾਂ ਨੇ ਦੱਸਿਆ, ਮਹਾਰਾਜ ! ਇਨ੍ਹਾਂ ਦੋਵਾਂ ਨੇ ਸਾਰੀ ਉਮਰ ਪਰਮਾਤਮਾਂ ਦਾ ਨਾਉਂ ਤਾਂ ਕੀ ਲੈਣਾ ਸੀ ਸਗੋਂ ਦਿਨ ਚੜ੍ਹਦੇ ਤੋਂ ਰਾਤ ਤੱਕ ਦਾ ਸਮਾਂ ਇੱਕ ਦੂਜੇ ਨਾਲ ਬਦ-ਕਲਾਮੀ ਤੇ ਲੋਕਾਂ ਪਾਸ ਇੱਕ ਦੂਜੇ ਦੀ ਨਿੰਦਿਆ ਚੁਗਲੀ ਕਰਦਿਆਂ ਹੀ ਬਤੀਤ ਕੀਤਾ ਹੈ। ਇਹ ਨਰਕਾਂ ਵਿੱਚ ਪਾਉਣ ਦੀਆਂ ਅਧਿਕਾਰੀ ਹਨ, ਹੁਕਮ ਕਰੋ ਤਾਂ ਇਨ੍ਹਾਂ ਨੂੰ ਨਰਕਾਂ ਵਿੱਚ ਭੇਜ ਦੇਈਏ?

ਧਰਮ ਰਾਜਾ ਕਹਿਣ ਲੱਗਾ ਭਲਿਓ ! ਇਨ੍ਹਾਂ ਨੂੰ ਨਰਕਾਂ ਵਿੱਚ ਨਾ ਪਾਵੋ। ਤੁਹਾਡੇ ਦਸਣ ਅਨੁਸਾਰ ਸਾਰੀ ਉੱਮਰ ਤਾਂ ਇਹ ਪਹਿਲਾਂ ਹੀ ਕੁੰਭੀ ਨਰਕ ਭੋਗ ਕੇ ਆਈਆਂ ਹਨ। ਇਨ੍ਹਾਂ ਨੂੰ ਸਵਰਗ ਵਿੱਚ ਲੈ ਜਾਵੋ ਤਾਂ ਜੋ ਚਾਰ ਦਿਨ ਅਰਾਮ ਨਾਲ ਕੱਟ ਲੈਣ। ਪਰ, ਇੱਕ ਖਿਆਲ ਰੱਖਣਾ ਕਿ ਇਨ੍ਹਾਂ ਨੂੰ ਇੱਕੋ ਥਾਂ ਸਵਰਗ ਵਿੱਚ ਨਾ ਰੱਖਣਾ, ਜੁਦੇ- ਜੁਦੇ ਰੱਖਣਾ। ਜੇ ਇੱਕੱਠੀਆਂ ਰਹੀਆਂ ਤਾਂ ਇਨ੍ਹਾਂ ਨੇ



ਆਪਣੇ ਸੁਭਾਅ ਅਨੁਸਾਰ ਸਵਰਗ ਨੂੰ ਵੀ ਨਰਕ ਬਣਾ ਦੇਣਾ ਹੈ।

ਪਤਾ ਨਹੀਂ, ਜਦ ਤੋਂ ਸੰਸਾਰ ਬਣਿਆ, ਹਰ ਸੱਸ ਨੂੰਹ ਬਣੀ ਤੇ ਹਰ ਨੂੰਹ ਨੇ ਸੱਸ ਬਣਨਾ ਹੈ ਪਰ ਇਨ੍ਹਾਂ ਦਾ ਆਪਸੀ ਤਕਰਾਰ ਤੇ ਵੈਰ ਨਾ ਅੱਜ ਤੱਕ ਮੁੱਕਿਆ ਹੈ ਅਤੇ ਨਾ ਮੁੱਕਣਾ ਹੀ ਹੈ ਪਰ ਨਿਰਾਸ਼ ਹੋਣ ਦੀ ਲੋੜ ਨਹੀਂ ਜੇ ਨੂੰਹ-ਸੱਸ, ਪਤੀ-ਸਹੁਰਾ, ਸਤਿਗੁਰੂ ਰਾਮਦਾਸ ਜੀ ਦੇ ਪਾਵਨ ਉਪਦੇਸ਼, ''[1]**ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ** ਅਤੇ **ਗੁਰੁ ਪੂਰਾ ਆਰਾਧਹੁ**'' ਦੇ ਮਾਰਗ ਤੇ ਚਲ ਕੇ ''[2]**ਹਉਮੈ ਮੈਲੁ ਗਵਾਇਆ**'', ਦਾ ਕਾਰਜ ਕਰ ਲੈਣ ਤੇ ''[3]**ਨਿਰਮਲੁ ਭਉ**'' ਨੂੰ ਆਪਣਾ ਜੀਵਨ ਧੁਰਾ ਬਣਾ ਕੇ ਸਾਰਿਆਂ ਵਿੱਚ ''**ਹਰਿ ਵੇਖੈ ਰਾਮੁ ਹਦੂਰੇ**'' ਦੀ ਦ੍ਰਿਸ਼ਟੀ ਧਾਰਨ ਕਰ ਲੈਣ ਤੇ ਯਤਨ ਕਰਕੇ, [4]**ਸੰਤ ਜਨਾ ਹਰਿ ਮੇਲੁ** ਦਾ ਸੁਭਾਗ ਬਨਾਉਣ, ਫਿਰ ਸਤਿਗੁਰੂ ਜੀ ਇਨ੍ਹਾਂ ਗੁਣਾਂ ਤੇ ਤੁੱਠ ਕੇ [5]**ਮਨਿ ਸਹਜੁ ਭਇਆ ਹਰਿ ਪਾਇਆ** ਦੀ ਦਾਤ ਬਖਸ਼ਿਸ਼ ਕਰ ਦੇਣਗੇ। ਸਹਿਜ ਦਾ ਧਾਰਨੀ ਸੰਸਾਰ ਤੋਂ ਨਿਰਲੇਪ, ''**ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ**'' ਦੇ ਮਾਰਗ ਉਪਰ ਚਲ ਕੇ, ਸੰਸਾਰ ਅੰਦਰ ਸਾਰਾ ਝਗੜਾ ਖਤਮ ਕਰ ਲੈਂਦਾ ਹੈ। ਉਹ ਤਾਂ ''**ਮੰਦਾ ਕਿਸੈ ਨ ਆਖਿ ਝਗੜਾ ਪਾਵਣਾ**'' ਦੇ ਦੋਸ਼ ਤੋਂ ਹਮੇਸ਼ਾ ਮੁਕਤ ਹੋ ਜਾਂਦਾ ਹੈ।

ਇਹ ਤਦ ਹੀ ਸੰਭਵ ਹੈ ਜੇ ਅਸੀਂ ਸਾਰੇ ਜਾਂਈ, ਮਾਵੀਂ ਗੁਰੂ ਹਜ਼ੂਰੀ ਅੰਦਰ ਬੈਠ, ਸਤਿਗੁਰੂ ਰਾਮਦਾਸ ਜੀ ਦੇ ਜੀਵਨ ਸੇਧ ਦੇਣ ਵਾਲੇ ਪਾਵਨ ਬਚਨਾਂ ਨੂੰ, ਜੋ ਲਾਵਾਂ ਵਿੱਚ ਦਰਜ ਹਨ, ਸ੍ਰਵਣ ਕਰਕੇ ਉਨ੍ਹਾਂ ਨੂੰ ਆਪਣਾ ਜੀਵਨ ਧੁਰਾ ਬਣਾ ਲਈਏ। ਪਰ ਬਦ-ਕਿਸਮਤੀ ਦੀ ਗੱਲ ਇਹ ਹੈ ਕਿ ਅਸੀਂ ਸਾਰਿਆਂ ਨੇ ਲਾਵਾਂ ਦੀ ਬਾਣੀ ਨੂੰ

---

1. ਆਪੋ ਆਪਣੀ ਹੱਦਬੰਦੀ ਵਿੱਚ ਰਹਿ ਕੇ ਆਪਣੇ ਫਰਜਾਂ ਦੀ ਪੂਰਤੀ ਕਰਨ, ਗੁਰੂ ਉਪਦੇਸ਼ ਨੂੰ ਆਪਣਾ ਜੀਵਨ ਆਗੂ ਸਵੀਕਾਰ ਕਰਨ ਤੇ ਪਰਮੇਸ਼ਰ ਦੀ ਬੰਦਗੀ ਕਰਨ। 2. ਇਸ ਤਰ੍ਹਾਂ ਕਰਨ ਨਾਲ ਹੰਕਾਰ ਦੂਰ ਹੋ ਜਾਵੇਗਾ, ਝਗੜਾ ਸਾਰਾ ਹੰਕਾਰ ਕਰਕੇ ਹੀ ਹੈ। 3. ਨੂੰਹ-ਸੰਸ, ਪੁੱਤਰ, ਪਿਤਾ ਆਪਸੀ ਨਿਰਮਲ ਭਉ ਵਿੱਚ ਵਿਚਰਨ '' **ਨਿਰਮਲੁ ਭਉ**'' ਦੀ ਵਿਆਖਿਆ ਦੂਸਰੀ ਲਾਵ ਦੇ ਵਿੱਚ ਕੀਤੀ ਗਈ ਹੈ। ਫਿਰ ਸਾਰਾ ਪ੍ਰਵਾਰ ਹੀ ਪ੍ਰਭੂ ਪ੍ਰਵਾਰ ਦਿਸੇਗਾ ਫਿਰ ਤਾਂ ''**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ**' ਦੀ ਦ੍ਰਿਸ਼ਟੀ ਪ੍ਰਗਟ ਹੋ ਜਾਵੇਗੀ। 4.ਯਤਨ ਕਰਕੇ ਸੰਗਤ ਵਿੱਚ ਜਰੂਰ ਜਾਣਾ ''**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ**'' 5. ਸਤ ਸੰਗਤ ਕਰਦਿਆਂ ਸਤਿਗੁਰੂ ਸਹਿਜ ਅਵਸਥਾ ਦੀ ਦਾਤ ਪ੍ਰਦਾਨ ਕਰ ਦੇਣਗੇ ਸਹਿਜ ਵਿਚ ਤਾਂ ''**ਨਾ ਕੋ ਮੂਰਖੁ ਨਾ ਕੋ ਸਿਆਣਾ॥ ਵਰਤੈ ਸਭ ਕਿਛੁ ਤੇਰਾ ਭਾਣਾ॥** ਅਥਵਾ- ''**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥**, ਦਾ ਉਪਦੇਸ਼ ਮਾਰਗ ਦਰਸ਼ਨਾਂਉਂਦਾ ਹੈ ਅਤੇ ਸਭ ਝਗੜੇ ਝਾਂਜੇ ਖਤਮ ਹੋ ਜਾਂਦੇ ਹਨ।

ਗ੍ਰਹਿਸਤ ਵਿੱਚ ਪ੍ਰਵੇਸ਼ ਕਰਨ ਲਈ ਇੱਕ ਧਾਰਮਿਕ ਮੋਹਰ ਲਵਾਉਣ ਤਕ ਹੀ ਸੀਮਤ ਕਰ ਛੱਡਿਆ ਹੈ। ਜਿਸ ਕਾਰਣ ਇਹ ਸਾਰਾ ਬਿਖਾਧ ਤੇ ਝਗੜਾ ਚਲਦਾ ਹੈ ਤੇ ਉਨਾਂ ਚਿਰ ਚਲਦਾ ਹੀ ਰਹਿਣਾ ਹੈ, ਜਿੰਨਾ ਚਿਰ ਅਸੀਂ ਲਾਵਾਂ ਦੇ ਉਪਦੇਸ਼ ਨੂੰ ਗ੍ਰਹਿਸਤ ਵਿੱਚ ਪ੍ਰਵੇਸ਼ ਲਈ ਧਾਰਮਿਕ ਮੋਹਰ ਤੱਕ ਹੀ ਮਹਿਦੂਦ ਨਾ ਰੱਖਕੇ, ਇਨ੍ਹਾਂ ਲਾਵਾਂ ਨੂੰ ਸਫਲ ਗ੍ਰਹਿਸਤ ਜਿਊਣ ਦਾ ਗੁਰੂ-ਉਪਦੇਸ਼ ਨਾ ਮੰਨਿਆ। ਜੋ ਮੰਨ ਲਵੇਗਾ ਉਸ ਦੇ ਗ੍ਰਹਿਸਤ-ਜੀਵਨ ਦੀ ਨਈਆਂ ਸੁਖੈਨ ਹੀ ਸੰਸਾਰ ਦੇ ਪਾਣੀ-ਚਿੱਕੜ ਦੀ ਦਲਦਲ ਵਿੱਚੋਂ ਬਚ ਕੇ ਪਾਰ ਲਗ ਜਾਵੇਗੀ। ਗੁਰੂ ਉਪਦੇਸ਼ ਦੀ ਬਦੌਲਤ ਉਸ ਦਾ ਘਰ, ਘਰ ਹੀ ਬਣਿਆ ਰਹੇਗਾ, ਘਰ ਨਰਕ ਨਹੀਂ ਬਣੇਗਾ।

ਇਸੇ ਆਸ਼ੇ ਨੂੰ ਮੁੱਖ ਰੱਖਕੇ ਕਿ ਘਰ, ਘਰ ਹੀ ਬਣੇ ਰਹਿਣ, ਘਰ ਨਰਕਾਂ ਦਾ ਰੂਪ ਨ ਧਾਰਨ, ਸਤਿਗੁਰੂ ਰਾਮਦਾਸ ਜੀ ਦੇ ਮੁਖਾਰਬਿੰਦ ਚੋਂ ਉਚਾਰਨ ਕੀਤੀ ਲਾਵਾਂ ਦੀ ਪਾਵਨ ਬਾਣੀ ਦੇ ਸੰਖੇਪ ਤੇ ਸਰਲ ਅਰਥ ਕਰਨ ਦਾ ਇੱਕ ਛੋਟਾ ਜਿਹਾ ਉਪਰਾਲਾ ਕੀਤਾ ਹੈ। ਜਿਸ ਵਿੱਚ ਗੁਰਬਾਣੀ ਦੇ ਭਾਵ ਅਰਥ ਸਪਸ਼ਟ ਕਰਨ ਵਾਸਤੇ ਸਾਖੀਆਂ ਦਾ ਵੀ ਸਹਾਰਾ ਲਿਆ ਹੈ ਤਾਂ ਜੋ ਗੁਰੂ ਆਸ਼ਾ ਸਪਸ਼ਟ ਹੋ ਸਕੇ। ਇਨ੍ਹਾਂ ਗੁਰੂ ਉਪਦੇਸ਼ਾਂ ਨੂੰ ਪੜ੍ਹ ਸੁਣ ਕੇ ਜੇ ਕਿਸੇ ਵੀ ਪ੍ਰਵਾਰ ਦਾ ਆਪਣਾ ਜੀਵਨ ਨਰਕ ਦਾ ਰੂਪ ਬਣਨ ਤੋਂ ਬਚ ਜਾਵੇ ਤਾਂ ਉਪਰਾਲਾ ਸਫਲ ਸਮਝਿਆ ਜਾਵੇਗਾ। ਜੋ ਗੁਰੂ ਆਸ਼ੇ ਅਨੁਸਾਰ ਲਿਖਿਆ ਹੈ, ਉਹ ਹੀ ਗੁਰਬਾਣੀ ਦੇ ਅਰਥ ਹਨ, ਜੇ ਕਿਤੇ ਮਨ ਦੀ ਮੱਤ ਗੁਰਬਾਣੀ ਅਰਥਾਂ ਉਪਰ ਭਾਰੂ ਹੋ ਗਈ ਹੋਵੇ, ਉਸ ਨੂੰ ਦਾਸ ਦੀ ਨਿੱਜੀ ਭੁੱਲ ਜਾਣ ਦੇ ਖਿਮਾਂ ਕਰ ਦੇਣਾ, ਅਰਦਾਸ ਕਰਨੀ **ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ** ਅਥਵਾ **ਗੁਰੁ ਪੂਰਾ ਆਰਾਧਹੁ** ਦਾ ਗੁਰੂ-ਉਪਦੇਸ਼ ਦਾਸ ਦੇ ਜੀਵਨ ਦਾ ਅਧਾਰ ਬਣ ਜਾਵੇ। **ਸੰਤ ਜਨਾ ਹਰਿ ਮੇਲੁ** ਦੀ ਬਰਕਤ ਨਾਲ **ਹਉਮੈ ਮੈਲੁ ਗਵਾਇਆ** ਦੀ ਬਖਸ਼ਿਸ ਪ੍ਰਾਪਤ ਹੋ ਕੇ **ਮਨਿ ਸਹਜੁ ਭਇਆ ਹਰਿ ਪਾਇਆ** ਦੀਆਂ ਰਹਿਮਤਾਂ ਸਤਿਗੁਰੂ ਪ੍ਰਦਾਨ ਕਰ ਦੇਣ ਜੀ।

ਗੁਰੂ ਪੰਥ ਦਾ ਦਾਸ
**ਸੇਵਾ ਸਿੰਘ (ਸੰਤ)**
ਗੁਰਦੁਆਰਾ ਰਾਮਪੁਰ ਖੇੜਾ
ਡਾ. ਗੜ੍ਹਦੀਵਾਲਾ,
ਜ਼ਿਲ੍ਹਾ: ਹੁਸ਼ਿਆਰਪੁਰ–144207
ਮਿਤੀ 14 ਫਰਵਰੀ 2014
ਫੋਨ : 01886-260334



# ਸੰਸਾਰ ਰਚਨਾ

ਪਰਮਾਤਮਾਂ ਵਲੋਂ ਬਣਾਈ ਕਾਇਨਾਤ ਅਤੇ ਉਸ ਨੂੰ ਚਲਾਉਣ ਦੇ ਪੂਰਨ ਨਿਜ਼ਾਮ ਨੂੰ ਵੇਖ ਸਿਰ ਝੁਕਾ ਕੇ ਗੁਰੂ ਰਾਮਦਾਸ ਸਾਹਿਬ ਜੀ ਦਾ ਫੁਰਮਾਨ ਹੀ ਪੜ੍ਹਨਾ ਪੈਂਦਾ ਹੈ ਕਿ ਦਾਤਾ !

ਅਨਿਕ ਜਤਨ ਕਰਿ ਰਹੇ ਹਰਿ ਅੰਤੁ ਨਾਹੀ ਪਾਇਆ॥
ਹਰਿ ਅਗਮ ਅਗਮ ਅਗਾਧਿ ਬੋਧਿ ਆਦੇਸੁ[1] ਹਰਿ ਪ੍ਰਭਿ ਰਾਇਆ॥
ਮ: ੪, ਪੰਨਾ ੯੮੪

ਤਥਾ:- [1]**ਆਦੇਸੁ ਤਿਸੈ ਆਦੇਸੁ ।।**

*ਜਪੁਜੀ, ਪੰਨਾ ੭*

ਕੁਦਰਤ ਦੀ ਅਨੇਕਤਾ ਦੇ ਅੰਦਰ ਏਕਤਾ ਵੇਖ-ਸੁਣ ਕੇ ਆ-ਮੁਹਾਰੇ ਸਤਿਗੁਰੂ ਦੇ ਫੁਰਮਾਨ ਮੂੰਹ ਚੋਂ ਨਿਕਲ ਜਾਂਦੇ ਹਨ। ਦਾਤਿਆ :–

[2]**ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ।।**
**ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ।।**
**ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ।।**
**ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ।।**

*ਮ: ੫, ਪਉੜੀ, ਪੰਨਾ ੫੨੧*

ਪਰਮਾਤਮਾਂ ਇੱਕ ਹੈ। ਇਹ ਜੋ ਸੰਸਾਰ ਦੇ ਰੂਪ ਵਿੱਚ ਅਨੇਕਤਾ ਵਿਖਾਈ ਦੇ ਰਹੀ ਹੈ, ਇਹ ਅਨੇਕਤਾ ਦਾ ਸਾਰਾ ਪਸਾਰਾ ਇੱਕ ਦਾ ਹੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਾਵਨ ਬਚਨ ਹਨ **'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।'** ਪਰਮਾਤਮਾ ਨੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ, ਚਾਹੇ ਉਹ ਇਸਤਰੀ

1. ਨਮਸਕਾਰ ਹੈ।

2. ਹੇ ਪ੍ਰਮਾਤਮਾਂ ! ਜੋ ਤੂੰ ਕੰਮ ਕੀਤੇ ਹਨ, ਇਹ ਤੂੰ ਆਪ ਹੀ ਕਰ ਸਕਦਾ ਹੈਂ। ਹੇ ਪ੍ਰਮਾਤਮਾਂ! ਸੰਸਾਰ ਵਿੱਚ ਉਹ ਕੁਝ ਹੀ ਹੋ ਰਿਹਾ ਹੈ, ਜੋ ਕਰਨ ਵਾਸਤੇ ਤੂੰ ਧੁਰ ਤੋਂ ਹੁਕਮ ਕਰਦਾ ਹੈ। ਹੇ ਪ੍ਰਭੂ ! ਤੇਰੀ ਅਸਚਰਜ ਕੁਦਰਤ ਵੇਖ ਕੇ ਹਰ ਪ੍ਰਾਣੀ ਹੈਰਾਨ ਹੁੰਦਾ ਹੈ। ਤੇਰੇ ਦਾਸ ਇਸ ਅਸਚਰਜਤਾ ਨੂੰ ਵੇਖ ਕੇ ਤੇਰੀ ਸ਼ਰਨ ਵਿੱਚ ਪੈ ਕੇ ਪੁਕਾਰਦੇ ਹਨ ਹੇ ਮਾਲਕ ! ਕ੍ਰਿਪਾ ਕਰਕੇ ਮੇਰੀ ਅਨੇਕਤਾ ਦੀ ਦ੍ਰਿਸ਼ਟੀ ਵਿਚੋਂ ਬੰਦ ਖਲਾਸੀ ਕਰ।

ਹੈ, ਜਾਂ ਪੁਰਸ਼ ਜਾਮਾ ਹੈ। ਸਾਰਿਆਂ ਨੂੰ ਪੰਜਾਂ ਤੱਤਾਂ ਦੀ ਮਿੱਟੀ ਨਾਲ ਸਿਰਜਿਆ ਹੈ ਤੇ ਸਭਨਾਂ ਅੰਦਰ ਆਪਣੀ ਅੰਸ਼ (ਆਤਮਾਂ)ਵੀ ਇੱਕੋ ਜਿਹੀ ਹੀ ਪਾਈ ਹੈ। ਐਸਾ ਨਹੀਂ ਕਿ ਪੁਰਸ਼ ਵਿੱਚ ਪਰਮਾਤਮਾਂ ਦੀ ਅੰਸ਼ ਜਿਆਦਾ ਜਾਂ ਵੱਖਰੀ ਹੈ। ਇਸਤ੍ਰੀ ਵਿੱਚ ਪਰਮਾਤਮਾਂ ਦੀ ਅੰਸ਼ ਘੱਟ ਜਾਂ ਕਿਸੇ ਹੋਰ ਪ੍ਰਕਾਰ ਦੀ ਹੈ। ਪਰਮਾਤਮਾਂ ਨੇ ਸੰਸਾਰ ਦੀ ਉਤਪਤੀ ਖੇਡ ਨੂੰ ਚਾਲੂ ਰਖਣ ਵਾਸਤੇ, ਇਸਤ੍ਰੀ ਪੁਰਸ਼ ਦੇ ਸਰੀਰਾਂ ਵਿੱਚ ਅੰਗਾਂ ਦੀ ਭਿੰਨਤਾ ਰੱਖੀ ਹੈ। ਨਿਰਾ ਇਸਤ੍ਰੀ ਪੁਰਸ਼ ਜਾਤੀ ਵਿੱਚ ਹੀ ਨਹੀਂ ਸਗੋਂ ਚੌਰਾਸੀ ਲੱਖ ਜੂਨਾਂ ਵਿੱਚ ਨਰ ਤੇ ਨਾਰੀ ਦੀ ਵਿਭਿੰਨਤਾ ਕੀਤੀ ਹੈ, ਤਾਂ ਜੋ ਸਹਿਜ ਵਿੱਚ ਹੀ ਸੰਸਾਰ ਦੀ ਖੇਡ ਚਾਲੂ ਰਹੇ। ਇਹ ਪ੍ਰਮਾਤਮਾਂ ਦੀ ਆਪਣੀ ਮਹਾਨਤਾ ਤੇ ਵਡਿਆਈ ਹੈ।

ਜੇ ਪਰਮਾਤਮਾਂ, ਇਸਤਰੀ-ਪੁਰਸ਼ ਵਿੱਚ ਸਰੀਰਾਂ ਦੀ ਭਿੰਨਤਾ ਨਾ ਪਾਉਂਦਾ ਤਾਂ ਸੌ-ਸਵਾ-ਸੌ ਸਾਲ ਤੋਂ ਬਾਅਦ ਸਾਰੀ ਧਰਤੀ ਮਨੁੱਖ ਜੂਨ ਤੋਂ ਖਾਲੀ ਹੋ ਜਾਣੀ ਸੀ। ਪਸ਼ੂ ਜੂਨਾਂ ਨੇ ਵੀ ਆਪਣੀਆਂ ਉਮਰਾਂ ਪੂਰੀਆਂ ਕਰ ਕੇ ਇਸ ਸੰਸਾਰ ਤੋਂ ਤੁਰ ਜਾਣਾ ਸੀ। ਅਗਾਂਹ ਸੰਸਾਰ ਦੀ ਉਤਪਤੀ ਦਾ ਸਾਧਨ ਨਾ ਹੋਣ ਕਰਕੇ ਸਾਰੀ ਧਰਤੀ ਨੇ ਸੁੰਨ-ਸਾਨ ਦਾ ਰੂਪ ਧਾਰਨ ਕਰ ਜਾਣਾ ਸੀ।



# ਗ੍ਰਹਿਸਤ ਧਰਮ

ਇੱਕ ਮਨੁੱਖ ਜੂਨ ਨੂੰ ਛੱਡ ਕੇ ਬਾਕੀ ਸਾਰੀਆਂ ਜੂਨਾਂ ਗਿਆਨ ਵਿਹੂਣੀਆਂ ਜੂਨਾਂ ਹਨ। ਇਨ੍ਹਾਂ ਜੂਨਾਂ ਨੂੰ ਪਰਮਾਤਮਾਂ ਨੇ ਕੇਵਲ ਆਪਣੇ ਸਰੀਰ ਨੂੰ ਜੀਵਤ ਰੱਖਣ ਤੱਕ ਦਾ ਸੀਮਤ ਗਿਆਨ ਪ੍ਰਦਾਨ ਕੀਤਾ ਹੈ। ਇਨ੍ਹਾਂ ਜੂਨਾਂ ਨੂੰ ਨਾਂ ਸਮਾਜ ਦਾ, ਨਾਂ ਸਰਕਾਰ ਦਾ ਅਤੇ ਨਾਂ ਹੀ ਨਿਰੰਕਾਰ ਦਾ ਡਰ ਹੈ। ਇਨ੍ਹਾਂ ਜੂਨਾਂ ਵਿੱਚ ਧਿੰਗੋਜ਼ੋਰੀ ਚਲਦੀ ਹੈ, ਜਿਸ ਦੀ ਸੰਸਾਰ ਅੰਦਰ ਕੋਈ ਦਾਦ ਫਰਿਆਦ, ਇਨਸਾਫ ਜਾਂ ਸਜ਼ਾ ਨਹੀਂ ਹੈ।

ਮਨੁੱਖ ਨੂੰ ਪਰਮਾਤਮਾਂ ਨੇ ਗਿਆਨ ਦੀ ਦਾਤ ਪ੍ਰਦਾਨ ਕੀਤੀ ਹੈ। ਇਸ ਲਈ ਦਾਨਿਆਂ ਨੇ ਮਨੁੱਖ ਜੂਨ ਲਈ ਸਮਾਜ ਦੇ ਕਾਨੂੰਨ ਵੀ ਬਣਾਏ ਹਨ ਅਤੇ ਕਿਸੇ ਨਾਲ ਧਿੰਗੋਜ਼ੋਰੀ ਜਾਂ ਵਾਧਾ ਨਾ ਹੋਵੇ, ਸਰਕਾਰ ਨੇ ਵੀ ਮਨੁੱਖਾਂ ਲਈ ਕਾਨੂੰਨ ਬਣਾ ਕੇ ਉਸ ਦੀ ਪਾਲਣਾ ਲਈ ਪੁਲਸ ਤੇ ਨਿਆਂਪਾਲਕਾਵਾਂ ਸਥਾਪਤ ਕੀਤੀਆਂ ਹਨ। ਮਨੁੱਖਾ-ਜਨਮ ਦਾ ਇਸ ਸੰਸਾਰ ਵਿੱਚ ਆਮਦ ਦਾ ਜੋ ਅਸਲੀ ਮਕਸਦ ਹੈ, ਉਸ ਨੂੰ ਪੂਰਾ ਕਰਨ ਤੇ ਉਸ ਮਕਸਦ ਵਿੱਚ ਮਨੁੱਖ ਨੂੰ ਸਫਲਤਾ ਪ੍ਰਦਾਨ ਕਰਨ ਵਾਸਤੇ ਸਮੇਂ ਸਮੇਂ ਪਰਮਾਤਮਾਂ ਨੇ, ਪੈਗੰਬਰਾਂ, ਭਗਤਾਂ, ਤੇ ਗੁਰੂਆਂ ਨੂੰ ਇਸ ਸੰਸਾਰ ਵਿੱਚ ਮਨੁੱਖੀ ਜਾਮਾਂ ਪ੍ਰਦਾਨ ਕਰਕੇ ਪਰਮਾਰਥ ਦੇ ਅਸੂਲਾਂ ਦਾ ਧਰਮ-ਗ੍ਰੰਥਾਂ ਦੁਆਰਾ ਗਿਆਨ ਬਖਸ਼ਿਸ਼ ਕੀਤਾ ਹੈ।

ਸਾਡੇ ਪੁਰਖਿਆਂ ਨੇ ਮਨੁੱਖਾ ਜੂਨ ਵਿੱਚ ਧਿੰਗੋਜ਼ੋਰੀ ਨੂੰ ਨੱਥ ਪਾਉਣ ਅਤੇ ਸੰਸਾਰ ਤੇ ਸਮਾਜ ਦੀ ਉਤਪਤੀ ਨਿਯਮ ਨੂੰ ਸਹਿਲੇ ਤਰੀਕੇ ਨਾਲ, ਚਾਲੂ ਰੱਖਣ ਵਾਸਤੇ ਸਮਾਜਿਕ ਕਾਨੂੰਨ ਹੇਠ ਵੱਖ-ਵੱਖ ਧਰਮਾਂ ਨੇ, ਆਪੋ ਆਪਣੇ ਧਰਮ ਨਿਯਮ ਬਣਾਏ ਜਿਸ ਨੂੰ ਕਿਸੇ ਨੇ ਵਿਆਹ, ਕਿਸੇ ਨੇ ਨਿਕਾਹ ਅਤੇ ਕਿਸੇ ਨੇ ਆਸ਼ਰਮ ਦਾ ਨਾਉਂ ਦਿੱਤਾ। ਸਿੱਖ ਧਰਮ ਨੇ ਇਸ ਰਸਮ ਨੂੰ ''ਅਨੰਦ-ਕਾਰਜ'' ਦਾ ਨਾਉਂ ਪ੍ਰਦਾਨ ਕੀਤਾ ਹੈ। ਅਨੰਦ ਕਾਰਜ ਦੀ ਮਰਯਾਦਾ ਉਪ੍ਰੰਤ ਦੋਵਾਂ ਜੀਵਾਂ (ਇਸਤ੍ਰੀ ਤੇ ਭਰਤਾ) ਨੇ ਕੁਦਰਤੀ ਨਿਯਮ ਅਨੁਸਾਰ, ਸੀਮਤ ਸੀਮਾਂ ਵਿੱਚ ਰਹਿ ਕੇ, ਸੰਸਾਰ ਦੇ ਉਤਪਤੀ ਕਾਨੂੰਨ ਦੀ ਪਾਲਣਾ ਕਰਨੀ ਹੈ।

# ਸੁਖੀ ਜੀਵਨ ਜਿਊਣ ਵਾਸਤੇ ਕਿਰਤ ਕਰੋ

ਇਸਤ੍ਰੀ-ਭਰਤਾ ਨੇ ਆਪਸੀ ਪਿਆਰ-ਪ੍ਰੇਮ ਦੇ ਵਰਤਾਰੇ ਵਿੱਚ, ਆਪਣੇ ਆਪ ਨੂੰ ਸੰਮਿਲਤ ਕਰਕੇ, ਆਪਣੇ ਅਤੇ ਆਪਣੇ ਪ੍ਰਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਕਿਰਤ ਕਰਨੀ ਹੈ। ਕਿਰਤ ਕਰਾਂਗੇ ਸੰਸਾਰ ਅੰਦਰ ਸਰੀਰ ਦੀਆਂ ਲੋੜਾਂ ਜਿਨ੍ਹਾਂ ਨੂੰ ਸਿਆਣਿਆਂ ਨੇ [1]ਕੁੱਲੀ, [2]ਗੁੱਲੀ, [3]ਜੁੱਲੀ ਦਾ ਨਾਉਂ ਦਿੱਤਾ ਹੈ, ਉਹ ਸਹਿਜੇ ਹੀ ਪੂਰੀਆਂ ਹੋਣਗੀਆ। ਜੇ ਕਿਰਤ ਨਾਂ ਕਰਾਂਗੇ, ਇਨ੍ਹਾਂ ਦੀ ਪੂਰਤੀ ਲਈ ਮਨੁੱਖ ਨੂੰ ਚੋਰੀ-ਧਾੜਾ ਕਰਨਾ ਪਵੇਗਾ ਜਾਂ ਫਿਰ ਕਿਸੇ ਅੱਗੇ ਹੱਥ ਅੱਡ ਕੇ ਮੰਗਣਾ ਪਵੇਗਾ। ਇਹ ਦੋਵੇਂ ਕਰਮ ਹੀ ਸਮਾਜ ਵਿੱਚ ਤੇ ਗੁਰਮਤਿ ਵਿੱਚ ਵਿਵਰਜਿਤ ਹਨ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਦ੍ਰਿਸ਼ਟੀ ਵਿੱਚ ਚੋਰੀ-ਧਾੜਾ ਕਰਨ ਵਾਲਾ ਭਾਵੇਂ ਸੁਹਣੇ ਸੁੰਦਰ ਸਰੂਪ ਵਾਲਾ ਹੋਵੇ, ਭਾਵੇਂ ਚੰਗੀ ਸਿਆਣੀ ਅਕਲ ਦਾ ਮਾਲਕ ਹੋਵੇ, ਪਰ ਚੋਰੀ ਧਾੜੇ ਦਾ ਖੋਟਾ ਕਰਮ ਕਰਨ ਕਾਰਣ ਉਸ ਨੂੰ ਹਰ ਥਾਂ ਖੋਟਾ (ਭੈੜਾ) ਹੀ ਕਿਹਾ ਜਾਂਦਾ ਹੈ। ਉਸ ਦਾ ਸੰਸਾਰ ਵਿੱਚ ਅਤੇ ਨਿਰੰਕਾਰ ਦੀ ਦਰਗਾਹ ਵਿੱਚ ਦੋ ਕੌਡੀਆਂ ਵੀ ਮੁੱਲ ਨਹੀਂ ਪੈਂਦਾ। ਚੋਰੀ ਧਾੜਾ ਕਰਨ ਵਾਲੇ ਮਨੁੱਖ ਦੀ ਨਾ ਇਸ ਸੰਸਾਰ ਵਿੱਚ ਕੋਈ ਜਾਮਨੀ ਭਰਦਾ ਹੈ ਅਤੇ ਨਾ ਹੀ ਉਸ ਦੀ ਗੁਰੂ, ਦਰਗਾਹ ਵਿੱਚ ਸ਼ਾਹਦੀ ਦਿੰਦਾ ਹੈ। ਸਤਿਗੁਰੂ ਦਾ ਫੁਰਮਾਨ ਹੈ–

**ਚੋਰੁ ਸੁਆਲਿਉ ਚੋਰੁ ਸਿਆਣਾ।। ਖੋਟੇ ਕਾ ਮੁਲੁ ਏਕੁ ਦੁਗਾਣਾ।।**
**ਚੋਰ ਕੀ ਹਾਮਾ ਭਰੇ ਨ ਕੋਇ।। ਚੋਰੁ ਕੀਆ ਚੰਗਾ ਕਿਉ ਹੋਇ।।੧।।**

*ਧਨਾਸਰੀ ਮ: ੧, ਪੰਨਾ ੬੬੨*

ਆਪਣੇ ਸਰੀਰ ਦੀਆਂ ਲੋੜਾਂ ਦੀ ਪੂਰਤੀ ਵਾਸਤੇ ਕਿਸੇ ਅੱਗੇ ਹੱਥ ਅੱਡਣ ਨੂੰ ਵੀ ਗੁਰਮਤਿ ਨੇ ਪ੍ਰਵਾਨ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਾਬਾ ਫਰੀਦ ਜੀ ਦਾ ਬੜਾ ਸੁੰਦਰ ਫੁਰਮਾਨ ਹੈ। ਆਪ ਅਰਦਾਸ ਕਰਦੇ ਹਨ ਹੇ ਅੱਲਾ ਤਾਲ੍ਹਾ! ਤੂੰ ਮੈਨੂੰ ਆਪਣੇ ਸਰੀਰ ਦੀਆਂ ਲੋੜਾਂ ਦੀ ਪੂਰਤੀ ਲਈ ਕਿਸੇ ਦਾ ਮੁਥਾਜ ਨਾ ਕਰੀਂ। ਜਿਸ

1. ਰਹਿਣ ਵਾਸਤੇ ਮਕਾਨ 2. ਪੇਟ ਦੇ ਅਹਾਰ ਵਾਸਤੇ ਰੋਟੀ 3. ਨੰਗੇਜ਼ ਢੱਕਣ ਤੇ ਗਰਮੀ ਸਰਦੀ ਤੋਂ ਬਚਾਉ ਲਈ ਕੱਪੜਾ।



ਦਿਨ ਮੈਨੂੰ ਕਿਸੇ ਦੇ ਦਰ ਉੱਤੇ ਜਾ ਕੇ ਹੱਥ ਅੱਡਣਾ ਪੈ ਜਾਵੇ ਉਸ ਦਿਨ ਤੂੰ ਮੇਰੇ ਸਰੀਰ ਵਿੱਚੋਂ ਜਿੰਦ ਹੀ ਕੱਢ ਲਵੀਂ। ਕਿਸੇ ਪਾਸੋਂ ਮੰਗਣ ਦੀ ਥਾਂ ਮੈਨੂੰ ਮੌਤ ਹੀ ਚੰਗੀ ਹੈ–

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।।**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।।੪੨।।**

*ਫਰੀਦ ਜੀ, ਪੰਨਾ ੧੩੮੦*

ਤੁਲਸੀ ਦਾਸ ਜੀ ਦਾ ਵੀ ਬਚਨ ਹੈ

**[1]ਤੁਲਸੀ ਕਰ ਪਰ ਕਰ ਧਰੋ, ਕਰ ਤਲ ਕਰ ਨ ਕਰੋ।।**
**ਜਾਂ ਦਿਨ ਕਰ ਤਲ ਕਰ ਕਰੋ, ਤਾ ਦਿਨ ਮਰਨ ਕਰੋ।।**

ਜੋ ਫਕੀਰੀ ਵੇਸ ਧਾਰਨ ਕਰ, ਵਿਹਲੜ ਬਣ ਕੇ ਘਰਾਂ ਘਰਾਂ ਵਿੱਚ ਮੰਗਤੇ ਬਣ ਕੇ ਮੰਗਦੇ ਤੇ ਨਾਲ ਹੀ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਹਨ, ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਜਿੱਥੇ ਉਨ੍ਹਾਂ ਨੂੰ ਲਾਹਣਤ ਪਾਈ ਹੈ, ਉਥੇ ਲੁਕਾਈ ਨੂੰ ਅਜਿਹੇ ਮਖੱਟੂਆਂ ਦੀ ਗੁਲਾਮੀ ਕਰਨ ਤੋਂ ਸੱਖਤੀ ਨਾਲ ਵਰਜਿਆ ਹੈ। ਆਪ ਜੀ ਦਾ ਸਾਰੰਗ ਰਾਗ ਵਿੱਚ ਫੁਰਮਾਨ ਹੈ–

**ਗੁਰੁ ਪੀਰੁ ਸਦਾਏ ਮੰਗਣ ਜਾਇ।। ਤਾ ਕੈ ਮੂਲਿ ਨ ਲਗੀਐ ਪਾਇ।।**

*ਮ: ੧, ਪੰਨਾ ੧੨੪੫*

ਦੂਸਰਾ, ਜੋ ਆਪਣੇ ਸਰੀਰ ਦੀਆਂ ਲੋੜਾਂ ਦੀ ਪੂਰਤੀ ਲਈ, ਕਿਸੇ ਅੱਗੇ ਹੱਥ ਅੱਡ ਕੇ ਮੰਗਦਾ ਹੈ, ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ, ਮੰਗਤੇ ਇਨਸਾਨ ਨੂੰ ਲੋਕ ਥਾਂ ਥਾਂ ਲਾਹਣਤਾਂ ਪਾਉਂਦੇ ਹਨ। ਕਿਸੇ ਅੱਗੇ ਹੱਥ ਕਰਕੇ ਮੰਗਣ ਵਾਲੇ ਇਨਸਾਨ ਨੂੰ ਸੰਸਾਰ ਅੰਦਰ ਭੋਰਾ ਜਿੰਨਾ ਵੀ ਮਾਣ-ਸਤਿਕਾਰ ਪ੍ਰਾਪਤ ਨਹੀਂ ਹੁੰਦਾ। ਆਪ ਜੀ ਦਾ ਰਾਮਕਲੀ ਰਾਗ ਅੰਦਰ ਬਚਨ ਦਰਜ਼ ਹੈ –

**ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।।**

*ਮ: ੧, ਪੰਨਾ ੮੭੮*

ਸਤਿਗੁਰੂ ਜੀ ਨੇ ਨਿਰਾ ਸਾਨੂੰ ਉਪਦੇਸ਼ ਹੀ ਨਹੀਂ ਦਿੱਤਾ ਸਗੋਂ ਆਪ ਜੀ ਨੇ ਖੁਦ ਸੁਲਤਾਨਪੁਰ ਮੋਦੀ ਖਾਨੇ ਦੀ ਨੌਕਰੀ ਕਰ ਕੇ ਕਿਰਤ ਕਰਨ ਦੀ ਜਾਚ ਸਿਖਾਈ। ਵਡੇਰੀ ਉਮਰ ਵਿੱਚ ਸਤਿਗੁਰਾਂ ਕਰਤਾਰਪੁਰ (ਪਾਕਿਸਤਾਨ) ਨੂੰ ਟਿਕਾਣਾ

1. ਹੇ ਪਰਮਾਤਮਾਂ! ਮੈਨੂੰ ਐਨੀ ਸਮਰੱਥਾ ਬਖਸ਼ਿਸ਼ ਕਰ ਮੈਂ ਕਿਸੇ ਦੀ ਲੋੜ ਪੂਰੀ ਕਰਨ ਵਾਸਤੇ ਲੋੜਵੰਦ ਦੇ ਹੱਥ ਉਪਰ, ਆਪਣਾ ਹੱਥ ਰੱਖ ਕੇ ਮੈਂ ਉਸ ਨੂੰ ਕੁਝ ਦੇਵਾਂ। ਪਰ ਜਦੋਂ ਮੈਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਿਸੇ ਦੇ ਹੱਥ ਹੇਠ ਹੱਥ ਰਖਣਾ ਪਵੇ, ਇਸ ਨਾਲੋਂ ਮੈਨੂੰ ਮੌਤ ਚੰਗੀ ਹੈ।

ਬਣਾ ਕੇ, ਸਵੇਰੇ ਸ਼ਾਮ ਪਰਮਾਤਮਾਂ ਦੀ ਕੀਰਤੀ ਕਰਕੇ ਕਰਤੇ ਨਾਲ ਜੁੜਨ ਦਾ ਵੱਲ ਸਿਖਾਇਆ ਤੇ ਸਾਰਾ ਦਿਨ ਸਿੱਖਾਂ ਸਮੇਤ ਖੇਤਾਂ ਵਿੱਚ ਆਪ ਹਲ ਵਾਹ, ਝੋਨਾ ਲਾ, ਕਣਕ ਬੀਜ ਕੇ ਪਾਣੀ ਲਾ, ਨਦੀਣ ਕੱਢ, ਗੋਡੀ ਕਰਕੇ ਕਿਰਤ ਕਰਨ ਦੇ ਖੁਦ ਪੂਰਨੇ ਵਾਹੇ। ਜਿਨ੍ਹਾਂ ਨੇ ਕਿਰਤ ਦਾ ਮਾਰਗ ਤਿਆਗ ਦਿੱਤਾ, ਉਨ੍ਹਾਂ ਨੂੰ ਸਰੀਰਕ ਲੋੜਾਂ ਦੀ ਪੂਰਤੀ ਲਈ ਮੁੜ ਉਨ੍ਹਾਂ ਗ੍ਰਹਿਸਤੀਆਂ ਤੇ ਕਿਰਤੀਆਂ ਦੇ ਘਰਾਂ ਅੱਗੇ ਜਾ ਕੇ ਭੀਖ ਮੰਗਣੀ ਪਈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਬਚਨ, ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਚਾਲਵੀਂ ਪੌੜੀ ਵਿੱਚ ਅੰਕਤ ਕੀਤਾ ਹੈ –

**ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।।**

*ਵਾਰ ੧, ਪਉੜੀ ੪੦*



# ਪਰਮਾਤਮਾ ਦਾ ਸੁਭਾਅ ਅਪਨਾਉਣ ਲਈ ਵੰਡ ਛਕੋ

ਪ੍ਰਮੇਸ਼ਰ ਨੇ ਸੰਸਾਰ ਇੱਕ ਪ੍ਰਵਾਰ ਬਣਾਇਆ ਹੈ। ਜਿਸ ਅੰਦਰ ਆਪੋ ਆਪਣੀ ਪ੍ਰਾਲਬਧ ਕਾਰਣ ਕਿਸੇ ਪਾਸ ਥੋੜ੍ਹਾ ਧਨ ਹੈ, ਕਿਸੇ ਪਾਸ ਬਹੁਤਾ। ਜਿਵੇਂ ਆਪਾਂ ਨਿਤ ਆਪਣੇ ਜੀਵਨ ਵਿੱਚ ਵੇਖਦੇ ਹਾਂ, ਜਿਸ ਪ੍ਰਵਾਰ ਦੇ ਸਾਰੇ ਜੀਵ ਆਪਸੀ ਭਾਈਚਾਰਕ ਸਾਂਝ ਪਾ ਕੇ ਇੱਕ ਦੂਜੇ ਦੀ ਮਦਦ ਕਰਕੇ, ਇੱਕ ਦੂਜੇ ਦੀ ਉੱਚੀ ਨੀਵੀਂ ਗੱਲ ਸਹਿ ਕੇ, ਪਰਿਵਾਰ ਵਿੱਚ ਵਿਚਰਦੇ ਹਨ ਉਹ ਆਪਣੇ ਘਰ ਨੂੰ ਸਵਰਗ ਬਣਾ ਕੇ ਸੁਖੀ ਜੀਵਨ ਬਤੀਤ ਕਰਦੇ ਹਨ। ਪਰ ਜਿਸ ਪ੍ਰਵਾਰ ਦੇ ਜੀਵ ਇੱਕ ਦੂਜੇ ਨਾਲ ਈਰਖਾ ਕਰ ਕੇ, ਦੂਈ ਦ੍ਵੈਤ ਦਾ ਸ਼ਿਕਾਰ ਹੋ, ਆਪਸੀ ਮਦਦ ਕਰਨ ਦੀ ਥਾਂ ਇੱਕ ਦੂਜੇ ਦੀ ਲੱਤ ਖਿਚਾਈ ਕਰਨ ਲੱਗ ਜਾਂਦੇ ਹਨ, ਉਸ ਘਰ ਵਿੱਚ ਸਭ ਕੁੱਝ ਹੁੰਦੇ-ਸਹੁੰਦੇ, ਉਸ ਘਰ ਦੇ ਜੀਵ ਨਰਕ ਸਮਾਨ ਜੀਵਨ ਭੋਗਦੇ ਹਨ। ਸਤਿਗੁਰੂ ਜੀ ਨੇ ''**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ**'' ਦਾ ਸਬਕ ਸਿਖਾਇਆ ਹੈ ਤਾਂ ਜੋ ਅਸੀਂ ਸਾਰੇ ਆਪਸੀ ਭਾਈਚਾਰਕ ਸਾਂਝ ਬਣਾ ਕੇ ਆਪਣੇ ਤੋਂ ਛੋਟੇ ਦੀ ਮਦਦ ਕਰ ਕੇ ਬਰਾਬਰ ਦੇ ਨਾਲ ਪਿਆਰ ਬਣਾ ਕੇ, ਅਤੇ ਆਪਣੇ ਤੋਂ ਵੱਡੇ ਦਾ ਸਤਿਕਾਰ ਕਰਕੇ, ਇੱਕ ਹਲੇਮੀ ਭਾਈਚਾਰੇ ਦਾ ਅਨੰਦ ਮਾਣ ਸਕੀਏ। ਇਹੋ ਜਿਹਾ ਹਲੇਮੀ ਪਰਵਾਰਿਕ ਭਾਈਚਾਰਾ ਬਨਾਉਣ ਲਈ ''ਦੇਣ ਬਿਰਤੀ'' ਬਨਾਉਣ ਦੀ ਲੋੜ ਹੈ। ਦੇਣ ਬਿਰਤੀ ਬਨਾਉਣ ਲਈ ਵੰਡ ਛੱਕਣ ਦਾ ਅਸੂਲ ਅਪਨਾਉਣਾ ਪਵੇਗਾ। ਜਿਨ੍ਹਾਂ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸੁਨਿਹਰੀ ਅਸੂਲ ''**ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ**''ਨੂੰ ਆਪਣੇ ਜੀਵਨ ਵਿੱਚ ਲਾਗੂ ਕਰ ਲਿਆ ਹੈ, ਉਨ੍ਹਾਂ ਨੂੰ ਅਸਲੀ ਜੀਵਨ ਦਾ ਅਨੰਦ ਹੀ ਵੱਖਰਾ ਆਉਣ ਲੱਗ ਪਿਆ। ਉਹ ਤਾਂ ਚਾਰ ਚਾਰ ਦਿਨ ਦੇ ਭੁੱਖੇ ਵੀ ਲੰਗਰ ਤਿਆਰ ਕਰਕੇ ਵੰਡ ਛਕਣ ਲਈ ਨਗਾਰੇ ਵਜਾ ਕੇ ਅਵਾਜ਼ਾਂ ਮਾਰਦੇ ਸਨ। ਵੰਡ ਛਕਣ ਵਾਲੀ ਪੰਗਤ ਵਿੱਚ ਉਨ੍ਹਾਂ ਦਾ ਦੁਸ਼ਮਣ ਵੀ ਆ ਕੇ ਬੈਠ ਜਾਵੇ, ਉਸ ਨੂੰ ਆਪਣਾ ਪਰਮ ਮਿੱਤ੍ਰ ਜਾਣ ਕੇ ਲੰਗਰ ਛਕਾ ਖੁਸ਼ ਹੁੰਦੇ ਸਨ–

**ਦੇਤ ਅਵਾਜਾ ਭੁਖਾ ਕੋਈ।। ਦੇਗ ਤਿਆਰ ਗੁਰੂ ਕੀ ਹੋਈ।।**
**ਉਸ ਸਮੇਂ ਵੈਰੀ ਕਿਮ ਆਵੈ।। ਪਰਮ ਮੀਤ ਮਸ ਤੋਹਿ ਛਕਾਵੈਂ।।**
**ਬਚੇ ਤਾਂ ਖੁਦ ਖਾ ਲੈ ਹੈ।। ਨਹੀਂ ਤੋ ਲੰਗਰ ਮਸਤ ਬਤੈ ਹੈ।।**

*ਪੰਥ ਪ੍ਰਕਾਸ਼ ਗਿ: ਗਿਆਨ ਸਿੰਘ*

ਕਿਰਤ ਕਮਾਈ ਕਰਕੇ, ਦੂਸਰੇ ਦੀ ਲੋੜ ਪੂਰੀ ਕਰਨ ਨਾਲ ਇੱਕ ਅਕਹਿ ਅਨੰਦ ਪ੍ਰਾਪਤ ਹੁੰਦਾ ਹੈ ਜੋ ਵੰਡ ਛਕਣ ਵਾਲਾ ਹੀ ਮਹਿਸੂਸ ਕਰ ਸਕਦਾ ਹੈ। ਕਿਉਂਕਿ ਜਿਸ ਲੋੜਵੰਦ ਦੀ ਲੋੜ ਪੂਰੀ ਹੁੰਦੀ ਹੈ, ਉਸ ਦੀ ਆਤਮਾ ਵਿੱਚੋਂ ਧੁਰ ਅੰਦਰੋਂ, ਲੋੜ ਪੂਰੀ ਕਰਤਾ ਪ੍ਰਤੀ ਅਸੀਸ ਨਿਕਲਦੀ ਹੈ, ਜੋ ਆਤਮਿਕ ਖੁਸ਼ੀ ਅਤੇ ਅਨੰਦ ਪ੍ਰਦਾਨ ਕਰਦੀ ਹੈ। ਦੂਸਰੇ, ਵੰਡ ਛਕਣ ਨਾਲ ''ਦੇਣ'' ਦਾ ਸੁਭਾਅ ਪਰਪੱਕ ਹੁੰਦਾ ਹੈ, ਕਿਉਂਕਿ ਪ੍ਰਮੇਸ਼ਰ ਦਾ ਸੁਭਾਅ ਦੇਣ ਦਾ ਹੈ। ਜਿੰਨਾਂ ਚਿਰ ਮਨੁੱਖ ਦੀ ਦੇਣ ਬਿਰਤੀ ਨਹੀਂ ਬਣਦੀ ਉਨ੍ਹਾਂ ਚਿਰ ਪ੍ਰਭੂ ਨਾਲ ਜੀਵ ਦੀ ਇੱਕ ਸੁਰਤਾ ਹੋਣੀ ਕਠਿਨ ਹੈ। ਪ੍ਰਭੂ ਦੇ ਸੁਭਾਅ ਬਾਰੇ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਲਿਖਿਆ ਹੈ– **ਦੇਦਾ ਦੇ ਲੈਦੇ ਥਕਿ ਪਾਹਿ।। ਜੁਗਾ ਜੁਗੰਤਰਿ ਖਾਹੀ ਖਾਹਿ।।** ਉਹ ਤਾਂ ''**ਵਡਾ ਦਾਤਾ ਤਿਲੁ ਨ ਤਮਾਇ**'' ਦੀ ਬਿਰਤੀ ਦਾ ਮਾਲਕ ਹੈ। ਜਿਹੜਾ ਮਨੁੱਖ ਕਿਰਤ ਕਰ, ਵੰਡ ਛਕਣ ਦੀ ਚਾਲੀ ਨੂੰ ਅਪਣਾ ਲੈਂਦਾ ਹੈ ਸਹਿਜੇ-ਸਹਿਜੇ ਉਸ ਦਾ ਵੀ ਦੇਣ ਸੁਭਾਅ ਬਣ ਜਾਂਦਾ ਹੈ ਜੋ ਸਮਾਂ ਪਾ ਕੇ ਪ੍ਰਭੂ ਵਿੱਚ ਅਭੇਦਤਾ ਲਈ ਸਹਾਇੱਕ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਵੀ ਗੁਰੂ ਚਾਲੀ ਦੀ ਪ੍ਰੋੜਤਾ ਕਰਦੇ ਫੁਰਮਾਇਆ ਹੈ :

**ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।।**
ਅਤੇ– **ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ।।**

ਵੰਡ ਛਕਣ ਲਈ, ਅਵਾਜ਼ਾਂ ਉਹ ਹੀ ਮਾਰ ਸਕਦਾ ਹੈ ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ''**ਘਾਲਿ ਖਾਇ ਕਿਛੁ ਹਥਹੁ ਦੇਇ**'' ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾ ਲਿਆ ਹੋਵੇ ਪਰ ਅੱਜ ਤਾਂ ਖੇਡ ਹੀ ਹੋਰ ਬਣ ਗਈ ਹੈ। ਮਨੁੱਖ ਦੇਣ ਨਾਲੋਂ, ਲੈਣ ਵਿੱਚ ਜਿਆਦਾ ਖੁਸ਼ੀ ਮਹਿਸੂਸ ਕਰਦਾ ਹੈ। ਵੰਡਣ ਦੀ ਥਾਂ ਇਕੱਠਾ ਕਰਨ ਨੂੰ ਤਰਜੀਹ ਦੇ ਰਿਹਾ ਹੈ। ''**ਘਾਲਿ ਖਾਇ ਸੇਵਾ ਕਰੈ**'' ਦੀ ਥਾਂ ਆਪਣੀ ਸੇਵਾ ਕਰਾਉਣ ਵਿੱਚ ਮਾਣ ਮਹਿਸੂਸ ਕਰਦਾ ਹੈ। ਸਤਿਗੁਰੂ ਜੀ ਨੇ ''**ਗਰੀਬ ਦਾ ਮੂੰਹ ਗੁਰੂ ਕੀ ਗੋਲਕ**'' ਫੁਰਮਾਇਆ ਸੀ ਪਰ ਅੱਜ ਅਮੀਰ ਦਾ ਮੂੰਹ ਹੀ ਗੁਰੂ ਕੀ ਗੋਲਕ ਬਣ ਗਿਆ ਹੈ। ਲੋੜਵੰਦ ਭੁੱਖਿਆਂ ਦੀ ਥਾਂ ਰੱਜਿਆਂ ਨੂੰ



ਹੋਰ ਰਜਾਉਣ ਦੀ ਪਰਪਾਟੀ ਪਰਪੱਕ ਹੁੰਦੀ ਜਾ ਰਹੀ ਹੈ ਜੋ ਸਹੀ ਰਸਤੇ ਤੋਂ ਭਟਕਣ ਦੀਆਂ ਨਿਸ਼ਾਨੀਆਂ ਸਾਕਾਰ ਹੋ ਰਹੀਆਂ ਹਨ। ਅੱਜ ਮਨਮਤ ਦਾ ਤਿਆਗ ਕਰਕੇ ਗੁਰਮਤਿ ਅਸੂਲਾਂ ਦੇ ਧਾਰਨੀ ਬਣਨ ਦੀ ਅਤਿਅੰਤ ਲੋੜ ਹੈ।

ਸੰਸਾਰ ਨੂੰ ਤਾਰਦੇ ਤੇ ਪ੍ਰਭੂ ਪ੍ਰਾਪਤੀ ਦੇ ਰਸਤੇ ਤੋਂ ਘੁੱਥੇ ਹੋਇਆਂ ਨੂੰ ਸਹੀ ਮਾਰਗ ਦਰਸਾਉਂਦੇ, ਸਤਿਗੁਰੂ ਨਾਨਕ ਪਾਤਸ਼ਾਹ ਜੀ ਸੁਮੇਰ ਪ੍ਰਬਤ ਉਤੇ ਸਿੱਧਾਂ ਦੀ ਮੰਡਲੀ ਪਾਸ ਜਾ ਪੁੱਜੇ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਯੁਵਾ ਅਵਸਥਾ ਵਿੱਚ, ਰੱਬੀ ਨੂਰ ਵੇਖ ਤੇ ਸੁਮੇਰ ਪ੍ਰਬਤ ਉਪਰ ਪੁੱਜ ਜਾਣ ਤੇ ਸਿੱਧ ਮੰਡਲੀ ਬੜੀ ਹੈਰਾਨ ਹੋਈ। ਇਸ ਮੰਡਲੀ ਵਿੱਚ ਗੋਰਖ ਆਦਿ ਚੌਰਾਸੀ ਸਿੱਧ ਸਨ। ਸਾਰੇ ਇਸ ਵੀਚਾਰ ਵਿੱਚ ਮਨੋ-ਮਨੀ ਗਿਣਤੀਆਂ ਕਰ ਰਹੇ ਸਨ ਕਿ ਅਸੀਂ ਤਾਂ ਬੜੀਆਂ ਲੰਮੀਆਂ ਉਮਰਾਂ ਦੀਆਂ ਘਾਲਣਾ ਪਿਛੋਂ ਸਿੱਧ ਸ਼ਕਤੀ ਦੁਆਰਾ ਸੁਮੇਰ ਪਰਬਤ ਉਪਰ ਪੁੱਜੇ ਹਾਂ। ਇਹ ਬਾਲਕ ਅਵਸਥਾ ਵਿੱਚ ਕਿਸ ਸ਼ਕਤੀ ਦੁਆਰਾ ਇੱਥੇ ਪੁੱਜਿਆ ਹੈ? ਅਖੀਰ ਸਿੱਧਾਂ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਪੁੱਛ ਹੀ ਲਿਆ, ਹੇ ਬਾਲਕ ! ਤੂੰ ਸਾਨੂੰ ਇਹ ਦੱਸ, ਕਿ ਤੂੰ ਐਨੇ ਉਚੇ ਸੁਮੇਰ ਪਰਬਤ ਉਪਰ ਡੂੰਘੀਆਂ ਖੱਡਾਂ, ਨਦੀਆਂ, ਦਰਿਆ ਲੰਘ ਕੇ ਇੰਨੀ ਸਰਦੀ ਵਿੱਚ ਕਿਹੜੀ ਸ਼ਕਤੀ ਨਾਲ ਇੱਥੇ ਪੁੱਜਿਆ ਹੈ? ਸਤਿਗੁਰੂ ਨਾਨਕ ਪਾਤਸ਼ਾਹ ਜੀ ਸਿੱਧਾਂ ਨੂੰ ਕਹਿਣ ਲੱਗੇ, ਸਿੱਧੋ! ਮੈਂ ਪਰਮਾਤਮਾਂ ਦੇ ਨਾਮ ਦਾ ਸਿਮਰਨ ਕੀਤਾ ਤੇ ਪਰਮਾਤਮਾਂ ਦੇ ਪਿਆਰ ਵਿੱਚ ਭਿੱਜ ਕੇ ਇੱਕ-ਟੱਕ ਪ੍ਰਭੂ ਨਾਲ ਸਮਾਧੀ ਲਾਈ ਹੈ। ਉਸ ਦੀ ਬਰਕਤ ਨਾਲ ਮੈਂ ਤੁਹਾਡੇ ਪਾਸ ਪੁੱਜਿਆ ਹਾਂ। ਫਿਰ ਸਿੱਧਾਂ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਆਪਣਾ ਨਾਉਂ ਦੱਸਣ ਲਈ ਕਿਹਾ। ਸਤਿਗੁਰੂ ਕਹਿਣ ਲੱਗੇ ! ਮੇਰਾ ਨਾਮ ਨਾਨਕ ਹੈ। ਇਹ ਸਾਰੀ ਸ਼ਕਤੀ ਮੈਂ ਪ੍ਰਭੂ ਨਾਮ ਜਪ ਕੇ ਪ੍ਰਾਪਤ ਕੀਤੀ ਹੈ। ਸਤਿਗੁਰਾਂ, ਸਿੱਧਾਂ ਨੂੰ ਵੀ ਪ੍ਰੇਰਨਾ ਦਿੱਤੀ ਤੁਸੀਂ ਰਿੱਧੀਆਂ-ਸਿੱਧੀਆਂ ਪ੍ਰਾਪਤ ਕਰਨ ਲਈ ਜਿੰਨਾਂ ਸਮਾਂ ਅਜਾਈਂ ਗਵਾਉਂਦੇ ਹੋ, ਉਸ ਸਮੇਂ ਵਿੱਚ ਪਰਮਾਤਮਾਂ ਦਾ ਨਾਮ ਜਪੋ, ਰਿੱਧੀਆਂ-ਸਿੱਧੀਆਂ ਸੁਤੇ ਹੀ ਪ੍ਰਾਪਤ ਹੋ ਜਾਣਗੀਆਂ। ਦੂਸਰਾ, ਆਪਣੀ ਸ਼ਕਤੀ ਦਾ ਹੰਕਾਰ ਛੱਡ ਕੇ ਨਿੰਮ੍ਰਤਾ ਧਾਰਨ ਕਰੋ। ਨਿੰਮ੍ਰਤਾ ਦਾ ਧਾਰਨੀ, ਪ੍ਰਭੂ ਪ੍ਰਾਪਤੀ ਦੀ ਉੱਚ ਪਦਵੀ ਨੂੰ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਵਾਰਤਾ ਦਾ ਖੁਲਾਸਾ ਪਹਿਲੀ ਵਾਰ ਦੀ ਅਠਾਈਵੀਂ ਪਉੜੀ ਵਿੱਚ ਹੇਠ ਲਿਖੇ ਅਨੁਸਾਰ ਕੀਤਾ ਹੈ –

**ਬਾਬੇ ਡਿਠੀ ਪ੍ਰਿਥਮੀ ਨਵੈ ਖੰਡਿ ਜਿਥੈ ਤਕਿ ਆਹੀ।।**
**ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ।।**

**ਚਉਰਾਸੀਹ ਸਿਧਿ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ।।**
**ਸਿਧਿ ਪੁਛਨਿ ਸੁਣਿ ਬਾਲਿਆ ਕਉਣੁ ਸ਼ਕਤਿ ਤੁਹਿ ਏਥੇ ਲਿਆਈ।।**
**ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।।**
**ਆਖਨਿ ਸਿਧਿ ਸੁਣਿ ਬਾਲਿਆ ਅਪਨਾ ਨਾਉ ਤੁਮ ਦੇਹ ਬਤਾਈ।।**
**ਬਾਬਾ ਆਖੇ ਨਾਥ ਜੀ ! ਨਾਨਕ ਨਾਮ ਜਪੇ ਗਤਿ ਪਾਈ।।**
**ਨੀਚੁ ਕਹਾਇ ਊਚ ਘਰਿ ਆਈ।।੨੮।।**

*ਵਾਰ ੧, ਪਉੜੀ ੨੮*

ਸਤਿਗੁਰੂ ਨਾਨਕ ਦੇਵ ਜੀ ਨਾਲ ਉਤ੍ਰ ਪ੍ਰਸ਼ਨ ਕਰਨ ਉਪ੍ਰੰਤ, ਸਿੱਧਾਂ ਨੇ ਮਾਤ ਲੋਕ ਦਾ ਹਾਲ ਪੁੱਛਿਆ, ਉਪ੍ਰੰਤ ਆਪਣੀਆਂ, ਰਿੱਧੀਆਂ-ਸਿੱਧੀਆਂ ਨਾਲ ਸਤਿਗੁਰੂ ਜੀ ਨੂੰ ਭਰਮਜਾਲ ਵਿੱਚ ਫਸਾਉਣ ਲਈ ਪੂਰਾ ਜੋਰ ਲਾਇਆ। ਪਰ ਭਾਈ ਗੁਰਦਾਸ ਜੀ ਦੇ ਫੁਰਮਾਨ '**'ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ'**' ਅਨੁਸਾਰ, ਸਭ ਪਾਸੇ ਤੋਂ ਸਤਿਗੁਰੂ ਜੀ ਨੇ ਸਿੱਧਾਂ ਦੀ ਸੰਤੁਸ਼ਟਤਾ ਕਰਵਾਈ। ਉਪ੍ਰੰਤ ਸਤਿਗੁਰੂ ਜੀ ਨੇ ਸਿੱਧਾਂ ਨੂੰ ਸੰਬੋਧਨ ਕਰਕੇ ਫੁਰਮਾਇਆ ਸਿੱਧੋ ! **'ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ'**' ਦੀ ਆਦਤ ਛਡੋ। ਸੰਸਾਰ ਵਿੱਚ ਰਹਿ ਕੇ ਆਪਣੇ ਪੇਟ ਦੀ ਪੂਰਤੀ ਲਈ ਕਿਰਤ ਕਰੋ। ਕਿਰਤ ਕਰਦਿਆਂ ਕਰਤੇ ਦੀ ਕੀਰਤੀ ਕਰਕੇ ਕਰਤਾਰ ਨਾਲ ਜੁੜੋ, ਜੋ ਤੁਹਾਥੋਂ ਸਰੇ-ਬਣੇ ਗਰੀਬਾਂ ਲੋੜਵੰਦਾਂ ਨਾਲ ਵੰਡ ਕੇ ਛੱਕੋ। ਸਤਿਗੁਰਾਂ ਦਾ ਉਪਦੇਸ਼ ਸੁਣ ਕੇ ਇੱਕ ਸਿੱਧ ਨੇ ਸਤਿਗੁਰਾਂ ਨੂੰ ਪ੍ਰਸ਼ਨ ਕਰ ਦਿੱਤਾ, ਬਾਬਾ ! ਜੇ ਕੋਲ ਹੀ ਕੇਵਲ ਇੱਕ ਤਿਲ਼ ਹੋਵੇ, ਉਸ ਨੂੰ ਕਿਵੇਂ ਵੰਡ ਕੇ ਛਕਿਆ ਜਾਵੇ? ਸਤਿਗੁਰੂ ਨਾਨਕ ਪਾਤਸ਼ਾਹ, ਸਿੱਧ ਦਾ ਸਵਾਲ ਸੁਣ ਕੇ ਕਹਿਣ ਲੱਗੇ, ਭਾਈ ਗੁਰਮੁਖਾ! ਇਹ ਨੀਅਤ ਤੇ ਨਿਰਭਰ ਕਰਦਾ ਹੈ, ਜੇ ਤਿਲ਼ ਨੂੰ ਵੰਡ ਕੇ ਛਕਣ ਦੀ ਨੀਅਤ ਹੋਵੇ, ਇੱਕ ਤਿਲ਼ ਵੀ ਵੰਡ ਕੇ ਛਕਿਆ ਜਾ ਸਕਦਾ ਹੈ। ਜੇ ਵੰਡ ਕੇ ਛਕਣ ਦੀ ਨੀਯਤ ਨ ਹੋਵੇ ਫਿਰ ਤਿਲ਼ਾਂ ਦੀ ਬੋਰੀ ਵੀ ਵੰਡੀ ਨਹੀਂ ਜਾ ਸਕਦੀ। ਸਿੱਧ ਕਹਿਣ ਲੱਗਾ, ਬਾਲਿਆ! ਆਹ ਲੈ ਤਿਲ਼, ਤੇ ਸਾਰੀ ਮੰਡਲੀ ਨੂੰ ਵੰਡ ਕੇ ਖੁਆ ਕੇ ਦੱਸ। ਸਤਿਗੁਰੂ ਮੁਸਕਰਾਏ ਤੇ ਉਸ ਸਿੱਧ ਨੂੰ ਕਹਿਣ ਲੱਗੇ ਭਲਿਆ! ਤਿਲ਼ ਤਾਂ ਕੀ ਅੱਧਾ ਤਿਲ ਵੀ ਵੰਡਿਆ ਜਾ ਸਕਦਾ ਹੈ। ਸਿੱਧ ਕਹਿਣ ਲੱਗੇ ! ਫਿਰ ਵੰਡ ਕੇ ਦਰਸਾਉ? ਸਤਿਗੁਰਾਂ ਹੁਕਮ ਕੀਤਾ, ਸਿੱਧੋ ! ਆਪਣਾ ਸਰਦਾਈ ਘੋਟਣ ਵਾਲਾ ਕੂੰਡਾ ਘੋਟਣਾ ਲਿਆਵੋ ਤੇ ਇੱਕ ਕਮੰਡਲ ਪਾਣੀ ਦਿਉ। ਕੂੰਡਾ-ਡੰਡਾ ਤੇ ਪਾਣੀ ਆ ਜਾਣ ਤੇ ਸਤਿਗੁਰੂ ਜੀ ਨੇ ਕੂੰਡੇ



ਵਿੱਚ ਤਿਲ ਪਾ ਦਿੱਤਾ ਤੇ ਮਰਦਾਨੇ ਨੂੰ ਹੁਕਮ ਕੀਤਾ, ਮਰਦਾਨਿਆ! ਤੂੰ ਤਿਲ਼ ਨੂੰ ਕੂੰਡੇ ਵਿੱਚ ਘੋਟ, ਅਸੀਂ ਪਾਣੀ ਪਾਉਂਦੇ ਹਾਂ। ਮਰਦਾਨੇ ਨੇ ਤਿਲ਼ ਨੂੰ ਘੋਟਣਾ ਅਰੰਭ ਕੀਤਾ। ਸਤਿਗੁਰਾਂ, ਪਾਣੀ ਪਾ ਕੇ ਉਸ ਤਿਲ਼ ਦੀ ਸ਼ਰਦਾਈ ਬਣਾ ਦਿੱਤੀ ਤੇ ਮਰਦਾਨੇ ਨੂੰ ਹੁਕਮ ਕੀਤਾ, ਮਰਦਾਨਿਆਂ! ਸਾਰਿਆਂ ਨੂੰ ਤਿਲ਼ ਦੀ ਸਰਦਾਈ ਇੱਕੋ ਜਿਹੀ ਵਰਤਾ ਦੇਹ। ਸਤਿਗੁਰਾਂ ਦਾ ਇਹ ਕਰਤਬ ਵੇਖ ਕੇ ਸਾਰੇ ਸਿੱਧਾਂ ਨੇ **ਹੋਇ ਹੈਰਾਣੁ ਕਰੇਨਿ ਜੁਹਾਰੀ** ਅਨੁਸਾਰ ਸਤਿਗੁਰਾਂ ਨੂੰ ਨਮਸਕਾਰ ਕੀਤੀ।

ਜੇ ਵੰਡ ਕੇ ਛਕਣ ਦੀ ਨੀਅਤ ਹੋਵੇ, ਅਜਿਹੀ ਨੀਅਤ ਦਾ ਧਾਰਨੀ ਮਨੁੱਖ ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ, ਦੂਸਰੇ ਨੂੰ ਖੁਆ ਕੇ, ਦੂਸਰੇ ਦੀ ਲੋੜ ਪੂਰੀ ਕਰਕੇ ਆਪਣੇ ਧੰਨ ਭਾਗ ਜਾਣਦਾ ਹੈ। ਆਪ ਦਾ ਫੁਰਮਾਨ ਹੈ–

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।।**

*ਵਾਰ ੬ ਪਉੜੀ ੧੨*

ਉਹ ਗੁਰਮੁਖ ਤਾਂ ਭਾਈ ਸਾਹਿਬ ਜੀ ਦੇ ਹੀ ਫੁਰਮਾਨ ਅਨੁਸਾਰ :–

**ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।।**
**ਗੁਰਸਿਖਾਂ ਨੋ ਦੇਇ ਕਰਿ ਪਿਛੋ ਬਚਿਆ ਆਪੁ ਖਵੰਦਾ।।੧੧।।**

*ਵਾਰ ੪੦,ਪਉੜੀ ੧੧*

ਵੰਡ ਕੇ ਛਕਣ ਦਾ ਕਰਮ, ਕੇਵਲ ''ਦੇਣ ਬਿਰਤੀ'' ਵਾਲਾ ਹੀ ਕਰ ਸਕਦਾ ਹੈ, ਜੋ ਕਿ ਪ੍ਰਭੂ ਬਿਰਤੀ ਹੈ। ਲੈਣ ਬਿਰਤੀ ਵਾਲਾ ਤਾਂ ਗਰੀਬ ਦੇ ਮੂੰਹ ਵਿੱਚੋਂ ਵੀ ਖੋਹ ਕੇ ਸੰਚਰਨ ਕਰਨ ਵਿੱਚੋਂ ਆਪਣੀ ਆਤਮਾਂ ਦੀ ਸੰਤੁਸ਼ਟਾ ਭਾਲਦਾ ਹੈ ਪਰ ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਅਜਿਹਾ ਲੈਣ ਬਿਰਤੀ ਵਾਲਾ ਮਨੁੱਖ ਅੱਤ ਦਾ ਕੰਗਾਲ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਲਾਰ ਕੀ ਵਾਰ ਅੰਦਰ ਬੜਾ ਪਿਆਰਾ ਜੀਵਨ ਨੂੰ ਸੇਧ ਦੇਣ ਵਾਲਾ ਬਚਨ ਹੈ। ਆਪ ਫੁਰਮਾਨ ਕਰਦੇ ਹਨ –

[1]**ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ।।**
**ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ।।੧।।**

*ਮ:੧, ਪੰਨਾ ੧੨੮੭*

ਲੈਣ ਬਿਰਤੀ ਹੀ ਮੰਗਤਾ ਬਿਰਤੀ ਹੈ। ਇੱਥੇ ਫਕੀਰ ਇਬਰਾਹੀਮ ਅਧਮ ਦੀ

1. ਜਿਨ੍ਹਾਂ ਮਨੁੱਖਾਂ ਦੇ ਪਾਸ ਕੇਵਲ ਸੰਸਾਰੀ ਦੌਲਤ ਹੀ ਹੈ ਅਜਿਹੇ ਮਨੁੱਖ ਮੰਗਤਾ ਬਿਰਤੀ ਵਾਲੇ ਹਨ ਕਿਉਂਕਿ ਉਨ੍ਹਾਂ ਦੀ ਹੋਰ ਹੋਰ ਲੈਣ ਦੀ ਬਿਰਤੀ, ਮਾਇਆ ਨਾਲ ਖਤਮ ਨਹੀਂ ਹੁੰਦੀ। ਜਿਨ੍ਹਾਂ ਦੇ ਹਿਰਦੇ ਵਿੱਚ ਹੇ ਪ੍ਰਮਾਤਮਾਂ ! ਤੂੰ ਨਿਵਾਸ ਕਰ ਲੈਂਦਾ ਹੈਂ, ਅਜਿਹੇ ਨਾਮੀ ਪੁਰਸ਼ ਡੂੰਘੇ ਗੁਣਾਂ ਦੇ ਖਜ਼ਾਨਿਆਂ ਦੇ ਮਾਲਕ ਬਣ ਜਾਂਦੇ ਹਨ।

ਗਾਥਾ ਲਿਖਣੀ, ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿਧਾਂਤ ਨੂੰ ਹੋਰ ਸਪੱਸ਼ਟ ਕਰੇਗੀ। ਇਬਰਾਹੀਮ ਅਧਮ, ਬਲਖ ਦਾ ਸੁਲਤਾਨ ਸੀ। ਪ੍ਰਭੂ ਪ੍ਰਾਪਤੀ ਦੀ ਸਿੱਕ ਵਿੱਚ ਰਾਜ-ਭਾਗ ਤਿਆਗ ਕਰ ਫਕੀਰੀ ਧਾਰਨ ਕੀਤੀ ਤੇ ਮਾਰਫਤ ਦੇ ਦਰਜੇ ਨੂੰ ਪ੍ਰਾਪਤ ਕੀਤਾ। ਇੱਕ ਦਿਨ ਇਬਰਾਹੀਮ ਦੇ ਪਾਸ ਇੱਕ ਅਮੀਰ ਬੰਦਾ ਆਇਆ। ਸਿੱਜਦਾ ਕਰ, ਇੱਕ ਹਜਾਰ ਦਿਨਾਰ ਭੇਟਾ ਕੀਤੇ। ਇਬਰਾਹੀਮ ਅਧਮ ਕਹਿਣ ਲੱਗੇ ! ਮੈਂ ਮੰਗਤਿਆਂ ਪਾਸੋਂ ਪੈਸੇ ਨਹੀਂ ਲੈਂਦਾ। ਇੰਨੀ ਗੱਲ ਸੁਣ ਕੇ ਉਸ ਅਮੀਰ ਮਨੁੱਖ ਨੇ, ਉੱਤ੍ਰ ਦਿੱਤਾ, ਫਕੀਰ ਸਾਈਂ ! ਮੈਂ ਬਹੁਤ ਅਮੀਰ ਹਾਂ, ਖੁਦਾ ਨੇ ਮੈਨੂੰ ਲੱਖਾਂ ਦੀਨਾਰ ਦਿੱਤੇ ਹਨ। ਇਬਰਾਹੀਮ ਉਸ ਅਮੀਰ ਨੂੰ ਕਹਿਣ ਲੱਗੇ ! ਤੈਨੂੰ ਹੋਰ ਮਾਇਆ ਪ੍ਰਾਪਤ ਕਰਨ ਦੀ ਇੱਛਾ ਹੈ ਕਿ ਨਹੀਂ? ਉਸ ਅਮੀਰ ਬੰਦੇ ਨੇ ਹਾਂ ਵਿੱਚ ਸਿਰ ਹਿਲਾ ਕੇ ਕਿਹਾ ਕਿ ਹੋਰ ਮਾਇਆ ਇੱਕੱਠੀ ਕਰਨ ਦੀ ਇੱਛਾ ਤਾਂ ਬਹੁਤ ਹੈ। ਆਪ ਕਹਿਣ ਲੱਗੇ ! ਤੂੰ ਦਾ ਮੰਗਤਿਆਂ ਦਾ ਸਿਰਦਾਰ ਹੈ। ਜਿਸ ਦੇ ਪਾਸ ਲੱਖਾਂ ਦੀਨਾਰ ਹੋਣ ਤੇ ਵੀ ਹੋਰ ਲੈਣ ਦੀ ਤ੍ਰਿਸ਼ਨਾ ਹੈ।

ਅਸਲੀ ਧਨਵਾਨ ਕੌਣ ਹੈ, ਜਿਸ ਦੇ ਹਿਰਦੇ ਵਿੱਚ ਪਰਮਾਤਮਾਂ ਦਾ ਨਾਮ ਹੈ। ਸਤਿਗੁਰੂ ਅਮਰਦਾਸ ਜੀ ਦਾ ਧਨਾਸਰੀ ਰਾਗ ਵਿੱਚ ਫੁਰਮਾਨ ਹੈ –

**ਸੇ ਧਨਵੰਤ ਹਰਿ ਨਾਮਿ ਲਿਵ ਲਾਇ॥** *ਮ : ੩, ੬੬੩*

ਕਿਉਂਕਿ ਪਰਮਾਤਮਾਂ ਦਾ ਨਾਮ ਹੀ ਤ੍ਰਿਸ਼ਨਾ ਦਾ ਅਭਾਵ ਕਰਕੇ ਸੰਤੋਖ ਦੀ ਦਾਤ ਪ੍ਰਦਾਨ ਕਰਦਾ। ਆਪ ਸਾਹਿਬਾਂ ਦਾ ਫੁਰਮਾਨ ਹੈ –

**ਤ੍ਰਿਸਨਾ ਬੁਝੈ ਹਰਿ ਕੈ ਨਾਮਿ॥**
**ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥੧॥ਰਹਾਉ॥**

*ਧਨਾਸਰੀ ਮ: ੫, ਪੰਨਾ ੬੮੨*

ਬਿਨਾ ਸੰਤੋਖ ਤੋਂ ਮਨੁੱਖ ਕਦੇ ਤ੍ਰਿਪਤ ਨਹੀਂ ਹੋ ਸਕਦਾ, ਸਤਿਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਫੁਰਮਾਨ ਹੈ –

**ਬਿਨਾ ਸੰਤੋਖ ਨਹੀ ਕੋਊ ਰਾਜੈ॥** *ਮ: ੫, ਪੰਨਾ ੨੭੯*

ਇੱਕ ਸਮੇਂ, ਦੋ ਮੁਸਲਮਾਨ ਫਕੀਰ ਇਬਰਾਹੀਮ ਅਧਮ ਤੇ ਸ਼ਫੀਕ ਇੱਕੱਠੇ ਹੋਏ। ਦੁਆ-ਸਲਾਮ ਸਾਂਝੀ ਕਰਨ ਉਪ੍ਰੰਤ ਸ਼ਫੀਕ ਨੇ ਇਬਰਾਹੀਮ ਅਧਮ ਪਾਸੋਂ ਪੁੱਛਿਆ, ਗੁਜ਼ਾਰਾ ਕਿਵੇਂ ਚਲਦਾ ਹੈ? ਇਬਰਾਹੀਮ ਨੇ ਕਿਹਾ ਸਾਂਈ ਫਕੀਰ! ਮਿਲ ਜਾਏ ਤਾਂ ਸ਼ੁਕਰ, ਨਾ ਮਿਲੇ ਤਾਂ ਸਬਰ। ਸਫੀਕ ਕਹਿਣ ਲੱਗੇ, ਅਧਮ! ਇਹ ਕੰਮ ਤਾਂ ਸਾਡੀ ਗਲੀ ਦੇ ਕੁੱਤੇ ਵੀ ਕਰਦੇ ਹਨ। ਜੇ ਟੁੱਕੜ ਮਿਲ ਜਾਏ ਤਾਂ ਤਸੱਲੀ ਨਾਲ



ਬੈਠ ਕੇ ਖਾ ਲੈਂਦੇ ਹਨ, ਜੇ ਨਾ ਮਿਲੇ ਤਾਂ ਚੁੱਪ ਕਰ ਇੱਕ ਪਾਸੇ ਬੈਠ ਜਾਂਦੇ ਹਨ।

ਅਗੋਂ ਇਬਰਾਹੀਮ ਨੇ ਪੁੱਛਿਆ ! ਆਪ ਕੀ ਕਰਦੇ ਹੋ ਸ਼ਫੀਕ ਸਾਹਿਬ? ਸ਼ਫੀਕ ਨੇ ਉੱਤਰ ਦਿੱਤਾ, ਮਿਲ ਜਾਏ ਤਾਂ ਵੰਡ ਛਕਦਾ ਹਾਂ। ਨਾਂ ਮਿਲੇ ਤਾ ਸਬਰ। ਇਬਰਾਹੀਮ ਨੇ ਅੱਗੇ ਵੱਧ ਸ਼ਫੀਕ ਦਾ ਸਿਰ ਚੁੰਮਿਆ ਤੇ ਆਦਰ ਦਿੱਤਾ। ਇਹ ਤਾਂ ਫਕੀਰਾਂ ਦੀ ਗੱਲ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਆਪਣੀ ਸਾਰੀ ਉਮੱਤ ਨੂੰ ਹੀ **ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥** ਦਾ ਅਸੂਲ ਅਪਨਾਉਣ ਦਾ ਹੁਕਮ ਕੀਤਾ ਹੈ।

# ਪਰਮਾਤਮਾ ਨਾਲ ਮਿਲਣ ਲਈ ਨਾਮ ਜਪੋ

ਗੁਰਮਤਿ ਦਾ ਤੀਸਰਾ ਅਸੂਲ ਹੈ ''ਨਾਮ ਜਪੋ'' ਨਾਮ ਜਪਣ ਨਾਲ ਜੋਗੀਆਂ ਸੰਨਿਆਸੀਆਂ ਦੀਆਂ ਅਸੀਸਾਂ ਦੀ ਝਾਕ ਮੁੱਕ ਜਾਂਦੀ ਹੈ। ਨਾਮ ਜਪਣ ਨਾਲ ਨਾਮ ਜਪਣ ਵਾਲੇ ਪ੍ਰਾਣੀ ਅੰਦਰ ਖੁਦ ਪ੍ਰਮਾਤਮਾ ਦਾ ਪ੍ਰਵੇਸ਼ ਹੋ ਜਾਂਦਾ ਹੈ। ਨਾਮ ਜਪਣ ਵਾਲੇ ਨੂੰ ਸਾਰੇ ਬਿਘਨਾਂ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਨਾਮ ਜਪਣ ਨਾਲ ਸਰੀਰਕ ਤੇ ਮਾਨਸਿਕ ਦੁੱਖ ਦੂਰ ਹੋ ਜਾਂਦੇ ਹਨ। ਨਾਮੀ ਪੁਰਸ਼ ਦਾ ਪਰਮਾਤਮਾਂ ਦੇ ਚਰਨਾਂ ਵਿੱਚ ਨਿਵਾਸ ਹੋ ਜਾਂਦਾ ਹੈ। ਪਰਮਾਤਮਾਂ ਦਾ ਨਾਮ, ਹਰੀ ਦੀ ਭਗਤੀ ਸਾਰੇ ਬਿਘਨਾਂ ਦਾ ਨਾਸ਼ ਕਰ ਦਿੰਦੀ ਹੈ। ਨਾਮੀਆਂ ਨੂੰ ਕਿਸੇ ਦੀ ਬੁਰੀ ਨਜ਼ਰ ਵੀ ਨਹੀਂ ਲੱਗ ਸਕਦੀ। ਨਾਮ ਜਪ ਦੀ ਬਰਕਤ ਨਾਲ ਭੈੜੀਆਂ ਰੂਹਾਂ, ਦੈਂਤ ਤੇ ਵੱਡੇ-ਵੱਡੇ ਦਿਉ ਵੀ ਨੇੜੇ ਨਹੀਂ ਆ ਸਕਦੇ। ਨਾਮ ਜਪਣ ਨਾਲ ਮਾਇਆ ਦੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਮਨੁੱਖ ਦੇ ਨੇੜੇ ਨਹੀਂ ਫਟਕਦੇ। ਪਰਮਾਤਮਾਂ ਦਾ ਨਾਮ ਜਪਣ ਨਾਲ, ਆਵਾਗਉਣ ਦੇ ਚੱਕਰ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਅੰਦਰ ਫੁਰਮਾਨ ਪੜ੍ਹੀਏ, ਨਾਮ ਜਪਣ ਦੀ ਬਰਕਤ ਦਾ ਪਤਾ ਲੱਗ ਜਾਵੇਗਾ–

**ਨਾਮੁ ਲੈਤ ਕਿਛੁ ਬਿਘਨੁ ਨ ਲਾਗੈ।।**
**ਨਾਮੁ ਸੁਣਤ ਜਮੁ ਦੂਰਹੁ ਭਾਗੈ।।**
**ਨਾਮੁ ਲੈਤ ਸਭ ਦੂਖਹ ਨਾਸੁ।।**
**ਨਾਮੁ ਜਪਤ ਹਰਿ ਚਰਣ ਨਿਵਾਸੁ।।੧।।**
**ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ।।**
**ਰਸਕਿ ਰਸਕਿ ਹਰਿ ਕੇ ਗੁਣ ਗਾਉ।।੧।। ਰਹਾਉ।।**
**ਹਰਿ ਸਿਮਰਤ ਕਿਛੁ ਚਾਖੁ ਨ ਜੋਹੈ।।**
**ਹਰਿ ਸਿਮਰਤ ਦੈਤ ਦੇਉ ਨ ਪੋਹੈ।।**
**ਹਰਿ ਸਿਮਰਤ ਮੋਹੁ ਮਾਨੁ ਨ ਬਧੈ।।**
**ਹਰਿ ਸਿਮਰਤ ਗਰਭ ਜੋਨਿ ਨ ਰੁਧੈ।।੨।।** *ਮ:੫, ਪੰਨਾ ੧੧੫੦*

ਸੰਸਾਰ ਵਿੱਚ ਹਰ ਮਨੁੱਖ ਸੁੱਖ ਚਾਹੁੰਦਾ ਹੈ। ਸੁੱਖ ਦੀ ਪ੍ਰਾਪਤੀ ਵਾਸਤੇ ਹੀ



ਮਨੁੱਖ ਸਾਰੀ ਉਮਰ ਯਤਨ ਕਰਦਾ ਰਹਿੰਦਾ ਹੈ ਪਰ ਸੁੱਖ ਫਿਰ ਵੀ ਪ੍ਰਾਪਤ ਨਹੀਂ ਹੁੰਦਾ। ਸੁੱਖ ਨਾ-ਪ੍ਰਾਪਤੀ ਦਾ ਕਾਰਣ ਕੀ ਹੈ? ਸਤਿਗੁਰੂ ਇਸ ਸਵਾਲ ਦਾ ਉੱਤਰ ਗੁਰਬਾਣੀ ਵਿੱਚ ਬਖਸ਼ਿਸ਼ ਕਰਦੇ ਹਨ ਕਿ ਮਨੁੱਖ ਸੁੱਖ ਦੇਣ ਵਾਲੇ ਸੋਮੇਂ ਪ੍ਰਭੂ ਨਾਲੋਂ ਟੁੱਟ ਕੇ, ਪ੍ਰਭੂ ਨਾਲੋਂ ਤੁੱਟੀਆਂ ਹੋਈਆਂ ਅਤੇ ਤੋੜਨ ਵਾਲੀਆਂ ਵਸਤਾਂ ਵਿੱਚੋਂ ਸੁਖ ਭਾਲਦਾ ਹੈ। ਜਿਵੇਂ ਮਨੁੱਖ ਬਹੁਤਾ ਸਾਰਾ ਧਨ ਇਕੱਠਾ ਕਰਕੇ ਸੁਖ ਦੀ ਲਾਲਸਾ ਕਰਦਾ ਹੈ। ਮਨੁੱਖ ਅੱਖਾਂ ਨਾਲ ਸੁੰਦਰ ਦ੍ਰਿਸ਼ ਅਤੇ ਸੂਰਤਾਂ ਵੇਖ ਕੇ ਸੰਤੁਸ਼ਟਤਾ ਭਾਲਦਾ ਹੈ। ਕਈ ਮਨੁੱਖ, ਰਾਜ ਭਾਗ ਦੀ ਪ੍ਰਾਪਤੀ ਵਿੱਚੋਂ ਸੁੱਖ ਲੱਭਦੇ ਹਨ। ਸਾਹਿਬਾਂ ਦੇ ਫੁਰਮਾਨ ਅਨੁਸਾਰ ਇਨ੍ਹਾਂ ਵਸਤੂਆਂ ਵਿੱਚੋਂ ਸੁਖ ਤਾਂ ਕੀ ਪ੍ਰਾਪਤ ਹੋਣਾ ਹੈ ਸਗੋਂ ''**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ**'' ਦੀ ਸਚਾਈ ਸਾਕਾਰ ਹੁੰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ –

**ਸੁਖੁ ਨਾਹੀ ਬਹੁਤੈ ਧਨਿ ਖਾਟੇ।। ਸੁਖੁ ਨਾਹੀ ਪੇਖੇ ਨਿਰਤਿ ਨਾਟੇ।।**
**ਸੁਖੁ ਨਾਹੀ ਬਹੁ ਦੇਸ ਕਮਾਏ।। ਸਰਬ ਸੁਖਾ ਹਰਿ ਹਰਿ ਗੁਣ ਗਾਏ।।੧।।**

*ਭੈਰਉ ਮ: ੫ ਪੰਨਾ ੧੧੪੭*

ਸੁੱਖ ਮਿਲਦਾ ਹੈ ਹਰੀ ਦੇ ਗੁਣ ਗਾਉਣ ਨਾਲ, ਸੁਖ ਮਿਲਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨਾਂ ਨੂੰ ਕਮਾਉਣ ਨਾਲ, ਉਹ ਬਚਨ ਹਨ :–

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।।**
**ਕਲਿ ਕਲੇਸ ਤਨ ਮਾਹਿ ਮਿਟਾਵਉ।।** *ਮ: ੫, ਪੰਨਾ ੨੬੨*

ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਸਤਿਗੁਰੂ ਜੀ ਦੇ ਤੱਤ ਬਚਨਾਂ ਨੂੰ ਕਮਾਉਣ ਨਾਲ, ਤੱਤ ਬਚਨ ਹਨ :–

**ਸੋਧਤ ਸੋਧਤ ਸੋਧਿ ਤਤੁ ਬੀਚਾਰਿਆ।।**
**ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ।।**

*ਸੂਹੀ ਮ: ੫, ਪੰਨਾ ੭੬੧*

ਪ੍ਰਭੂ ਦਾ ਨਾਮ ਜਪਣ ਨਾਲ ਲੋਕ ਪ੍ਰਲੋਕ ਦੀਆਂ ਵਡਿਆਈਆਂ, ਸਦੀਵੀਂ ਅਨੰਦ, ਮਨਵਾਂਸ਼ਤ ਫਲ ਪ੍ਰਾਪਤ ਹੋ ਜਾਂਦੇ ਹਨ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:–

**ਮੇਰੇ ਮਨ ਹਰਿ ਜਪਿ ਸਦਾ ਧਿਆਇ।।**
**ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ।।੧।। ਰਹਾਉ।।**

*ਆਸਾ ਮ: ੩, ਪੰਨਾ ੩੬੩*

ਪ੍ਰਮੇਸ਼ਰ ਦਾ ਨਾਮ ਅਰਾਧਨ ਨਾਲ ਜਿੱਥੇ ਸਾਰੇ ਦੇ ਸਾਰੇ ਸੁਖ ਪ੍ਰਾਪਤ ਹੁੰਦੇ ਅਤੇ ਮੂੰਹ ਮੰਗੀਆਂ ਮੁਰਾਦਾਂ ਮਿਲ ਜਾਂਦੀਆਂ ਹਨ ਉੱਥੇ ਆਤਮਿਕ ਸ਼ਾਂਤੀ, ਖੁਸ਼ੀ ਖੇੜਾ, ਸਦੀਵੀਂ ਅਨੰਦ ਦੀਆਂ ਦਾਤਾਂ ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ। ਨਾਮ ਜਪਣ ਨਾਲ ਸਭ ਤੋਂ ਵੱਡੀ ਬਖਸ਼ਿਸ਼ ਇਹ ਹੁੰਦੀ ਹੈ, ਕਿ ਸਾਡੇ ਮਨ ਉਪਰ ਜੋ ਜਨਮਾਂ ਜਨਮਾਂਤਰਾਂ ਦੇ ਪਾਪ ਸੰਸਕਾਰਾਂ ਦੀ ਮਲੀਨਤਾਈ ਲੱਗੀ ਹੋਈ ਹੈ, ਜਿਸ ਪ੍ਰਥਾਇ ਸ੍ਰੀ ਗੁਰੂ ਅਮਰ ਦਾਸ ਜੀ ਨੇ ਸੋਰਠਿ ਦੀ ਵਾਰ ਵਿੱਚ ਸੰਕੇਤ ਦਿੱਤਾ ਹੈ –

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥**
**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥**

*ਸਲੋਕ ਮ: ੩, ਪੰਨਾ ੬੫੧*

ਨਾਮ ਜਪ ਦੀ ਬਰਕਤ ਨਾਲ ਇਹ ਮਲੀਨਤਾਈ ਵੀ ਖਤਮ ਹੋ ਜਾਂਦੀ ਹੈ ਅਤੇ ਮਨ ਆਪਣੇ ਅਸਲੀ ਰੂਪ ਵਿੱਚ ਨਿੱਖਰ ਜਾਂਦਾ ਹੈ ਅਤੇ ਨਾਮ ਦਾ ਹਿਰਦੇ ਵਿੱਚ ਨਿਵਾਸ ਹੋ ਜਾਂਦਾ ਹੈ –

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥**

*ਸੁਖਮਨੀ ਮ: ੫, ਪੰਨਾ ੨੬੩*

ਨਾਮ, ਮਨ ਦੀ ਕਿਵੇਂ ਮੈਲ ਉਤਾਰਦਾ ਹੈ? ਜਿਵੇਂ ਸਰੀਰ ਦੇ ਅੰਗ ਮਿੱਟੀ ਘੱਟੇ ਨਾਲ ਭਰ ਜਾਣ, ਕੱਪੜੇ ਪਲੀਤ ਹੋ ਜਾਣ, ਅਸੀਂ ਉਨ੍ਹਾਂ ਨੂੰ ਸਾਬਣ ਲਾ ਕੇ ਪਾਨੀ ਵਿੱਚ ਝਘੱਲ ਕੇ ਸਾਫ ਸੁਥਰੇ ਕਰ ਲੈਂਦੇ ਹਾਂ ਤਿਵੇਂ ਹੀ ਪ੍ਰਭੂ ਪਿਆਰ ਵਿੱਚ ਭਿੱਜ ਕੇ ਜਪਿਆ ਨਾਮ, ਮੱਤ ਨੂੰ ਉੱਜਲਾ ਕਰਦਾ ਹੈ –

**ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥**
**ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥**
**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**

*ਜਪੁਜੀ ਪੰਨਾ ੪*

ਕਈ ਵਾਰੀ ਸਾਡੇ ਮਨਾਂ ਵਿੱਚ ਇੱਕ ਸ਼ੰਕਾ ਬਣਿਆ ਰਹਿੰਦਾ ਹੈ ਕਿ ਸ਼ਾਇਦ ਨਾਮ ਜਪਣ ਦਾ ਕਾਰਜ ਕਰਨ ਲਈ ਦੁਨਿਆਵੀ ਕਾਰ ਵਿਹਾਰ ਛੱਡਣੇ ਪੈਣਗੇ ਅਤੇ ਕਿਤੇ ਇੱਕਾਂਤ ਵਾਸ ਟਿਕਾਣਾ ਕਰਨਾ ਪਵੇਗਾ ਫਿਰ ਸੰਸਾਰ ਦੀ ਗੁਜਰਾਨ ਕਿਵੇਂ ਚਲੇਗੀ? ਗੁਰਮਤਿ ਵਿੱਚ ਕਿਤੇ ਵੀ ਸੰਸਾਰ ਨੂੰ ਤਿਆਗਣ ਦੀ ਜਾਂ ਕਾਰ ਵਿਹਾਰਾਂ ਨੂੰ ਛੱਡਣ ਦੀ ਸਿੱਖਿਆ ਨਹੀਂ ਦਿੱਤੀ, ਸਗੋਂ ਸੰਸਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਬੜੀ ਲਗਨ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ, ਹੱਥਾਂ-ਪੈਰਾਂ



ਨਾਲ ਕਿਰਤ ਕਰਨੀ ਹੈ ਅਤੇ ਰਸਨਾ ਅਤੇ ਮਨ ਦੇ ਨਾਲ ਨਾਮ ਜਪਣਾ ਹੈ, ਜਿਵੇਂ ਭਗਤ ਨਾਮ ਦੇਵ ਜੀ ਫੁਰਮਾਨ ਕਰਦੇ ਹਨ –

**ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥**

*ਸਲੋਕ ਕਬੀਰ ਜੀ, ਪੰਨਾ ੧੩੭੬*

ਦੀ ਜੁਗਤੀ ਨੂੰ ਆਪਣੇ ਜੀਵਨ ਵਿੱਚ ਅਪਨਾਉਣਾ ਹੈ।

ਇੱਕੋ ਸਮੇਂ ਦੋ ਕਰਮ ਕਿਵੇਂ ਕਰਨੇ ਹਨ? ਬਾਬਾ ਨਾਮ ਦੇਵ ਜੀ ਨੇ ਹੀ ਰਾਮਕਲੀ ਰਾਗ ਵਿੱਚ, ਦੁਨਿਆਵੀ ਪੰਜ ਉਦਾਹਰਣਾਂ ਦੇ ਕੇ, ਇਸੇ ਮਨ ਨਾਲ ਸੰਸਾਰ ਦੇ ਕਾਰ ਵਿਹਾਰ ਕਰਨ ਦੀ ਅਤੇ ਉਸੇ ਹੀ ਮਨ ਨਾਲ ਪ੍ਰਭੂ ਸਿਮਰਨ ਕਰਨ ਦੀ ਜੁਗਤੀ ਪ੍ਰਦਾਨ ਕੀਤੀ ਹੈ। ਜਿਵੇਂ ਕਿ ਇੱਕੋ ਮਨ, ਦੁਨੀਆਂ ਦੇ ਦੋ-ਦੋ ਕੰਮ ਹਰ ਰੋਜ਼ ਹੀ ਕਰਦਾ ਹੈ। ਤਿਵੇਂ ਕਾਰ ਵਿਹਾਰ ਕਰਦਿਆ ''**ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ।**'' ਦੀ ਕਾਰ ਕਰਨੀ ਹੈ। ਬਾਬਾ ਨਾਮ ਦੇਵ ਜੀ ਦਾ ਫੁਰਮਾਨ ਪੜ੍ਹੀਏ, ਸਪਸ਼ੱਟਤਾ ਹੋ ਜਾਵੇਗੀ।

**ਆਨੀਲੇ[1] ਕਾਗਦੁ ਕਾਟੀਲੇ ਗੂਡੀ[2] ਆਕਾਸ ਮਧੇ ਭਰਮੀਅਲੇ॥**
**ਪੰਚ[3] ਜਨਾ ਸਿਉ ਬਾਤ[4] ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥**
**ਮਨੁ ਰਾਮ ਨਾਮਾ ਬੇਧੀਅਲੇ॥**
**ਜੈਸੇ ਕਨਿਕ[5] ਕਲਾ ਚਿਤੁ ਮਾਂਡੀਅਲੇ॥੧॥ਰਹਾਉ॥**
**ਆਨੀਲੇ ਕੁੰਭੁ[6] ਭਰਾਈਲੇ ਊਦਕ[7] ਰਾਜ ਕੁਆਰਿ[8] ਪੁਰੰਦਰੀਏ॥**
**ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥੨॥**
**ਮੰਦਰੁ[9] ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥**
**ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥੩॥**
**ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ[10]॥**
**ਅੰਤਰਿ ਬਾਹਰਿ ਕਾਜ ਬਿਰੂਧੀ[11] ਚੀਤੁ ਸੁ ਬਾਰਿਕ ਰਾਖੀਅਲੇ॥੪॥੧॥**

*ਨਾਮਦੇਵ ਜੀ, ਪੰਨਾ ੯੭੨*

ਭਗਤ ਨਾਮਦੇਵ ਜੀ ਵਲੋਂ ਉੱਪਰ ਦਿੱਤੇ ਸੰਕੇਤਾਂ ਤੋਂ ਸੇਧ ਲੈ ਕੇ ਸੰਸਾਰ ਦੇ ਕਾਰਜ ਵੀ ਕਰਨੇ ਹਨ ਤੇ ਜਿਸ ਮੰਤਵ ਲਈ ਪਰਮਾਤਮਾਂ ਨੇ ਮਨੁੱਖਾ ਜਨਮ ਦੀ ਦਾਤ ਪ੍ਰਦਾਨ ਕੀਤੀ ਹੈ। ਪ੍ਰਭੂ ਨਾਮ ਜਪ ਕੇ ਉਸ ਮੰਤਵ ਨੂੰ ਵੀ ਪੂਰਾ ਕਰਨਾ ਹੈ।

---

1.ਲਿਆਂਦਾ 2.ਪਤੰਗ 3.ਦੋਸਤਾਂ ਨਾਲ 4.ਗਲਾਂ ਬਾਤਾਂ 5.ਸੁਨਿਆਰਾ 6.ਘੜਾ 7.ਪਾਣੀ 8.ਲੜਕੀਆਂ 9.ਦਸ ਦਰਬਾਜਿਆਂ ਵਾਲਾ ਘਰ। 10.ਪੰਘੂੜੇ ਉਪਰ ਪਾਉਦੀ ਹੈ 11.ਰੁਝੀ ਹੁੰਦੀ ਹੈ।

# ਸਗਲ ਧਰਮ ਮੈ ਗ੍ਰਹਿਸਤ ਪ੍ਰਧਾਨ ਹੈ

ਗ੍ਰਹਿਸਤ ਨੂੰ ਸਤਿਗੁਰਾਂ ਨੇ ਸਾਰਿਆਂ ਧਰਮਾਂ ਨਾਲੋਂ ਸਿਰਮੌਰਤਾ ਪ੍ਰਦਾਨ ਕੀਤੀ ਹੈ। ਉਸ ਸਿਰਮੌਰਤਾ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਹੇਠ ਲਿਖੇ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ। ਆਪ ਫੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਸਾਰਿਆਂ ਸਰੋਵਰਾਂ, ਨਦੀਆਂ ਵਿੱਚੋਂ, ਸਮੁੰਦਰ ਅਤੇ ਪਹਾੜਾਂ ਵਿੱਚੋਂ ਸੁਮੇਰ ਪਰਬਤ ਸਭ ਤੋਂ ਵੱਡਾ ਕਿਹਾ ਜਾਂਦਾ ਹੈ। ਜਿਸ ਤਰ੍ਹਾਂ, ਬੂਟਿਆਂ-ਬ੍ਰਿਛਾਂ ਵਿੱਚੋਂ ਚੰਦਨ ਮਹਾਨ ਗਿਣਿਆ ਜਾਂਦਾ ਹੈ। ਸਾਰੀਆਂ ਧਾਤਾਂ ਵਿੱਚੋਂ ਸੋਨੇ ਨੂੰ ਕੀਮਤੀ ਤੇ ਉੱਤਮ ਮੰਨਿਆ ਜਾਂਦਾ ਹੈ। ਜਿਸ ਤਰ੍ਹਾਂ ਸਾਰੇ ਪੰਛੀਆਂ ਵਿਚੋਂ ਹੰਸ, ਮ੍ਰਿਗ-ਬਾਘ ਤੇ ਹੋਰ ਜਾਨਵਰਾਂ ਵਿੱਚੋਂ ਬੱਬਰ ਸ਼ੇਰ, ਰਾਗਾਂ ਵਿੱਚੋਂ ਸਿਰੀਰਾਗ, ਪੱਥਰਾਂ ਵਿੱਚੋਂ ਪਾਰਸ ਪੱਥਰ ਨੂੰ ਸ਼੍ਰੋਮਣੀ ਮੰਨਿਆ ਜਾਂਦਾ ਹੈ। ਸਾਰੇ ਗਿਆਨਾਂ ਵਿੱਚੋਂ ਸਤਿਗੁਰੂ ਦਾ ਗਿਆਨ ਤੇ ਧਿਆਨਾਂ ਵਿੱਚੋਂ ਸਭ ਤੋਂ ਉੱਤਮ, ਗੁਰੂ ਦਾ ਧਿਆਨ ਗਿਣਿਆ ਜਾਂਦਾ ਹੈ। ਤਿਵੇਂ ਸਾਰੇ ਧਰਮਾਂ ਵਿੱਚੋਂ ''ਗ੍ਰਹਿਸਤ'' ਧਰਮ ਸਭ ਤੋਂ ਪ੍ਰਧਾਨ ਤੇ ਸ਼੍ਰੋਮਣੀ ਹੈ।

**ਜੈਸੇ ਸਰ ਸਰਿਤਾ ਸਕਲ ਮੈ ਸਮੁਦ੍ਰ ਬਡੋ,**
**ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ।।**
**ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,**
**ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ।।**
**ਪੰਛੀਅਨ ਮੈ ਹੰਸੁ, ਮ੍ਰਿਗਰਾਜਨ ਮੈ ਸਾਰਦੂਲ,**
**ਰਾਗਨ ਮੈ ਸਿਰੀ ਰਾਗੁ, ਪਾਰਸ ਪਖਾਨ ਹੈ।।**
**ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,**
**ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।।੩੭੬।।**

ਭਾਈ ਗੁਰਦਾਸ ਜੀ

ਸਤਿਗੁਰਾਂ ਨੇ ਨਿਰਾ ਗ੍ਰਹਿਸਤ ਨੂੰ ਸਿਰਮੌਰਤਾ ਹੀ ਨਹੀਂ ਦਿੱਤੀ, ਸਗੋਂ ਸਾਰੇ ਹੀ ਸਤਿਗੁਰਾਂ ਨੇ ਗ੍ਰਹਿਸਤ-ਧਰਮ ਨੂੰ ਖੁਦ ਆਪ ਧਾਰਨ ਕੀਤਾ ਤੇ ਪ੍ਰਵਿਰਤੀ ਵਿੱਚ ਵਿਚਰ ਕੇ ਕਿਵੇਂ ਨ੍ਰਿਵਿਰਤੀ ਦੇ ਧਾਰਨੀ ਬਣਨਾ ਹੈ ਦੀ ਮਿਸਾਲ ਕਾਇਮ ਕਰ ਕੇ ਦਰਸਾਈ। ''ਗ੍ਰਹਿ-ਸਤ'' ਦਾ ਭਾਵ ਹੀ ਇਹ ਹੈ, ਕਿ ''ਗ੍ਰਹਿ'' (ਸੰਸਾਰ) ਵਿੱਚ



ਰਹਿ ਕੇ ''ਸੱਤ'' (ਪਰਮਾਤਮਾ) ਦੀ ਪ੍ਰਾਪਤੀ ਕਰਨੀ ਹੈ।

ਗ੍ਰਹਿਸਤ ਵਿੱਚ ਇਸਤਰੀ-ਪੁਰਸ਼ ਦੇ ਸਰੀਰਾਂ ਦੀ ਨੇੜਤਾ ਨੂੰ, ਸਤਿਗੁਰਾਂ ਨੇੜਤਾ ਜਾਂ ਇਸਤਰੀ ਭਰਤਾ ਦੀ ਜੋੜੀ ਨਹੀਂ ਮੰਨਿਆ। ਸਤਿਗੁਰਾਂ ਨੇ ਅੰਦਰੂਨੀ ਆਤਮਿਕ ਨੇੜਤਾ ਨੂੰ ਹੀ ਨੇੜਤਾ ਮੰਨਿਆ ਹੈ ਕਿ ਉਹ ਹੀ ਇਸਤਰੀ-ਭਰਤਾ ਦੀ ਸਹੀ ਜੋੜੀ ਹੈ, ਜਿਨ੍ਹਾਂ ਦੀ ਆਪਸੀ ਆਤਮਿਕ ਸਾਂਝ ਇੱਕ ਹੈ, ਵੇਖਣ ਨੂੰ ਤਾਂ ਭਾਵੇਂ ਸਰੀਰ ਦੋ ਹਨ। ਅਜਿਹੇ ਅੰਦਰੂਨੀ ਮਿਲਾਪ ਵਾਲੇ ਇਸਤਰੀ-ਭਰਤਾ ਧੰਨਤਾ ਦੇ ਯੋਗ ਹਨ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ –

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।।**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।੩।।**

*ਮ: ੩, ਪੰਨਾ ੭੮੮*

ਜਿੱਥੇ ਆਤਮਾਵਾਂ ਦੀ ਇੱਕਸੁਰਤਾ ਹੋ ਜਾਂਦੀ ਹੈ, ਉਥੇ ਸੰਸਾਰ ਦੇ ਸਾਰੇ ਝਗੜੇ ਕਲੇਸ਼ ਖਤਮ ਹੋ ਜਾਂਦੇ ਹਨ। ਅਜਿਹੇ **''ਏਕ ਜੋਤ ਦੁਇ ਮੂਰਤੀ''** ਬਣੇ ਜੋੜੇ, **''ਇਕੁ ਸਿਖੁ ਦੁਇ ਸਾਧ ਸੰਗੁ''** ਦਾ ਰੂਪ ਧਾਰਕੇ, ਘਰ ਨੂੰ ਹੀ ਧਰਮਸ਼ਾਲਾ ਬਣਾ, ਸੰਗਤੀ ਰੂਪ ਵਿੱਚ ਨਾਮ-ਜਪ ਕੇ ਪ੍ਰਭੂ ਦੇ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾ ਲੈਂਦੇ ਹਨ। ਨਾਮ ਦੀ ਬਰਕਤ ਨਾਲ ਹਿਰਦੇ ਅੰਦਰੋਂ ਅਗਿਆਨਤਾ ਦਾ ਅੰਧੇਰਾ ਦੂਰ ਕਰ, ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕਰ, ਆਪਣਾ ਲੋਕ ਪ੍ਰਲੋਕ ਸਵਾਰ ਲੈਂਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ –

**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ।।**
**ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ।।**

*ਸੋਰਠਿ ਮ: ੫, ਪੰਨਾ ੬੩੯*

# ਅਨੰਦ ਕਾਰਜ ਦੀ ਮਰਯਾਦਾ

ਗੁਰ ਸਿੱਖੀ ਮਰਯਾਦਾ ਅਨੁਸਾਰ ਬੱਚੇ-ਬੱਚੀ ਦਾ ਜਦੋਂ ਅਨੰਦ-ਕਾਰਜ ਅਰੰਭ ਹੋਣਾ ਹੁੰਦਾ ਹੈ। ਜਾਈਂ ਤੇ ਮਾਈਂ, ਬੱਚਾ-ਬੱਚੀ ਤੇ ਸਾਰੇ ਸੱਜਣ-ਮਿੱਤਰ ਸੰਗਤੀ ਰੂਪ ਵਿੱਚ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਬਾਰ ਵਿੱਚ ਪੁੱਜਦੇ ਹਨ। ਕੀਰਤਨ ਚਲ ਰਿਹਾ ਹੁੰਦਾ ਹੈ। ਵਾਰੋ-ਵਾਰੀ ਸਾਰੇ, ਸਤਿਗੁਰਾਂ ਨੂੰ ਨਮਸਕਾਰ ਕਰਕੇ ਸੰਗਤ ਵਿੱਚ ਸ਼ਸ਼ੋਭਤ ਹੋ ਜਾਂਦੇ ਹਨ। ਗ੍ਰੰਥੀ ਸਿੰਘ, ਬੱਚੇ-ਬੱਚੀ ਨੂੰ ਸਤਿਗੁਰਾਂ ਦੇ ਸਨਮੁਖ ਬੈਠਣ ਲਈ ਆਦੇਸ਼ ਦਿੰਦਾ ਹੈ। ਉਪ੍ਰੰਤ ਰਾਗੀ ਸਿੰਘ, ਕਾਰਜ ਦੀ ਸਫਲਤਾ ਲਈ

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।** *ਪਉੜੀ ਪੰਨਾ ੯੧*

ਸ਼ਬਦ ਪੜ੍ਹ ਕੇ ਅਨੰਦ ਕਾਰਜ ਦੇ ਨਿਰਵਿਘਨਤਾ ਸਹਿਤ ਸੰਪੂਰਨਤਾ ਲਈ ਬੇਨਤੀ ਕਰਦੇ ਹਨ। ਫਿਰ ਗ੍ਰੰਥੀ ਸਿੰਘ, ਬੱਚੇ-ਬੱਚੀ ਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ, ਗੁਰੂ ਹਜ਼ੂਰੀ ਵਿੱਚ ਖੜੇ ਕਰ ਕੇ ਅਨੰਦ ਕਾਰਜ ਦੀ ਅਰੰਭਤਾ ਲਈ ਗੁਰੂ ਚਰਨਾਂ ਵਿੱਚ ਸੰਖੇਪ ਅਰਦਾਸ ਕਰਦਾ ਹੈ। ਅਰਦਾਸ ਉਪ੍ਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਂਦਾ ਹੈ।

ਦੋਵੇਂ ਬੱਚੇ, ਗੁਰੂ ਹਜ਼ੂਰੀ ਵਿੱਚ ਸਤਿਗੁਰਾਂ ਦੇ ਸਨਮੁਖ ਬੈਠ ਜਾਂਦੇ ਹਨ। ਗ੍ਰੰਥੀ ਸਿੰਘ ਦੇ ਆਦੇਸ਼ ਦੇਣ ਤੇ ਲੜਕੀ ਦਾ ਪਿਤਾ ਸਾਰੀ ਸੰਗਤ ਵਿੱਚ ਬੱਚੇ ਦਾ ਪੱਲਾ ਆਪਣੀ ਲੜਕੀ ਦੇ ਹੱਥ ਪਕੜਾਉਂਦਾ ਹੈ ਤੇ ਰਾਗੀ ਸਿੰਘ–

**ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ।।**
**ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।।1।।**
*ਮ:੫, ਪੰਨਾ ੯੬੩*

ਸ਼ਬਦ ਪੜ੍ਹਦੇ ਹਨ। ਸ਼ਬਦ ਦੀ ਸਮਾਪਤੀ ਉਪ੍ਰੰਤ ਗ੍ਰੰਥੀ ਸਿੰਘ ਸ੍ਰੀ ਗੁਰੂ ਰਾਮ ਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਣ ਕੀਤੀਆਂ ਚਾਰ ਲਾਵਾਂ ਦਾ ਪਾਠ ਵਾਰੀ ਵਾਰੀ ਕਰਦਾ ਹੈ। ਸੁਭਾਗ ਜੋੜੀ ਇੱਕ ਲਾਵ ਨੂੰ ਸ੍ਰਵਣ ਕਰਕੇ ਗੁਰੂ ਮਹਾਰਾਜ ਜੀ ਨੂੰ ਮੱਥਾ ਟੇਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਸੱਜੇ ਪਾਸੇ ਰੱਖ ਕੇ, ਆਪਣੇ ਗੁਰਦੇਵ ਦੀਆਂ ਪ੍ਰਕਰਮਾਂ ਅਰੰਭ ਕਰ ਦਿੰਦੇ ਹਨ ਤੇ ਉੱਧਰ ਪ੍ਰੇਮ ਨਾਲ ਰਾਗੀ



ਸਿੰਘ ਪਹਿਲੀ ਲਾਂਵ ਦਾ ਕੀਰਤਨ ਅਰੰਭ ਕਰਦੇ ਹਨ। ਲਾਂਵ ਦਾ ਕੀਰਤਨ ਤੇ ਗੁਰਦੇਵ ਜੀ ਦੀ ਪ੍ਰਕਰਮਾ ਦੀ ਸਮਾਪਤੀ ਉਪ੍ਰੰਤ ਮੁੜ ਸੁਭਾਗੀ ਜੋੜੀ ਸਤਿਗੁਰਾਂ ਦੇ ਚਰਨਾਂ ਵਿੱਚ ਮੱਥਾ ਟੇਕ ਕੇ ਗੁਰੂ ਹਜ਼ੂਰੀ ਵਿੱਚ ਅਗਲੀ ਲਾਂਵ ਦਾ ਉਪਦੇਸ਼ ਸ੍ਰਵਣ ਕਰਨ ਵਾਸਤੇ ਬੈਠ ਜਾਂਦੇ ਹਨ। ਦੂਸਰੀ ਲਾਂਵ ਦੀ ਸਮਾਪਤੀ ਉਪ੍ਰੰਤ ਵੀ ਪਹਿਲੀ ਲਾਂਵ ਵਾਲੀ ਮਰਯਾਦਾ ਦੁਹਰਾਈ ਜਾਂਦੀ ਹੈ। ਇਸੇ ਤਰ੍ਹਾਂ ਚਾਰ ਲਾਵਾਂ ਦਾ ਉਪਦੇਸ਼ ਸ੍ਰਵਣ ਕਰ ਤੇ ਚਾਰੇ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਰਕਰਮਾਂ ਕਰਕੇ ਦੋਵੇਂ ਬੱਚਾ-ਬੱਚੀ ਗੁਰੂ ਚਰਨਾਂ ਵਿੱਚ ਬੈਠ ਜਾਂਦੇ ਹਨ। ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ(ਪੰਜ ਪਉੜੀਆਂ ਪਹਿਲੀਆਂ ਤੇ ਇੱਕ ਪਉੜੀ ਅਖੀਰਲੀ) ਉਪ੍ਰੰਤ **''ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।।''** ਪੜ੍ਹ ਕੇ ਮੁੜ ਸੰਗਤੀ ਰੂਪ ਵਿੱਚ ਪੂਰੀ (ਵੱਡੀ) ਅਰਦਾਸ ਕਰਕੇ ਜਿਥੇ ਗੁਰੂ ਮਹਾਰਾਜ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ, ਉਥੇ ਬੱਚਾ-ਬੱਚੀ, ਜਿਨ੍ਹਾਂ ਦਾ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਤੇ ਸਮੁੱਚੀ ਸੰਗਤ ਵਿੱਚ ਗੁਰਮਰਯਾਦਾ ਅਨੁਸਾਰ ਪਤੀ-ਪਤਨੀ ਦਾ ਨਾਤਾ ਬਣਿਆ ਹੈ, ਉਨ੍ਹਾਂ ਦੇ ਗ੍ਰਹਿਸਤ ਵਿੱਚ ਸਫਲ ਜੀਵਨ ਦੀ ਸੰਗਤੀ ਰੂਪ ਵਿੱਚ ਬੇਨਤੀ ਕੀਤੀ ਜਾਂਦੀ ਹੈ। ਉਪ੍ਰੰਤ ਮੁੜ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ ਲੈ ਕੇ, ਪ੍ਰਸ਼ਾਦ ਵਰਤਾ ਕੇ ਸੰਪੂਰਣਤਾ ਕੀਤੀ ਜਾਂਦੀ ਹੈ।

ਆਪਾਂ ਸਾਰੇ ਬੱਚੇ-ਬੱਚੀ ਸਮੇਤ, ਲਾਵਾਂ ਦੀ ਰਸਮ ਵਿੱਚ ਸ਼ਮੂਲੀਅਤ ਜ਼ਰੂਰ ਕਰਦੇ ਹਾਂ ਪਰ, ਇੱਕ-ਇੱਕ ਲਾਂਵ ਅੰਦਰ ਸਤਿਗੁਰਾਂ ਨੇ ਜੋ ਸਾਡੇ ਲੋਕ ਨੂੰ ਸਫਲਾ ਕਰਨ ਤੇ ਪ੍ਰਲੋਕ ਨੂੰ ਸੰਵਾਰਨ ਵਾਸਤੇ ਕਿ ਕਿਵੇਂ ਆਪਾਂ ਪਰਵਿਰਤੀ ਵਿੱਚ ਵਿਚਰਨਾ ਹੈ, ਤੇ ਕਿਵੇਂ ਪਰਵਿਰਤੀ ਵਿਚੋਂ ਨਿਕਲ ਕੇ ਨਿਰਵਿਰਤੀ ਧਾਰਨ ਕਰਨੀ ਹੈ? ਦਾ ਜੋ ਅਮੋਲਕ ਉਪਦੇਸ਼ ਪ੍ਰਦਾਨ ਕੀਤਾ ਹੈ, ਉਸ ਨੂੰ ਧਿਆਨ ਨਾਲ ਨਾ ਆਪਾਂ ਸਰਵਣ ਕਰਦੇ ਹਾਂ, ਵਿਚਾਰਨਾ ਤੇ ਇੱਕ ਪਾਸੇ ਰਿਹਾ। ਲਾਵਾਂ ਨੂੰ ਕੇਵਲ ਆਪਾਂ ਅਨੰਦ ਕਾਰਜ ਲਈ ਧਰਮੀ ਰਸਮ ਦੀ ਮੋਹਰ ਲਵਾਉਣ ਤਕ ਹੀ ਸੀਮਤ ਰੱਖ ਛੱਡਿਆ ਹੈ।

## ਸਾਡਾ ਅੱਜ ਦਾ ਦੁਖਾਂਤ

ਵਿਆਹ ਦਾ ਸਮੁੱਚਾ ਸਮਾਗਮ ਰਚਕੇ ਬੱਚੇ-ਬੱਚੀ ਦੇ ਜੀਵਨ ਵਿੱਚ ਸਫਲਤਾ-ਖੇੜੇ-ਅਨੰਦ ਦੀ ਜਾਚਨਾ ਲਈ ਅਤੇ ਗੁਰੂ-ਚਰਨਾਂ ਵਿੱਚੋਂ ਅਗਵਾਈ ਅਤੇ ਅਸੀਸ ਦੀ ਪ੍ਰਾਪਤੀ ਲਈ ਜੋ ਅਨੰਦ ਕਾਰਜ ਦਾ ਮੁੱਖ ਸਮਾਗਮ ਗੁਰੂ ਹਜ਼ੂਰੀ ਵਿੱਚ ਹੁੰਦਾ ਹੈ, ਬਦਕਿਸਮਤੀ

ਨਾਲ ਸਭ ਤੋਂ ਜਿਆਦਾ ਕਾਹਲ ਉੱਥੇ ਹੀ ਕੀਤੀ ਜਾਂਦੀ ਹੈ। ਗੁਰਦੁਆਰੇ ਪੁੱਜਦੇ ਹੀ ਮੋਹਤਬਰ ਸੱਜਣ, ਭਾਈ ਸਾਹਿਬ (ਗ੍ਰੰਥੀ ਸਿੰਘ) ਤੇ ਰਾਗੀ ਸਿੰਘਾਂ ਨੂੰ ਪਹਿਲਾਂ ਇਹ ਆਦੇਸ਼ ਦਿੰਦੇ ਹਨ ਕਿ ਭਾਈ ਸਾਹਿਬ ! ਜਰਾ ਛੇਤੀ ਛੇਤੀ ਲਾਵਾਂ ਦਾ ਕੰਮ ਨਬੇੜ ਦਿਉ, ਸਾਨੂੰ ਕਾਹਲੀ ਬਹੁਤ ਹੈ । ਕੋਈ ਇਨ੍ਹਾਂ ਨੂੰ ਪੁੱਛਣ ਵਾਲਾ ਹੋਵੇ ਕਿ ਭਲਿਓਮਾਣਸੋ! ਦੋ ਜਾਂ ਤਿੰਨ ਵਜੇ ਤੁਸੀਂ ਗੁਰੂ-ਘਰ ਪੁੱਜੇ ਹੋ, ਸਵੇਰ ਤੋਂ ਤਿੰਨ ਵਜੇ ਤੱਕ ਤੁਸੀਂ ਕੀ ਕਰਦੇ ਰਹੇ ਹੋ? ਅੱਜ ਦੇ ਹਾਲਾਤ ਵੱਲ ਵੇਖ ਕੇ ਇੱਕ ਪੁਰਾਤਨ ਕਹਾਵਤ ਸਾਹਮਣੇ ਆਉਂਦੀ ਹੈ ਕਿ ''ਕਮਲਾ ਹੋਵੇ ਇੱਕ ਤਾਂ ਸਮਝਾਵੇ ਵੇਹੜਾ, ਵੇਹੜਾ ਹੋਵੇ ਕਮਲਾ, ਸਮਝਾਵੇ ਕਿਹੜਾ''? ਸਤਿਗੁਰੂ ਅਰਜਨ ਦੇਵ ਜੀ ਦਾ ਵੀ ਗਉੜੀ ਰਾਗ ਅੰਦਰ ਫੁਰਮਾਨ ਹੈ ਕਿ ਇੱਕ ਜਾਂ ਦੋ-ਚਹੁੰ ਦੀ ਮੈਂ ਕੀਹ ਗੱਲ ਕਰਾਂ, ਸਾਰੇ ਇੱਕ ਦੂਜੇ ਦੇ ਪਿੱਛੇ ਲੱਗ ਕੇ ਠਗੇ ਜਾ ਰਹੇ ਹਨ। ਆਪ ਜੀ ਦਾ ਬਚਨ ਹੈ :-

**ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ।।**

ਮ:੫, ਪੰਨਾ ੨੧੯

ਖਾਣ ਤੇ ਖਵਾਉਣ ਵਾਲਿਆਂ ਨੂੰ ਚਾਹੀਦਾ ਤਾਂ ਇਹ ਸੀ ਕਿ ਜਿਸ ਅਨੰਦ ਕਾਰਜ ਦੇ ਕਰਨ ਲਈ, ਵਾਜੇ ਗਾਜੇ ਵਜਾਏ, ਖਾਣ ਪੀਣ ਲਈ ਅਨੇਕਾਂ ਪਦਾਰਥ ਤਿਆਰ ਕੀਤੇ, ਪਹਿਲਾਂ ਉਸ ਕਾਰਜ ਨੂੰ ਕਰਦੇ ਹੋਏ ਸਤਿਗੁਰਾਂ ਪਾਸੋਂ ਸਿੱਖਿਆ ਤੇ ਅਸੀਸ ਪ੍ਰਾਪਤ ਕਰਕੇ, ਸਾਰੇ ਕਾਰਜ ਦੀ ਸੰਪੂਰਨਤਾ ਦੀ ਖੁਸ਼ੀ ਵਿੱਚ ਤਿਆਰ ਕੀਤਾ ਜਲ-ਪਾਣੀ ਛਕਦੇ ਅਤੇ ਅਨੰਦ ਕਰਦੇ ਪਰ ਹੋ ਇਸ ਦੇ ਉਲਟ ਰਿਹਾ ਹੈ। ਜਿਨ੍ਹਾਂ ਨੂੰ ਅਸੀਂ ਸੁਹਿਰਦ ਜਾਣ ਕੇ ਸੱਦਦੇ ਹਾਂ, ਉਹ ਮੈਰਿਜ ਪੈਲਿਸ ਵਿੱਚ ਪ੍ਰਵੇਸ਼ ਕਰਦੇ ਹੀ ਪਦਾਰਥਾਂ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੰਦੇ ਹਨ ਤੇ ਸ਼ਾਮ ਤੱਕ ਇਹ ਕਾਰਜ ਜਾਰੀ ਰੱਖਦੇ ਹਨ। ਉਨ੍ਹਾਂ ਵੱਲੋਂ ਅਨੰਦ ਕਾਰਜ ਹੋਵੇ ਭਾਵੇਂ ਨਾ ਹੋਵੇ, ਉਨਾਂ ਦਾ ਖਾਣ ਪੀਣ ਤੇ ਸ਼ਗਨ ਦੇਣ ਤੱਕ ਹੀ ਵਾਸਤਾ ਹੁੰਦਾ ਹੈ। ਛਕ-ਛਕਾਈ ਦੇ ਕੰਮ ਤੋਂ ਵਿਹਲੇ ਹੋ ਕੇ, ਮਜ਼ਬੂਰੀ ਵੱਸ, ਨਜ਼ਦੀਕੀ ਰਿਸ਼ਤੇਦਾਰ, ਮਾਤਾ-ਪਿਤਾ ਜੋ ਗੁਰੂ ਘਰ ਅਨੰਦ ਕਾਰਜ ਦੀ ਧਾਰਮਿਕ ਮੋਹਰ ਲਵਾਉਣ ਜਾਂਦੇ ਹਨ ਉਹ ਵੀ ਗੁਰੂ ਘਰ ਜਾ ਕੇ ਕਾਹਲੀ ਕਾਹਲੀ ਗੁਰੂ ਅੰਗਦ ਦੇਵ ਜੀ ਦੇ ਫੁਰਮਾਨ ਅਨੁਸਾਰ "**ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ**" ਦੀ ਕਾਰ ਕਰ ਕੇ ਮੁੜ ਖਾਣ-ਪੀਣ ਦੇ ਚਸਕਿਆਂ ਵਿੱਚ ਪ੍ਰਵਿਰਤ ਹੋ ਜਾਂਦੇ ਹਨ। ਸੋ ਇਸ 'ਬੱਧਾ-ਚੱਟੀ' ਭਰਨ ਦਾ ਫਲ ਵੀ ਅਸੀਂ ਆਪਣੀਆਂ ਅੱਖਾਂ ਨਾਲ ਨਿੱਤ ਵੇਖਦੇ ਹਾਂ। ਮਹੀਨੇ-ਖੰਡ ਵਿੱਚ ਹੀ 'ਧਨ-ਪਿਰ' ਤੇ ਪ੍ਰਵਾਰ ਵਿੱਚ ਅੱਗ ਸੁਲਗਣ ਲੱਗ ਜਾਂਦੀ ਹੈ ਤੇ ਥੋੜ੍ਹਾ ਸਮਾਂ ਪਾ ਕੇ ਭਾਂਬੜ ਦਾ ਰੂਪ ਧਾਰ ਕੇ ਪ੍ਰਵਾਰ ਦੀਆਂ ਸਿੱਕਾਂ-ਸਧਰਾਂ ਤੇ ਰੀਝਾਂ ਨੂੰ ਰਾਖ ਕਰ ਦਿੰਦੀ ਹੈ।



ਸੱਚ ਜਾਣੋ, ਅਨੰਦ ਕਾਰਜ ਉਪ੍ਰੰਤ ਜਿੰਨੇ ਵੀ ਘਰਾਂ ਵਿੱਚ ਕਲਾ-ਕਲੇਸ਼, ਲੜਾਈ ਝਗੜੇ, ਤਕਰਾਰ ਤੇ ਛੱਡ-ਛਡਾਈ ਤੇ ਹੋਰ ਪ੍ਰੇਸ਼ਾਨੀਆਂ ਦੇ ਦੁੱਖ ਅਸੀਂ ਭੋਗ ਰਹੇ ਹਾਂ ਤੇ ਭੋਗਦਿਆਂ ਨੂੰ ਵੇਖ ਰਹੇ ਹਾਂ, ਇਨ੍ਹਾਂ ਸਾਰੀਆਂ ਪ੍ਰੇਸ਼ਾਨੀਆਂ ਦਾ ਮੂਲ ਕਾਰਣ, ਗੁਰੂ ਦੇ ਉਪਦੇਸ਼ ਨੂੰ ਨਾ ਸੁਣਨਾ ਤੇ ਨਾ ਆਪਣੇ ਜੀਵਨ ਅੰਦਰ ਧਾਰਨ ਕਰਨਾ ਹੀ ਹੈ। ਗੁਰੂ ਦੇ ਉਪਦੇਸ਼ ਦਾ ਕੋਈ ਕਿਣਕਾ ਅਸੀਂ ਆਪਣੇ ਕੰਨਾਂ ਵਿੱਚ ਪੈਣ ਹੀ ਨਹੀਂ ਦਿੱਤਾ ਕਿਉਂਕਿ, ਲਾਵਾਂ ਦੇ ਕਾਰਜ ਵੇਲੇ ਬਣਨ ਵਾਲੇ ਪਤੀ-ਪਤਨੀ ਦਾ ਧਿਆਨ ਪਰਕਰਮਾਂ ਦੀ ਰਸਮ ਠੀਕ ਨਿਭਾਉਣ ਤੇ ਆਪਣੇ ਕੱਪੜਿਆਂ ਵੱਲ ਹੀ ਕੇਂਦਰਿਤ ਹੁੰਦਾ ਹੈ। ਮਾਤਾ-ਪਿਤਾ, ਸੱਜਣਾ-ਮਿੱਤਰਾਂ ਤੇ ਅੰਗਾਂ ਸਾਕਾਂ ਦਾ ਪੂਰਾ ਧਿਆਨ ਬਣਨ ਵਾਲੇ 'ਧਨ-ਪਿਰ' ਦੀ ਨਿਭਾਈ ਜਾ ਰਹੀ ਰਸਮ ਵਿੱਚ ਹੁੰਦਾ ਹੈ। ਗੁਰੂ ਦੇ ਉਪਦੇਸ਼ ਵੱਲ ਕਿਸੇ ਵਿਰਲੇ ਭਾਗਾਂ ਵਾਲੇ ਦਾ ਹੀ ਧਿਆਨ ਹੁੰਦਾ ਹੈ। ਜੇ ਗੁਰੂ ਉਪਦੇਸ਼ ਸਾਡੀ ਸਿਮ੍ਰਤੀ ਵਿੱਚ ਗਿਆ ਹੀ ਨਹੀਂ ਫਿਰ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਦੇ ਉਪਦੇਸ਼ ਦੇ ਉਲਟ ਫਿਰ ਸਾਡੇ ਮਨ ਦੀ ਮੱਤ ਸਾਨੂੰ ਆਪਣੇ ਮਗਰ ਤੋਰਦੀ ਹੈ। ਗੁਰੂ ਅਮਰਦਾਸ ਜੀ ਆਪਣਾ ਅਟੱਲ ਫੈਸਲਾ ਸੋਰਠਿ ਰਾਗ ਅੰਦਰ ਦਿੰਦੇ ਹਨ ਕਿ ਜੋ ਗੁਰੂ ਦੇ ਉਪਦੇਸ਼ ਨੂੰ ਤਿਆਗ ਕੇ ਆਪਣੇ ਮਨ ਪਿੱਛੇ ਲੱਗ ਕੇ ਚੱਲਦਾ ਹੈ, ਉਸ ਨੂੰ ਸਦਾ ਦੁੱਖਾਂ ਦੀਆਂ ਚੋਟਾਂ ਤੇ ਪਛਤਾਵਾ ਹੀ ਸਹਾਰਨਾ ਪੈਂਦਾ ਹੈ। ਆਪ ਦਾ ਬਚਨ ਹੈ:-

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ।।੧।।**

ਮ:੩, ਪੰਨਾ ੬੦੧

ਸਤਿਗੁਰੂ ਨਾਨਕ ਪਾਤਸ਼ਾਹ, ਮਲਾਰ ਕੀ ਵਾਰ ਅੰਦਰ ਫੁਰਮਾਉਂਦੇ ਹਨ ਕਿ ਆਪਣੀ ਮਰਜ਼ੀ ਅਨੁਸਾਰ ਚੱਲ ਕੇ ਮਨੁੱਖ ਕਦੇ ਸੁੱਖ ਨਹੀਂ ਪਾ ਸਕਦਾ ਸਗੋਂ ਮਨੁੱਖ ਅਗਿਆਨਤਾ ਅਧੀਨ, ਅਗਿਆਨਤਾ ਵਾਲੇ ਕਰਮ ਕਰਕੇ ਹੋਰ ਦੁਖੀ ਹੁੰਦਾ ਹੈ। ਆਪ ਦਾ ਬਚਨ ਹੈ:-

**ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ।।**

ਮ:੧, ਪੰਨਾ ੧੨੮੭

ਸੋ ਲੋੜ ਹੈ, ਆਪਣੇ ਮਨ ਦੀ ਮੱਤ ਦਾ ਤਿਆਗ ਕਰਕੇ, ਗ੍ਰਹਿਸਤ ਵਿੱਚ ਪ੍ਰਵੇਸ਼ ਕਰਨ ਸਮੇਂ, ਸਤਿਗੁਰੂ ਰਾਮਦਾਸ ਜੀ ਦਾ ਲੋਕ-ਪ੍ਰਲੋਕ ਸਫਲਾ ਕਰਨ ਵਾਲਾ ਉਪਦੇਸ਼ ਅਸੀਂ ਸਾਰੇ, ਸਮੇਤ ਦੰਪਤੀ ਜੋੜੇ ਦੇ ਸੁਣੀਏ ਅਤੇ ਉਸ ਅਨੁਸਾਰ ਚੱਲਣ ਦਾ ਯਤਨ ਕਰੀਏ ਫਿਰ "**ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ**" ਦੀਆਂ ਦਾਤਾਂ ਗੁਰੂ ਦਰ ਵਿੱਚੋਂ ਸੁਖੈਨ ਹੀ ਪ੍ਰਾਪਤ ਹੋ ਜਾਣਗੀਆਂ।

# ਮੱਥਾ ਟੇਕਣ ਤੇ ਪਰਕਰਮਾ ਦਾ ਭਾਵ

ਅਰਦਾਸ ਤੇ ਪੱਲੇ ਦੀ ਰਸਮ ਅਦਾ ਹੋ ਜਾਣ ਉਪਰੰਤ ਜਿਸ ਵੇਲੇ ਬਣਨ ਵਾਲੇ ਪਤੀ ਪਤਨੀ (ਦੰਪਤੀ) ਮੱਥਾ ਟੇਕ ਕੇ ਗੁਰੂ ਚਰਨਾਂ ਵਿੱਚ ਬੈਠ ਜਾਂਦੇ ਹਨ, ਗ੍ਰੰਥੀ ਸਿੰਘ ਜੀ, ਗੁਰੂ ਰਾਮਦਾਸ ਜੀ ਦੇ ਮੁਖਾਰ-ਬਿੰਦ ਚੋਂ ਉਚਾਰਨ, ਸਫਲ ਗ੍ਰਹਿਸਤੀ ਜੀਵਨ ਜਿਉਣ ਦਾ ਉਪਦੇਸ਼, ਜੋ ਸਤਿਗੁਰੂ ਜੀ ਨੇ ਲਾਵਾਂ ਦੀ ਬਾਣੀ ਅੰਦਰ ਸਾਨੂੰ ਜਗਿਆਸੂਆਂ ਨੂੰ ਪ੍ਰਦਾਨ ਕੀਤਾ ਹੈ, ਉਸ ਦੀ ਅਰੰਭਤਾ ਕਰਦਾ ਹੈ। ਬੜੇ ਠਹਿਰਾਉ ਵਿੱਚ ਪਹਿਲੀ ਲਾਵ ਦਾ ਉਪਦੇਸ਼ ਦੰਪਤੀ ਨੂੰ ਸ੍ਰਵਣ ਕਰਵਾਇਆ ਜਾਂਦਾ ਹੈ। ਉਸ ਉਪਦੇਸ਼ ਨੂੰ ਸ੍ਰਵਣ ਕਰਕੇ ਬਣਨ ਵਾਲੇ ਪਤੀ-ਪਤਨੀ, ਸਤਿਗੁਰਾਂ ਨੂੰ ਮੱਥਾ ਟੇਕਦੇ ਹਨ। ਮੱਥਾ ਟੇਕਣ ਤੋਂ ਭਾਵ ਇਹ ਹੈ ਕਿ ਸਤਿਗੁਰੂ ਜੀ ! ਜੋ ਤੁਸੀਂ ਪਹਿਲੀ ਲਾਵ ਅੰਦਰ ਸਾਨੂੰ ਉਪਦੇਸ਼ ਸ੍ਰਵਣ ਕਰਵਾਇਆ ਹੈ ਅਸੀਂ ਉਸ ਨੂੰ ਸ੍ਰਵਣ ਕਰ ਲਿਆ ਹੈ। ਅਸੀਂ ਆਪ ਦੇ ਉਪਦੇਸ਼ ਨੂੰ ਸ੍ਰਵਣ ਕਰਕੇ ਉਸ ਨੂੰ ਆਪਣੇ ਜੀਵਨ ਅੰਦਰ ਧਾਰਨ ਕਰਨ ਲਈ ਸਵੀਕਾਰ ਕਰਦੇ ਹਾਂ। ਫਿਰ ਰਾਗੀ ਸਿੰਘ ਉਸੇ ਵੇਲੇ ਪਹਿਲੀ ਲਾਵ ਦੇ ਉਪਦੇਸ਼ ਨੂੰ ਬੜੇ ਠਹਿਰਾਉ ਵਿੱਚ ਕੀਰਤਨ ਦੁਆਰਾ ਦੁਹਰਾਉਂਦੇ ਹਨ ਤੇ ਜੋੜੀ, ਸਤਿਗੁਰਾਂ ਦੀ ਪਰਕਰਮਾਂ ਕਰਦੀ ਹੈ। ਸਾਰਾ ਉਪਦੇਸ਼ ਮੁੜ ਸ੍ਰਵਣ ਕਰਨ ਤੇ ਪ੍ਰਕਰਮਾਂ ਪੂਰੀ ਹੋ ਜਾਣ ਤੇ ਦੋਵੇਂ, ਸੁਭਾਗੀ ਜੋੜੀ ਦੇ ਜੀਅ, ਮੁੜ ਸਤਿਗੁਰਾਂ ਨੂੰ ਮੱਥਾ ਟੇਕਦੇ ਹਨ। ਜਿਸ ਦਾ ਭਾਵ ਹੈ ਕਿ ਸਤਿਗੁਰੂ ਜੀ ! ਅਸੀਂ ਆਪ ਤੋਂ ਬਲਿਹਾਰ ਜਾਂਦੇ ਹਾਂ ਜੋ ਤੁਸੀਂ ਸਾਨੂੰ ਆਰਥਿਕ ਤੇ ਪ੍ਰਮਾਰਥਿਕ ਜੀਵਨ ਜਿਉਣ ਦੀ ਸੇਧ ਗੁਰ-ਸ਼ਬਦ ਦੁਆਰਾ ਬਖਸ਼ਿਸ ਕੀਤੀ ਹੈ, ਅਸੀਂ ਉਸ ਨੂੰ ਦੋ ਵਾਰੀ ਸ੍ਰਵਣ ਕਰ ਲਿਆ ਹੈ। ਅਸੀਂ ਆਪ ਦੇ ਉਪਦੇਸ਼ ਨੂੰ ਆਪਣੇ ਜੀਵਨ ਅੰਦਰ ਧਾਰਨ ਕਰਨ ਲਈ, ਤੁਹਾਨੂੰ ਮੱਥਾ ਟੇਕ ਕੇ, ਤੁਹਾਡੇ ਨਾਲ ਬਚਨਬੱਧਤਾ ਕਰਦੇ ਹਾਂ ਕਿ ਅਸੀਂ ਆਪ ਜੀ ਦੇ ਹੁਕਮ ਅਨੁਸਾਰ ਹੀ ਜੀਵਨ ਬਤੀਤ ਕਰਾਂਗੇ। ਇਸੇ ਤਰ੍ਹਾਂ ਮੁੜ ਦੂਸਰੀ ਲਾਵ ਦਾ ਉਪਦੇਸ਼, ਗ੍ਰੰਥੀ ਸਿੰਘ ਸ੍ਰਵਣ ਕਰਵਾਉਂਦਾ ਹੈ। ਮੁੜ ਉਹੋ ਮੱਥਾ ਟੇਕਣ, ਪ੍ਰਕਰਮਾ ਕਰਨ ਦੀ ਸਾਰੀ ਰੀਤ ਦੁਹਰਾਈ ਜਾਂਦੀ ਹੈ।

ਇਸੇ ਤਰ੍ਹਾਂ ਸਮੁੱਚੇ ਗ੍ਰਹਿਸਤੀ ਜੀਵਨ ਨੂੰ ਸਫਲ ਤੇ ਸੁਚੱਜਤਾ ਨਾਲ ਚਲਾਉਣ ਲਈ, ਚਾਰ ਲਾਵਾਂ ਦਾ ਉਪਦੇਸ਼, ਗ੍ਰੰਥੀ ਸਿੰਘ ਤੇ ਰਾਗੀ ਸਿੰਘਾਂ ਵੱਲੋਂ ਸਮੁੱਚੀ ਸੰਗਤ, ਦੰਪਤੀ ਦੇ ਮਾਤਾ ਪਿਤਾ ਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ, ਦੰਪਤੀ ਨੂੰ ਦ੍ਰਿੜ ਕਰਵਾਇਆ ਜਾਂਦਾ ਹੈ ਤੇ ਮੱਥਾ ਟਿਕਵਾ ਕੇ, ਸਮੂਹ ਸੰਗਤ ਦੀ ਹਾਜ਼ਰੀ ਵਿੱਚ, ਗੁਰੂ ਉਪਦੇਸ਼ ਨੂੰ ਜੀਵਨ ਅਗਵਾਈ ਲਈ ਦੰਪਤੀ ਦੀ ਬਚਨਬੱਧਤਾ ਕਰਵਾਈ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਮਾਇਆ ਦੇ ਪ੍ਰਭਾਵ ਅਧੀਨ, ਦੰਪਤੀ ਤੇ ਦੋਵਾਂ ਦੇ ਮਾਤਾ-ਪਿਤਾ, ਗੁਰੂ ਉਪਦੇਸ਼ ਨੂੰ



ਸੁਣਨ ਜਾਂ ਨਾ ਸੁਣਨ। ਪਰ ਸਤਿਗੁਰੂ ਜੀ ਵਲੋਂ ਗ੍ਰਹਿਸਤੀ ਜੀਵਨ ਸੁਖਾਲਾ ਤੇ ਸਫਲਾ ਬਤੀਤ ਕਰਨ ਅਤੇ ਆਤਮਾ ਦੇ ਪ੍ਰਭੂ ਨਾਲ ਮਿਲਾਪ ਪ੍ਰਾਪਤ ਕਰਨ ਦਾ, ਲਾਵਾਂ ਦੀ ਬਾਣੀ ਅੰਦਰ ਸੰਪੂਰਨ ਉਪਦੇਸ਼ ਹੈ। ਜੋ ਸੁਣ ਕੇ ਮੰਨ ਲੈਣਗੇ, ਉਹ ਸੰਸਾਰ ਵਿੱਚ ਸੁਖੀ ਸੁਹੇਲਾ ਜੀਵਨ ਮਾਣਦੇ, ਆਪਣੇ "**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ**" ਦਾ ਕਾਰਜ ਵੀ ਪੂਰਾ ਕਰ ਲੈਣਗੇ। ਜੋ ਨਾ ਸੁਣਨਗੇ ਤੇ ਨਾ ਮੰਨਣਗੇ ਫਿਰ ਦੋਸ਼ ਸਤਿਗੁਰੂ ਦਾ ਨਹੀਂ, ਦੋਸ਼ ਹੈ ਸਰੋਤੇ ਸਿੱਖ ਦਾ। ਬਾਬਾ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਜੇ ਸਿੱਖ ਵਿੱਚ ਹੀ ਊਣਤਾ ਹੋਵੇ, ਉਹ ਗੁਰੂ ਉਪਦੇਸ਼ ਨੂੰ ਸੁਣੇ ਹੀ ਨਾ, ਫਿਰ ਪੂਰਾ ਸਤਿਗੁਰੂ ਵੀ ਕੁਝ ਨਹੀਂ ਕਰ ਸਕਦਾ । ਉਸ ਅਗਿਆਨੀ ਸਿੱਖ ਨੂੰ ਗੁਰੂ ਦੀ ਇੱਕ ਵੀ ਸਿੱਖਿਆ ਪੋਹ ਨਹੀਂ ਸਕਦੀ। ਜਿਸ ਤਰ੍ਹਾਂ ਬਾਂਸ ਦੀ ਨਾਲੀ ਵਿੱਚ ਇੱਕ ਪਾਸੇ ਤੋਂ ਫੂਕ ਮਾਰੋ ਉਹ ਬਾਂਸ ਦੀ ਪੋਰੀ ਵਿੱਚੋਂ ਦੂਸਰੇ ਪਾਸੇ ਨਿਕਲ ਜਾਂਦੀ ਹੈ ਤੇ ਬਾਂਸ ਦੀ ਨਾਲੀ ਅੰਦਰ ਹਵਾ ਠਹਿਰਦੀ ਨਹੀਂ। ਕਬੀਰ ਜੀ ਫੁਰਮਾਨ ਕਰਦੇ ਹਨ:-

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ।।**
**ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ।।੧੫੮।।**

ਸਲੋਕ ਕਬੀਰ ਜੀ, ਪੰਨਾ ੧੩੭੨

ਲਾਵਾਂ ਦੀ ਬਾਨੀ ਗੁਰੂ ਗ੍ਰੰਥ ਸਾਹਿਬ ਜੀ ਦੇ ੭੭੩ ਅੰਗ ਉੱਪਰ ਸੂਹੀ ਰਾਗ ਅੰਦਰ ਦਰਜ ਹੈ। ਗੁਰੂ ਦੀ ਬਾਣੀ ਅਗਾਧ-ਬੋਧ ਹੈ, ਕੋਈ ਵੀ ਮਨੁੱਖੀ ਬੁੱਧੀ ਰੱਖਣ ਵਾਲਾ ਨਾ ਤਾਂ ਗੁਰਬਾਣੀ ਨੂੰ ਸੰਪੂਰਨ ਤੌਰ ਤੇ ਸਮਝ ਸਕਦਾ ਹੈ, ਨਾ ਕਿਸੇ ਨੂੰ ਸੰਪੂਰਨ ਸਮਝਾ ਸਕਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ '**'ਏਵਡੁ ਊਚਾ ਹੋਵੈ ਕੋਇ।। ਤਿਸ ਊਚੇ ਕਉ ਜਾਣੈ ਸੋਇ।।**'' ਪਰ ਫਿਰ ਵੀ ਗੁਰਬਾਣੀ ਵਿੱਚੋਂ ਕੁੱਝ ਅਗਵਾਈ ਪ੍ਰਾਪਤ ਕਰਨ ਦੀ ਭਾਵਨਾ ਨਾਲ ਲਾਵਾਂ ਦੇ ਸਰਲ ਅਰਥ ਕਰਨ ਦਾ, ਗੁਰੂ ਮਿਹਰ ਨਾਲ ਯਤਨ ਕੀਤਾ ਹੈ।

# ਪਹਿਲੀ ਲਾਵ

## (ਮੂਲ ਤੇ ਪਦ-ਅਰਥ)

## ਸੂਹੀ ਮਹਲਾ ੪

**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥**
**ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥**
**ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥**
**ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥**
**ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥**
**ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥**

**ਪਦ ਅਰਥ :** **ਲਾਵ** – ਉਹ ਕਿਰਿਆ, ਜਿਸ ਰਸਮ ਨਾਲ ਬੱਚੀ ਦਾ ਪੇਕੇ ਘਰ ਨਾਲੋਂ ਰਿਸ਼ਤਾ ਟੁੱਟ ਕੇ, ਸਹੁਰੇ ਘਰ ਵਿਚ ਪਤੀ ਨਾਲ ਪਤਨੀ ਦਾ ਰਿਸ਼ਤਾ ਬਣ ਜਾਵੇ। ਸਮਾਜਿਕ ਰੀਤੀ ਅਨੁਸਾਰ ਗੁਰੂ ਹਜੂਰੀ ਵਿੱਚ ਗ੍ਰਹਿਸਤ ਵਿੱਚ ਪ੍ਰਵੇਸ਼ ਹੋਣ ਦੀ ਕਿਰਿਆ, ਵਿਆਹ ਸਮੇ ਪ੍ਰਕਰਮਾ (ਫੇਰੇ) ਲੈਣੇ। **ਪਰਵਿਰਤੀ** – ਪ੍ਰਵੇਸ਼ ਕਰਨ ਦੀ ਕਿਰਿਆ, ਸੰਸਾਰਕ ਕਾਰ ਵਿੱਚ ਖਚਤ ਹੋਣਾ। **ਦ੍ਰਿੜਾਇਆ** – ਦ੍ਰਿੜ ਕਰਵਾ ਦਿੱਤਾ। **ਬਲਿ ਰਾਮ ਜੀਉ** – ਹੇ ਪਰਮਾਤਮਾਂ ! ਮੈਂ ਤੈਥੋਂ ਕੁਰਬਾਨ-ਬਲਿਹਾਰ ਜਾਂਦਾ ਹਾਂ। **ਬਾਣੀ ਬ੍ਰਹਮਾ ਵੇਦੁ** – ਗੁਰੂ ਕੀ ਬਾਣੀ ਜੋ ਬ੍ਰਹਮ ਦਾ ਰੂਪ ਤੇ ਗਿਆਨ ਦੀ ਦਾਤੀ ਹੈ। **ਧਰਮੁ ਦ੍ਰਿੜਹੁ** – ਜੀਵਨ ਵਿੱਚ ਧਰਮ ਦੇ ਕੰਮਾਂ ਨੂੰ ਦ੍ਰਿੜਤਾ ਨਾਲ ਧਾਰਨ ਕਰੋ। **ਪਾਪ ਤਜਾਇਆ** – ਪਾਪ ਕਰਮਾਂ ਦਾ ਤਿਆਗ ਕਰੋ। **ਸਿਮ੍ਰਿਤਿ ਨਾਮੁ** – ਨਾਮ ਨੂੰ ਆਪਣੀ ਸਿਮ੍ਰਤੀ (ਚੇਤਾ ਸ਼ਕਤੀ) ਵਿੱਚ ਦ੍ਰਿੜ ਕਰ ਲਵੋ। **ਕਿਲਵਿਖ** – ਪਾਪ ਕਰਮ। **ਸਹਜ** – ਸੁਰਤ ਅਡੋਲ ਅਵਸਥਾ ਵਿੱਚ ਟਿਕ ਜਾਵੇਗੀ।



**ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥**

**ਅੱਖਰੀ ਅਰਥ :** ਪਹਿਲੀ ਲਾਵ ਦੀ ਪਹਿਲੀ ਪੰਕਤੀ ਅੰਦਰ ਸਤਿਗੁਰੂ ਜੀ ਵਲੋਂ, ਪਤੀ-ਪਤਨੀ ਦੇ ਰੂਪ ਵਿੱਚ, ਬਣਨ ਵਾਲੀ ਸੁਭਾਗੀ ਜੋੜੀ ਨੂੰ ਸਫਲਤਾ ਸਹਿਤ ਜੀਵਨ ਬਤੀਤ ਕਰਨ ਹਿੱਤ, ਸੰਸਾਰ ਅੰਦਰ ਪ੍ਰਵਿਰਤ ਹੋ ਕੇ ਕਾਰਜ ਕਰਨ ਲਈ ਉਪਦੇਸ਼ ਪ੍ਰਦਾਨ ਕੀਤਾ ਹੈ।

# ਪਰਵਿਰਤੀ ਕਰਮ ਦ੍ਰਿੜਾਇਆ

## (ਪਹਿਲੀ ਲਾਵ ਦਾ ਸਾਰ)

**ਸੰਖੇਪ ਵਿਚਾਰ :** ਸਤਿਗੁਰੂ ਰਾਮਦਾਸ ਜੀ, ਪਹਿਲੀ ਲਾਵ ਦੀ ਪਹਿਲੀ ਪੰਕਤੀ ਅੰਦਰ ਪ੍ਰਵਿਰਤੀ ਕਰਮ ਨੂੰ ਦ੍ਰਿੜ ਕਰਨ ਦਾ ਉਪਦੇਸ਼ ਪ੍ਰਦਾਨ ਕਰਦੇ ਹਨ। ਜੋ ਹੈ ਭੀ ਸੱਚ, ਕਿਉਂਕਿ, ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ, ਚਾਹੇ ਉਹ ਆਰਥਿਕ ਹੈ ਜਾਂ ਪਰਮਾਰਥਿਕ, ਪ੍ਰਵੇਸ਼ ਕੀਤੇ ਤੇ ਪ੍ਰਵਿਰਤ ਹੋਏ ਤੋਂ ਬਿਨਾਂ ਕਿਸੇ ਨੂੰ ਸਫਲਤਾ ਨਾ ਹੋਈ ਤੇ ਨਾ ਹੋ ਹੀ ਸਕਣੀ ਹੈ।

ਉਦਾਹਰਣ ਦੇ ਤੌਰ ਤੇ, ਬੱਚੇ ਨੂੰ ਆਪਾਂ ਸਕੂਲੇ ਪ੍ਰਵੇਸ਼ ਕਰਵਾਉਂਦੇ ਹਾਂ। ਨਿਰਾ ਸਕੂਲ ਵਿੱਚ ਪ੍ਰਵੇਸ਼ ਕਰਨ ਨਾਲ ਬੱਚੇ ਨੂੰ ਕੋਈ ਡਿਗਰੀ ਨਹੀਂ ਮਿਲਣੀ, ਜਿੰਨਾਂ ਚਿਰ ਬੱਚਾ, ਜੋ ਅਧਿਆਪਕ ਪੜਾਉਂਦਾ ਹੈ ਉਸ ਵਿੱਚ ''ਪ੍ਰਵਿਰਤ'' ਹੋ ਕੇ ਲਗਨ ਨਾਲ ਪੜ੍ਹਾਈ ਨਹੀਂ ਕਰਦਾ। **ਪ੍ਰਵੇਸ਼ ਤੇ ਪਰਵਿਰਤੀ** ਦੇ ਸੁਮੇਲ ਨਾਲ ਹੀ ਬੱਚੇ ਨੂੰ ਸਕੂਲ ਤੇ ਕਾਲਜ ਦੀਆਂ ਡਿਗਰੀਆਂ ਮਿਲਦੀਆਂ ਹਨ। ਕਿਸੇ ਮਨੁੱਖ ਨੂੰ ਨੌਕਰੀ ਪ੍ਰਾਪਤ ਹੋ ਜਾਵੇ ਅਤੇ ਉਹ ਦਫਤਰ ਵਿੱਚ ਪ੍ਰਵੇਸ਼ ਕਰ ਕੇ ਨੌਕਰੀ ਦੀ ਕੁਰਸੀ ਉਪਰ ਬੈਠ ਜਾਵੇ। ਨਿਰਾ ਪ੍ਰਵੇਸ਼ ਕਰਕੇ ਕੁਰਸੀ ਉਪਰ ਬੈਠਣ ਨਾਲ ਕਿਸੇ ਨੌਕਰ ਨੂੰ ਤਨਖਾਹ ਪ੍ਰਾਪਤ ਨਹੀਂ ਹੋਣੀ। ਤਨਖਾਹ ਤਦੋਂ ਪ੍ਰਾਪਤ ਹੋਵੇਗੀ ਜਦੋਂ ਉਹ ਕੰਮ ਵਿੱਚ ਪ੍ਰਵਿਰਤ ਹੋਕੇ ਅੱਠ-ਦਸ ਘੰਟੇ ਮਾਲਕ ਦਾ ਕੰਮ ਕਰੇਗਾ। ਸੋ ਹਰ ਕੰਮ ਵਿੱਚ ਸਫਲਤਾ ਪ੍ਰਵੇਸ਼ ਤੇ ਪ੍ਰਵਿਰਤੀ ਕਰਮ ਦੁਆਰਾ ਹੀ ਸੰਭਵ ਹੈ।

ਪਰਮਾਰਥ ਵਿੱਚ ਸਫਲਤਾ ਪ੍ਰਾਪਤ ਕਰਨ ਵਾਸਤੇ ਵੀ ਜਗਿਆਸੂ ਨੂੰ ਗੁਰੂ ਦੇ ਘਰ ਵਿੱਚ ਪ੍ਰਵੇਸ਼ ਕਰਨਾ ਪਵੇਗਾ, ਪ੍ਰਵੇਸ਼ ਕਰਨ ਉਪ੍ਰੰਤ ਜੋ ਉਪਦੇਸ਼ ਸਤਿਗੁਰੂ ਜੀ ਜਗਿਆਸੂ ਨੂੰ ਪ੍ਰਦਾਨ ਕਰਦੇ ਹਨ, ਉਸ ਉਪਦੇਸ਼ ਨੂੰ ਲਗਨਤਾ ਤੇ ਪ੍ਰਵਿਰਤੀ ਕਰਮ ਦੀ ਬਿਰਤੀ ਦੁਆਰਾ ਕਮਾਉਣ ਸਦਕਾ ਸਤਿਗੁਰੂ, ਜਗਿਆਸੂ ਨੂੰ ਪ੍ਰਵਿਰਤੀ

ਵਿੱਚ ਵਿਚਰਦਿਆਂ ਨ੍ਰਿਵਿਰਤੀ ਦੀ ਜਾਚ ਪ੍ਰਦਾਨ ਕਰ ਦਿੰਦੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ, ਗੁਰਮੁਖ ਸੰਸਾਰ ਵਿੱਚ ਰਹਿੰਦਾ, ਕਾਰ-ਵਿਹਾਰ ਕਰਦਾ, ਸੁਰਤ ਪਰਮਾਤਮਾਂ ਦੇ ਸ਼ਬਦ ਨਾਲ ਜੋੜ ਕੇ, ਸੰਸਾਰਿਕ ਮੋਹ ਮਾਇਆ ਦੇ ਜੰਜਾਲ ਤੋਂ ਅਲਿਪਤ ਹੋ ਜਾਂਦਾ ਹੈ। ਜਿਵੇਂ ਕੰਵਲ ਫੁੱਲ ਪਾਣੀ ਵਿੱਚ ਰਹਿੰਦਾ, ਆਪਣੀ ਖੁਰਾਕ ਪਾਣੀ ਵਿੱਚੋਂ ਪ੍ਰਾਪਤ ਕਰਦਾ ਹੈ। ਸਾਰਾ ਜੀਵਨ ਪਾਣੀ ਅੰਦਰ ਬਤੀਤ ਕਰਦਾ ਹੋਇਆ ਵੀ ਪਾਣੀ ਤੋਂ ਅਭਿੱਜ ਰਹਿੰਦਾ ਹੈ। ਜਿਵੇਂ ਮੁਰਗਾਬੀ ਜਨਮ ਤੋਂ ਪਾਣੀ ਵਿੱਚ ਆਪਣਾ ਜੀਵਨ ਬਤੀਤ ਕਰਦੀ, ਪਾਣੀ ਵਿੱਚੋਂ ਖੁਰਾਕ ਪ੍ਰਾਪਤ ਕਰਦੀ ਹੈ ਪਰ ਉਹ ਪਾਣੀ ਤੋਂ ਅਭਿੱਜ ਰਹਿੰਦੀ ਹੈ। ਤਿਵੇਂ ਗੁਰੂ ਕਾ ਆਗਿਆਕਾਰੀ ਸਿੱਖ, ਸੰਸਾਰ ਵਿੱਚ ਕਾਰ ਵਿਹਾਰ ਕਰਦਾ ਮਾਇਆ ਦੇ ਪ੍ਰਭਾਵ ਤੋਂ ਅਲਿਪਤ ਰਹਿੰਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਸਿੱਧ ਗੋਸਟ ਬਾਣੀ ਅੰਦਰ ਫੁਰਮਾਨ ਹੈ –

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**

*ਸਿਧ ਗੋਸਟਿ ਮ: ੧, ਪੰਨਾ ੯੩੮*

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਰਾਮਕਲੀ ਰਾਗ ਅੰਦਰ ਬਚਨ ਹੈ। ਗੁਰਮੁਖ ਪਰਵਿਰਤੀ ਵਿੱਚ ਵਿਚਰਦਿਆਂ ਹੋਇਆ, ਨਿਰਵਿਰਤੀ ਦਾ ਧਾਰਨੀ ਕਿਵੇਂ ਹੈ।

**ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥**

*ਸਿਧ ਗੋਸਟਿ ਮ : ੧, ਪੰਨਾ ੯੪੧*

ਦੂਸਰਾ, ਸਤਿਗੁਰੂ ਨਵੀਂ ਜੋੜੀ ਨੂੰ ਉਪਦੇਸ਼ ਕਰਦੇ ਫੁਰਮਾਉਂਦੇ ਹਨ ਕਿ ਬੱਚਿਓ ! ਅੱਜ ਤੋਂ ਪਹਿਲਾਂ ਤੁਹਾਡਾ ਸੰਸਾਰ ਅੰਦਰ ਹੋਰ ਰਿਸ਼ਤਾ ਸੀ। ਅੱਜ ਤੁਸੀਂ ਧਰਮ-ਮਰਯਾਦਾ ਅਧੀਨ ਗ੍ਰਹਿਸਤ ਵਿੱਚ ਪ੍ਰਵੇਸ਼ ਕੀਤਾ ਹੈ। ਅੱਜ ਤੋਂ ਤੁਹਾਡਾ ਪਤੀ-ਪਤਨੀ ਦੇ ਰੂਪ ਵਿੱਚ ਰਿਸ਼ਤਾ ਬਣਿਆ ਹੈ। ਸੰਸਾਰ ਦਾ ਸੁਖੀ ਸੁਹੇਲਾ ਜੀਵਨ ਬਤੀਤ ਕਰਨ ਤੇ ਕੁੱਲੀ, ਗੁੱਲੀ, ਜੁੱਲੀ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ, ਤੁਸੀਂ ਸੰਸਾਰ ਦੇ ਸਾਰੇ ਕਾਰਜ ਪਰਵਿਰਤੀ ਬਿਰਤੀ (ਲਗਨ) ਨਾਲ ਕਰਨੇ ਹਨ। ਜੇ ਤੁਸੀਂ ਸੰਸਾਰਕ ਕਾਰਜ ਲਗਨ ਨਾਲ ਕਰੋਗੇ, ਲਗਨ ਨਾਲ ਕੀਤੇ ਕੰਮਾਂ ਵਿੱਚੋਂ ਤੁਹਾਨੂੰ ਮਾਇਆ ਪ੍ਰਾਪਤ ਹੋਵੇਗੀ, ਤੁਹਾਨੂੰ ਕਿਸੇ ਦੇ ਮੁਥਾਜ ਨਹੀਂ ਹੋਣਾ ਪਵੇਗਾ। ਤੁਸੀਂ ਸੁਖੀ ਸੁਹੇਲਾ ਅਤੇ ਮਾਣ ਸਤਿਕਾਰ ਦਾ ਜੀਵਨ ਸੰਸਾਰ ਅੰਦਰ ਮਾਣੋਗੇ। ਪਰ ਤੁਸੀਂ ਸੰਸਾਰ ਵਿੱਚ ਇੰਨਾਂ ਵੀ ਖਚਤ ਨਾ ਹੋ ਜਾਣਾ ਕਿ ਤੁਹਾਨੂੰ ਆਪਣੇ ਜੀਵਨ ਦਾ



ਮੰਤਵ ਹੀ ਭੁੱਲ ਜਾਵੇ। ਜੇ ਤੁਸੀਂ ਇਸ ਸੰਸਾਰ ਅੰਦਰ ਜਨਮ ਲੈਣ ਦਾ ਮੰਤਵ ਭੁੱਲ ਕੇ, ਸੰਸਾਰ ਨੂੰ ਹੀ ਸਭ ਕੁਝ ਜਾਣ ਕੇ, ਇਸ ਵਿੱਚ ਪਰਵਿਰਤ ਹੋ ਗਏ ਤਾਂ ਫਿਰ ਤੁਹਾਡਾ ਜੀਵਨ ਸੰਤੁਲਨ ਵਿੱਚ ਨਹੀਂ ਰਹੇਗਾ।

ਜੇ ਜੀਵਨ ਹੀ ਸੰਤੁਲਨ ਵਿੱਚ ਨਾ ਰਿਹਾ, ਤਦ ਸੰਤੁਲਨ ਖੁੱਸਣ ਨਾਲ ਮਨੁੱਖ ਦਾ ਉਸ ਮੱਖੀ ਵਾਲਾ ਹਾਲ ਹੁੰਦਾ ਹੈ, ਜੋ ਗੁੜ ਖਾਣ ਵਾਸਤੇ ਗੁੜ ਦੀ ਭੇਲੀ ਉੱਪਰ ਬੈਠਦੀ ਹੈ, ਤੇ ਗੁੜ ਦਾ ਸੁਆਦ ਮਾਣਦੀ ਹੈ। ਮੱਖੀ ਗੁੜ ਦਾ ਸੁਆਦ ਚੱਖਦੀ, ਗੁੜ ਦੇ ਸਵਾਦ ਵਿੱਚ ਇੰਨਾ ਪਰਵਿਰਤ ਹੋ ਜਾਂਦੀ ਹੈ ਕਿ ਉਸ ਨੂੰ ਆਪਣੇ ਉਡਣ ਦਾ ਚੇਤਾ ਹੀ ਭੁੱਲ ਜਾਂਦਾ ਹੈ। ਇਸ ਭੁੱਲ ਦਾ ਹਸ਼ਰ ਇਹ ਹੁੰਦਾ ਹੈ, ਕਿ ਮੱਖੀ ਦੀਆਂ ਲੱਤਾਂ ਤੇ ਪਰ ਵੀ ਗੁੜ ਵਿੱਚ ਲਿਪਟ ਜਾਂਦੇ ਹਨ। ਆਖਰ ਜਦੋਂ ਉਹ ਉਡਣਾ ਚਾਹੁੰਦੀ ਹੈ, ਉਸ ਸਮੇਂ ਤਕ ਉਹ ਉੱਡਣ ਤੋਂ ਅਸਮਰਥ ਹੋ ਜਾਂਦੀ, ਉੱਡਣਾ ਚਾਹੁੰਦੀ ਹੋਈ ਵੀ ਉੱਡ ਨਹੀਂ ਸਕਦੀ, ਆਖਰ ਉਸ ਦਾ ਗੁੜ ਦੀ ਭੇਲੀ ਉਪਰ ਹੀ ਅੰਤ ਹੋ ਜਾਂਦਾ ਹੈ। ਆਸਾ ਰਾਗ ਅੰਦਰ ਸਤਿਗੁਰੂ ਅਰਜਨ ਦੇ ਜੀ ਦਾ ਫੁਰਮਾਨ ਹੈ–

**ਮਿਠੈ ਮਖੁ ਮੁਆ ਕਿਉ ਲਏ ਓਡਾਰੀ॥**
**ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ॥** *ਮ : ੫, ਪੰਨਾ ੪੬੦*

ਬਹੁਤਾਤ ਵਿੱਚ ਮਨੁੱਖ, ਸੰਸਾਰ ਦੇ ਅੰਦਰ ਪ੍ਰਵਿਰਤੀ ਵਿੱਚ ਫਸ ਕੇ, ਪਦਾਰਥਾਂ ਦੇ ਸੰਗ੍ਰਹਿ ਕਰਨ, ਖਾਣ-ਪੀਣ ਅਤੇ ਐਸ਼ੋ-ਇਸਰਤ ਵਿੱਚ ਇੰਨਾਂ ਪ੍ਰਵਿਰਤ ਹੋ ਜਾਂਦਾ ਹੈ ਕਿ ਮਨੁੱਖ ਨੂੰ ਆਪਣਾ ਅੰਤ ਵੀ ਭੁੱਲ ਜਾਂਦਾ ਹੈ। ਜਿਸ ਨੂੰ ਆਪਣਾ ਅੰਤ ਭੁੱਲ ਜਾਂਦਾ ਹੈ, ਉਹ ਅਨੰਤ (ਵਾਹਿਗੁਰੂ) ਨੂੰ ਵੀ ਭੁੱਲ ਜਾਂਦਾ ਹੈ। ਪ੍ਰਭੂ ਨੂੰ ਭੁੱਲਣ ਦੀ ਭੁੱਲ ਹੀ ਖੁਆਰੀ ਦਾ ਕਾਰਨ ਬਣਦੀ ਹੈ। ਰਾਗ ਮਲਾਰ ਅੰਦਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ:-

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥**
**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ ੧ ॥**

*ਮਲਾਰ ਮ : ੧, ਪੰਨਾ ੧੨੫੪*

**ਤਥਾ : ਹਰਿ ਬਿਸਰਤ ਸਦਾ ਖੁਆਰੀ॥** *ਮ : ੫, ਪੰਨਾ ੭੧੧*

ਇਸ ਖੁਆਰੀ ਤੋਂ ਬਚਣਾ ਕਿਵੇਂ ਹੈ?

**ਪ੍ਰਾਣੀ ਏਕੋ ਨਾਮੁ ਧਿਆਵਹੁ॥**
**ਅਪਨੀ ਪਤਿ ਸੇਤੀ ਘਰਿ ਜਾਵਹੁ॥੧॥ ਰਹਾਉ॥** *ਮ : ੧, ਪੰਨਾ ੧੨੫੪*

## ਪਰਵਿਰਤੀ ਤੇ ਨਿਰਵਿਰਤੀ ਨੂੰ ਸੰਤੁਲਨ ਵਿੱਚ ਕਿਵੇਂ ਰੱਖਣਾ ਹੈ ?

ਸਤਿਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਆਪਾਂ ਇੱਕ ਗਾਥਾ ਵਾਚ ਲਈਏ ਕਿਵੇਂ ਪਰਵਿਰਤੀ ਵਿੱਚ ਵਿਚਰਦਿਆਂ ਨਿਰਵਿਰਤ ਹੋਣਾ ਹੈ, ਸੌਖੀ ਸਮਝ ਪੈ ਜਾਵੇਗੀ। ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਇੱਕ ਸਿੱਖ ਨੇ ਅਰਜ਼ ਕੀਤੀ ਪਾਤਸ਼ਾਹ ! ਕ੍ਰਿਪਾ ਕਰਕੇ ਕਿਸੇ ਅਜਿਹੇ ਸਿੱਖ ਦੇ ਦਰਸ਼ਨ ਕਰਵਾਉ, ਜੋ ਸੰਸਾਰ ਵਿੱਚ ਪਰਵਿਰਤ ਹੁੰਦਿਆਂ ਨਿਰਵਿਰਤੀ ਦਾ ਧਾਰਨੀ ਹੋਵੇ। ਸਤਿਗੁਰਾਂ, ਉਸ ਸਿੱਖ ਦਾ ਪ੍ਰਸ਼ਨ ਸੁਣ ਕੇ, ਬਚਨ ਕੀਤਾ ਗੁਰਮੁਖਾ ! ਜੇ ਅਜਿਹੇ ਸਿੱਖ ਦੇ ਦਰਸ਼ਨ ਕਰਨੇ ਹਨ ਤਾਂ ਪਿੰਡ ਮਾਂਗਟ ਵਿਖੇ ਭਾਈ ਬੰਨੋ ਦੇ ਦਰਸ਼ਨ ਕਰ ਕੇ ਆ, ਉਹ ਘਿਓ ਦੀ ਦੁਕਾਨ ਕਰਦਾ ਹੈ।

ਗੁਰਸਿੱਖ ਨੇ ਸਤਿਗੁਰਾਂ ਨੂੰ ਮੱਥਾ ਟੇਕਿਆ। ਦੂਸਰੇ ਦਿਨ ਪਿੰਡ ਮਾਂਗਟ, ਭਾਈ ਬੰਨੋ ਜੀ ਪਾਸ ਪੁੱਜ ਗਿਆ। ਭਾਈ ਬੰਨੋ ਪਾਸ ਘਿਓ ਲੈਣ ਲਈ ਗ੍ਰਾਹਕ ਖੜੇ ਸਨ। ਭਾਈ ਜੀ, ਵਾਰੀ ਵਾਰੀ ਸਾਰਿਆਂ ਨੂੰ ਜੋਖ ਕੇ ਘਿਓ ਦਿੰਦੇ ਤੇ ਪੂਰੇ ਪੈਸੇ ਲੈ ਕੇ ਗੱਲੇ ਵਿੱਚ ਪਾਈ ਜਾਂਦੇ। ਮਾਤਾਵਾਂ ਨੂੰ ਜਿਵੇਂ ਸੁਭਾਅ ਹੁੰਦਾ ਹੈ। ਵਾਰ ਵਾਰ ਭਾਈ ਬੰਨੋ ਨੂੰ ਕਹਿਣ, ਭਾਈ ! ਤੂੰ ਤਾਂ ਸੋਨੇ ਵਾਂਗ ਘਿਓ ਜੋਖ ਕੇ ਦਿਨਾਂ ਆਂ, ਅੱਧਾ ਚਮਚਾ ਹੋਰ ਪਾ ਪਰ ਭਾਈ ਜੀ ਨਾਂਹ ਕਰਨ ਤੇ ਕਹਿਣ ਕਿ ਮੈਂ ਪੂਰਾ ਜੋਖ ਕੇ ਘਿਓ ਦਿੰਦਾ ਹਾਂ ਤੇ ਪੈਸੇ ਵੀ ਮੈਂ ਪੂਰੇ ਲੈਣੇ ਹਨ। ਇਥੇ ਘੱਟ-ਵੱਧ ਨਹੀਂ ਹੋਣਾ। ਇੱਕ ਮਾਈ ਦਾ ਪਿਛਲਾ ਉਧਾਰ ਇੱਕ ਟਕਾ ਰਹਿੰਦਾ ਸੀ। ਉਸ ਮਾਈ ਦੀ ਜਦੋਂ ਵਾਰੀ ਆਈ। ਭਾਈ ਜੀ ਨੇ ਕਾਪੀ ਕੱਢ ਕੇ ਮਾਈ ਨੂੰ ਕਿਹਾ, ਮਾਤਾ ! ਪਿਛਲੀ ਵਾਰੀ ਦਾ ਤੇਰੀ ਵਲ ਇੱਕ ਟਕਾ ਰਹਿੰਦਾ ਹੈ। ਪਹਿਲਾਂ ਪਿਛਲਾ ਹਿਸਾਬ ਚੁਕਾ, ਤਦ ਮੈਂ ਤੈਨੂੰ ਘਿਓ ਦੇਵਾਂਗਾ। ਕਾਫੀ ਚਿਰ ਉਸ ਮਾਤਾ ਨਾਲ ਸਵਾਲ-ਜੁਬਾਬ ਕਰਨ ਉਪ੍ਰੰਤ ਮਾਤਾ ਨੂੰ ਟਕਾ ਦੇਣਾ ਪਿਆ, ਤੇ ਭਾਈ ਬੰਨੋ ਜੀ ਨੇ, ਜਿੰਨਾ ਘਿਓ ਉਸ ਨੇ ਲੈਣਾ ਸੀ, ਉਸ ਨੂੰ ਪੈਸੇ ਲੈ ਕੇ ਦੇ ਦਿੱਤਾ।

ਭਾਈ ਬੰਨੋ ਦੇ ਦਰਸ਼ਨ ਕਰਨ ਵਾਸਤੇ ਆਇਆ ਸਿੱਖ ਵੀ ਇਹ ਕਾਰ-ਵਿਹਾਰ ਦਾ ਕੰਮ ਵੇਖਦਾ ਰਿਹਾ ਤੇ ਨਾਲ ਨਾਲ ਮਨ ਵਿੱਚ ਵੀਚਾਰ ਕਰੇ ਕਿ ਸਤਿਗੁਰਾਂ ਨੇ ਮੈਨੂੰ ਕਿਹੋ ਜਿਹੇ ਸਿੱਖ ਪਾਸ ਭੇਜਿਆ ਹੈ। ਇਹ ਤਾਂ ਇੱਕ-ਇੱਕ ਟਕੇ ਬਦਲੇ ਲੋਕਾਂ ਨਾਲ ਝਗੜਾ ਕਰਦਾ ਹੈ। ਇਹ ਤਾਂ ਪੂਰੀ ਤਰ੍ਹਾਂ ਮਾਇਆ ਵਿੱਚ ਗ੍ਰਸਤ ਹੋਇਆ ਪਿਆ ਹੈ। ਭਾਈ ਬੰਨੋ ਜੀ ਨੇ ਜਦੋਂ ਸਾਰੇ ਗ੍ਰਾਹਕ ਭੁਗਤਾ ਲਏ, ਤਾਂ ਉਸ



ਗੁਰਸਿੱਖ ਨੂੰ ਦੁਕਾਨ ਤੇ ਆਉਣ ਦਾ ਕਾਰਨ ਪੁੱਛਿਆ? ਗੁਰਸਿਖ ਨੇ ਬਚਨ ਕੀਤਾ ਕਿ ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ ਤੇ ਰਾਤ ਤੁਹਾਡੇ ਪਾਸ ਹੀ ਟਿਕਾਂਗਾ। ਭਾਈ ਜੀ ਨੇ ਧੰਨ ਭਾਗ ਕਹਿ ਕੇ ਗੁਰਸਿੱਖ ਨੂੰ ਆਦਰ ਦਿੱਤਾ ਤੇ ਕਿਹਾ ਕਿ ਚਲੋ ਆਪਾਂ ਘਰ ਨੂੰ ਚਲਦੇ ਹਾਂ। ਭਾਈ ਬੰਨੋ ਨੇ ਦੁਕਾਨ ਦਾ ਸਮਾਨ ਸੰਭਾਲਿਆ ਤੇ ਗੱਲੇ ਵਿੱਚੋਂ ਪੈਸੇ ਕੱਢ ਜੇਬ ਵਿੱਚ ਪਾਏ। ਦੁਕਾਨ ਨੂੰ ਜੰਦਰਾ ਲਾ ਕੇ ਉਸ ਗੁਰਸਿਖ ਨੂੰ ਨਾਲ ਲੈ ਕੇ ਘਰ ਪੁੱਜੇ।

ਭਾਈ ਬੰਨੋ ਜੀ ਨੇ ਗੁਰਸਿੱਖ ਨੂੰ ਮੰਜੇ ਉਪਰ ਦਰੀ ਵਿੱਛਾ ਕੇ ਆਦਰ ਦਿੱਤਾ ਤੇ ਪੁੱਛਿਆ, ਆਪ ਜੀ ਦੂਰੋਂ ਚਲ ਕੇ ਆਏ ਹੋ। ਪਹਿਲਾਂ ਪ੍ਰਸ਼ਾਦਾ ਛਕੋਗੇ, ਜਾਂ ਇਸ਼ਨਾਨ ਕਰੋਗੇ ? ਸਿੱਖ ਨੇ ਉੱਤਰ ਦਿੱਤਾ, ਭਾਈ ਜੀ ! ਮੈਂ ਥੱਕਿਆ ਹੋਇਆ ਹਾਂ। ਪਹਿਲਾਂ ਇਸ਼ਨਾਨ ਕਰਾਂਗਾ, ਇਸ਼ਨਾਨ ਵੀ ਮੈਂ ਗਰਮ-ਗਰਮ ਘਿਓ ਨਾਲ ਕਰਨਾ ਹੈ। ਭਾਈ ਬੰਨੋ ਨੇ ਹੱਥ ਜੋੜ ਕੇ ਸੱਤ ਬਚਨ ਕਿਹਾ ਤੇ ਕਮਰੇ ਅੰਦਰੋਂ ਦੋ ਪੀਪੇ ਘਿਓ ਦੇ ਕੱਢ ਕੇ ਲੈ ਆਂਦੇ ਤੇ ਇੱਕ ਨੂੰ ਗਰਮ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਘਿਓ ਗਰਮ ਹੋ ਗਿਆ ਤਾਂ ਸਾਰਾ ਪੀਪਾ ਬਾਲਟੀ ਵਿੱਚ ਉਲਟਾ ਦਿੱਤਾ ਤੇ ਦੂਸਰਾ ਪੀਪਾ ਮੁੜ ਚੁੱਲੇ ਉੱਪਰ ਗਰਮ ਕਰਨ ਲਈ ਰੱਖ ਦਿੱਤਾ ਤੇ ਗੁਸਲਖਾਨੇ ਵਿੱਚ ਚੌਕੀ ਰੱਖ ਕੇ, ਦੋ ਗੜਵੀਆਂ ਘਿਓ ਨਾਲ ਚੌਂਕੀ ਨੂੰ ਧੋ ਦਿੱਤਾ ਤੇ ਗੁਰਸਿੱਖ ਨੂੰ ਬੇਨਤੀ ਕੀਤੀ! ਘਿਓ ਤਿਆਰ ਹੈ, ਆਪ ਜੀ ਇਸ਼ਨਾਨ ਕਰੋ। ਜਦ ਨੂੰ ਦੂਸਰਾ ਪੀਪਾ ਵੀ ਗਰਮ ਹੋ ਜਾਵੇਗਾ। ਭਾਈ ਬੰਨੋ ਦੀ ਸਾਰੀ ਕਿਰਿਆ ਨੂੰ ਵੇਖ ਕੇ ਗੁਰਸਿੱਖ ਨੇ ਸਵਾਲ ਕੀਤਾ, ਭਾਈ ਬੰਨੋ! ਦੁਕਾਨ ਉੱਪਰ ਤਾਂ ਇੱਕ-ਇੱਕ ਚਮਚੇ ਤੇ ਟਕੇ-ਟਕੇ ਵਾਸਤੇ ਤੂੰ ਲੋਕਾਂ ਨਾਲ ਝਗੜਦਾ ਸਾਂ। ਆਹ ਹੁਣ ਤੂੰ ਦੋ ਗੜਵੀਆਂ ਰੋੜ੍ਹ ਕੇ ਚੌਕੀ ਸਾਫ ਕਰ ਦਿੱਤੀ ਤੇ ਮੇਰੇ ਇਸ਼ਨਾਨ ਕਰਨ ਵਾਸਤੇ ਦੋ ਪੀਪੇ ਘਿਓ ਗਰਮ ਕਰ ਦਿੱਤਾ ਹੈ। ਇਸ ਗੱਲ ਦੀ ਮੈਨੂੰ ਸਮਝ ਨਹੀਂ ਪਈ।

ਭਾਈ ਬੰਨੋ ਜੀ ਕਹਿਣ ਲੱਗੇ, ਗੁਰੂ ਪਿਆਰਿਆ! ਦੁਕਾਨ ਉੱਪਰ ਮੈਂ ਜੋ ਘਿਓ ਵੇਚਦਾ ਹਾਂ, ਉਹ ਮੇਰੀ ਕਿਰਤ ਹੈ। ਜੇ ਮੈਂ ਲੋਕਾਂ ਨੂੰ ਵੱਧ ਘਿਓ ਦੇਈ ਜਾਵਾਂ ਜਾਂ ਉਧਾਰ ਦੇ ਪੈਸੇ ਨਾ ਲਵਾਂ, ਤਦ ਮੈਂ ਘਾਟੇ ਵਿੱਚ ਚਲਾ ਜਾਵਾਂਗਾ। ਫਿਰ ਮੈਂ ਆਪਣਾ ਤੇ ਪ੍ਰਵਾਰ ਦਾ ਗੁਜ਼ਾਰਾ ਕਿਵੇਂ ਚਲਾਵਾਂਗਾ ਤੇ ਆਪ ਵਰਗੇ ਗੁਰਸਿੱਖਾਂ ਦੀ ਸੇਵਾ ਕਿਵੇਂ ਕਰਾਂਗਾ?

ਹੁਣ ਤੁਸੀਂ ਮੇਰੇ ਘਰ ਆਏ ਹੋ, ਗੁਰਸਿੱਖ ਗੁਰੂ ਦਾ ਰੂਪ ਹੁੰਦਾ ਹੈ। ਮਸਾਂ ਮੈਨੂੰ ਆਪ ਜੀ ਦੀ ਘਿਓ ਨਾਲ ਇਸ਼ਨਾਨ ਕਰਵਾਉਣ ਦੀ ਸੇਵਾ ਮਿਲੀ ਹੈ। ਇਸ ਲਈ,

ਇਸ ਸੇਵਾ ਨੂੰ ਮੈਂ ਆਪਣੇ ਧੰਨ ਭਾਗ ਜਾਣ ਕੇ ਕਰ ਰਿਹਾ ਹਾਂ। ਘਿਓ ਨਾਲ ਚੌਕੀ ਸਾਫ ਕਰ ਤੇ ਆਪ ਨੂੰ ਘਿਓ ਦੀ ਬਾਲਟੀ ਭਰ ਕੇ ਇਸ਼ਨਾਨ ਕਰਨ ਲਈ ਦੇਣ ਨਾਲ ਮੈਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ। ਭਾਈ ਜੀ ਦਾ ਉੱਤਰ ਸੁਣ ਕੇ ਗੁਰਸਿੱਖ ਨੇ ਭਾਈ ਜੀ ਦੇ ਚਰਨੀਂ ਹੱਥ ਲਾਉਣ ਦਾ ਯਤਨ ਕੀਤਾ ਤੇ 'ਧੰਨ ਸਿੱਖੀ ਧੰਨ ਸਿੱਖੀ' ਕਿਹਾ ਤੇ ਬਚਨ ਕੀਤਾ, ਭਾਈ ਬੰਨੋ ਜੀ! ਅੱਜ ਤੁਹਾਡੇ ਦਰਸ਼ਨ ਕਰ ਤੇ ਵਰਤਾਵਾ ਵੇਖ ਕੇ ਪਤਾ ਚੱਲਿਆ ਕਿ ਕਿਵੇਂ ਗੁਰੂ ਕੇ ਸਿੱਖ ਪਰਵਿਰਤੀ ਕਰਮ ਕਰਦਿਆਂ ਮਾਇਆ ਦੀ ਲੇਪ-ਛੇਪ ਤੋਂ ਨਿਰਲੇਪ ਰਹਿ ਕੇ ਨਿਰਵਿਰਤੀ ਦੇ ਧਾਰਨੀ ਬਣ, ਗੁਰੂ ਨੂੰ ਪਿਆਰੇ ਲਗਦੇ ਹਨ। ਇਸੇ ਲਈ ਹੀ ਆਪ ਜੀ ਲਈ ਸਤਿਗੁਰਾਂ ਬਚਨ ਕੀਤਾ ਸੀ।

**ਹਮਰਾ ਪ੍ਰੋਹਤ ਭਾਈ ਬੰਨੋ॥ ਸਾਧ ਸੰਗਤਿ ਤੁਮ ਸਤ ਕਰ ਮੰਨੋ॥**

*(ਆਦਿ ਸਿੱਖ ਤੇ ਆਦਿ ਸਾਖੀਆਂ)*

ਸੋ ਸੰਸਾਰ ਵਿੱਚ ਰਹਿੰਦੀਆਂ ਕਾਰ-ਵਿਹਾਰ ਕਰਦਿਆਂ, ਭਾਈ ਬੰਨੋ ਜੀ ਵਾਂਗ, ਨਿਰਵਿਰਤੀ ਪੱਖ ਨੂੰ ਵੀ ਆਪਣੇ ਜੀਵਨ ਵਿੱਚ ਬਰਾਬਰ ਰੱਖਣਾ ਹੈ।

## ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥

**ਅੱਖਰੀ ਅਰਥ :** ਗੁਰਬਾਣੀ ਪਰਮਾਤਮਾਂ ਦਾ ਰੂਪ ਹੈ। ਜਿਸ ਬਾਣੀ ਵਿੱਚੋਂ ਪਾਪ ਕਰਮਾਂ ਤੋਂ ਛੁਟਕਾਰੇ ਤੇ ਧਰਮ ਨੂੰ ਜੀਵਨ ਵਿੱਚ ਗ੍ਰਹਿਣ ਕਰਨ ਦਾ ਗਿਆਨ ਪ੍ਰਾਪਤ ਹੁੰਦਾ ਹੈ, ਉਸ ਨੂੰ ਆਪਣੇ ਜੀਵਨ ਵਿੱਚ ਦ੍ਰਿੜ ਕਰਕੇ ਗੁਰਬਾਣੀ ਦੀ ਕਮਾਈ ਕਰੋ।

## ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ

**ਸੰਖੇਪ ਵਿਚਾਰ :** ਸੰਸਾਰ ਦੀ ਪਰਵਿਰਤੀ ਮਰਯਾਦਾ ਵਿਚੋਂ ਨਿਰਵਿਰਤੀ ਕਿਵੇਂ ਪ੍ਰਾਪਤ ਹੋਣੀ ਹੈ? ਇਹ ਗਿਆਨ ਸਾਨੂੰ ਗੁਰੂ ਕੀ ਬਾਣੀ ਵਿਚੋਂ ਪ੍ਰਾਪਤ ਹੋਵੇਗਾ। ਜਿਸ ਬਾਣੀ ਪ੍ਰਥਾਇ ਸਤਿਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਅੰਦਰ ਸੰਕੇਤ ਦਿੱਤਾ ਹੈ—

**ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥** *ਪੰਨਾ ੬੨੮*

ਅਤੇ : **ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥**

*ਮ : ੩, ਪੰਨਾ ੫੧੫*



ਬ੍ਰਹਮ ਦੀ ਬਾਣੀ, ਧੁਰ ਕੀ ਬਾਣੀ, ਵਿੱਚੋਂ ਹੀ ਜਗਿਆਸੂ ਨੂੰ ਸੰਸਾਰ ਵਿੱਚ ਰਹਿੰਦੀਆਂ ਨਿਰੰਕਾਰ ਨਾਲ ਕਿਵੇਂ ਇੱਕ ਸੁਰ ਹੋਣਾ ਹੈ, ਦਾ ਪਤਾ ਚੱਲੇਗਾ। ਪਤਾ ਤਾਂ ਚੱਲੇਗਾ ਜੇ ਜਗਿਆਸੂ ਗੁਰਬਾਣੀ ਨੂੰ ਪਿਆਰ ਨਾਲ ਪੜ੍ਹੇ, ਧਿਆਨ ਨਾਲ ਵੀਚਾਰੇ, ਤੇ ਇੱਕਾਗਰ ਚਿੱਤ ਹੋ ਗੁਰਬਾਣੀ ਦੀ ਕਸਵੱਟੀ ਨੂੰ ਮੁਖ ਰੱਖ ਕੇ ਆਪਣੇ ਆਪੇ ਦੀ ਸ੍ਵੈ-ਪੜਚੋਲ ਕਰੇਗਾ।

ਗੁਰਬਾਣੀ ਪਰਮੇਸ਼ਰ ਸਰੂਪ ਹੈ, ਇਸ ਵਿੱਚ ਭੋਰਾ ਜਿੰਨਾ ਵੀ ਸ਼ੰਕਾ ਨਹੀਂ। ਇਸ ਪ੍ਰਮੇਸ਼ਵਰੀ ਬਾਣੀ ਵਿਚੋਂ ਹੀ ਪਤਾ ਚੱਲੇਗਾ ਕਿ ਧਰਮ ਕੀ ਹੈ? ਤੇ ਅਧਰਮ ਕੀ ਹੈ? ਜਦੋਂ ਗੁਰਬਾਣੀ ਅਨੁਸਾਰ ਧਰਮ ਨੂੰ ਗ੍ਰਹਿਣ ਕਰ ਲਿਆ, ਅਧਰਮ ਦਾ ਤਿਆਗ ਕਰ ਦਿੱਤਾ ਤਾਂ ਪਾਪ ਕਰਮ ਆਪਣੇ ਆਪ ਹੀ ਛੁੱਟ ਜਾਣਗੇ। ਜਿੱਥੇ ਮਨੁੱਖ ਦੇ ਆਪਣੇ ਮਾਤਾ-ਪਿਤਾ, ਜਿਨ੍ਹਾਂ ਨੇ ਉਸ ਨੂੰ ਜਨਮ ਦਿੱਤਾ, ਪਰਵਰਿਸ਼ ਕੀਤੀ, ਪੜ੍ਹਾਇਆ ਲਿਖਾਇਆ, ਉਨ੍ਹਾਂ ਦੀ ਸੇਵਾ-ਸਤਿਕਾਰ ਕਰਨਾ ਧਰਮ ਹੈ, ਉੱਥੇ ਆਪਣੀ ਪਤਨੀ ਤੇ ਬੱਚਿਆਂ ਪ੍ਰਤੀ ਵੀ ਮਨੁੱਖ ਦੇ ਫਰਜ਼ ਹਨ। ਉਨ੍ਹਾਂ ਦੀਆਂ ਜਾਇਜ਼ ਲੋੜਾਂ ਪੂਰੀਆਂ ਕਰਨੀਆਂ, ਬੱਚਿਆਂ ਦੀ ਸੁਹਣੀ ਪ੍ਰਵਰਿਸ਼ ਕਰਨੀ ਤੇ ਪਿਆਰ ਦੇਣਾ, ਨਾਲ ਨਾਲ ਉੱਚ ਵਿਦਿਆ ਦਿਵਾਉਣ ਦਾ ਪੂਰਾ ਯਤਨ ਕਰਨਾ। ਇਸ ਦੇ ਨਾਲ ਹੀ ਰਿਸ਼ਤੇਦਾਰਾਂ, ਮਿੱਤਰਾਂ ਦੋਸਤਾਂ ਤੇ ਆਂਢ ਗੁਆਂਢ ਤੇ ਮਨੁੱਖਤਾ ਨਾਲ ਪਿਆਰ ਪ੍ਰੇਮ ਦਾ ਵਰਤਾਓ ਕਰਨਾਂ, ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਭਾਈਵਾਲ ਬਣਕੇ ਉਨ੍ਹਾਂ ਦੀ ਬਣ ਆਉਂਦੀ ਮਦਦ ਕਰਨੀ ਵੀ ਮਨੁੱਖ ਦਾ ਧਰਮ ਤੇ ਫਰਜ਼ ਹੈ।

ਇੱਕ ਮਨੁੱਖ ਦਾ ਆਪਣੀ ਆਤਮਾਂ ਪ੍ਰਤੀ ਵਿਸ਼ੇਸ਼ ਧਰਮ ਹੈ, ਉਹ ਧਰਮ ਕੀ ਹੈ? ਸਤਿਗੁਰੂ ਅਰਜਨ ਦੇਵ ਜੀ ਦਾ ਸੋਹਿਲੇ ਦੀ ਬਾਣੀ ਅੰਦਰ ਫੁਰਮਾਨ ਹੈ—

**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥**
**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥**

*ਮ : ੫, ਪੰਨਾ ੧੩*

ਉਹ ਫਰਜ ਹੈ :

[1]**ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ॥**
**ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ॥1॥**
**ਜਪਿ ਮਨ ਨਾਮੁ ਏਕੁ ਅਪਾਰੁ॥**

1. ਹੇ ਪ੍ਰਾਣੀ ! ਜਿਸ ਪ੍ਰਮਾਤਮਾਂ ਨੇ ਤੈਨੂੰ ਸੁਹਣਾ ਸਰੀਰ ਦਿੱਤਾ, ਸਰੀਰ ਨੂੰ ਚਲਾਉਣ ਲਈ ਆਤਮਾਂ ਤੇ ਜਿੰਦ ਪ੍ਰਦਾਨ ਕੀਤੀ। ਮਾਤਾ ਦੇ ਗਰਭ ਵਿੱਚ ਜਿਸ ਪ੍ਰਮਾਤਮਾਂ ਨੇ ਜਠਰ ਅਗਨੀ ਦੇ ਵਿੱਚ ਤੇਰੇ ਸਰੀਰ ਦਾ ਸੋਹਣਾ ਸਰੂਪ ਸਾਜਿਆ। ਤੂੰ ਸਾਰੇ ਵਿਕਾਰ ਤਿਆਗ ਕੇ ਸਤਿਗੁਰੂ ਦਾ ਸਤਿਕਾਰ ਹਿਰਦੇ ਵਿੱਚ ਧਾਰ ਕੇ ਪ੍ਰਮਾਤਮਾਂ ਦਾ ਨਾਮ ਜਪ। ਨਾਮ ਜਪਣ ਨਾਲ ਤੇਰਾ ਪਾਰ ਉਤਾਰਾ ਹੋ ਜਾਵੇਗਾ। ਨਾਮ ਧਨ ਸੰਚਰਨ ਕਰਨ ਨਾਲ ਤੂੰ ਗੁਰੂ ਦੀ ਦ੍ਰਿਸ਼ਟੀ ਵਿੱਚ ਅਸਲੀ ਸ਼ਾਹ ਬਣ ਜਾਵੇਗਾ।

**ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ॥੧॥ਰਹਾਉ॥**

*ਸਿਰੀਰਾਗੁ ਮ : ੫, ਪੰਨਾ ੫੧*

ਉਹ ਧਰਮ ਸਾਰਿਆਂ ਧਰਮਾਂ ਨਾਲੋਂ ਸ੍ਰੇਸ਼ਟ ਧਰਮ ਤੇ ਸਭ ਕਰਮਾਂ ਵਿੱਚੋਂ ਪਵਿੱਤਰ ਕਰਮ ਹੈ। ਜਿਸ ਨੂੰ ਕਰਨ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਅੰਦਰ ਹੁਕਮ ਕੀਤਾ ਹੈ–

**ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥**
**ਸਗਲ [1]ਕ੍ਰਿਆ ਮਹਿ ਊਤਮ ਕਿਰਿਆ॥ਸਾਧਸੰਗਿ [2]ਦੁਰਮਤਿ ਮਲੁ [3]ਹਿਰਿਆ॥**
**ਸਗਲ ਉਦਮ ਮਹਿ ਉਦਮੁ ਭਲਾ॥ ਹਰਿ ਕਾ ਨਾਮੁ ਜਪਹੁ ਜੀਅ ਸਦਾ॥**

*ਸੁਖਮਨੀ ਮ : ੫, ਪੰਨਾ ੨੬੬*

ਅਤੇ :– **ਸਭ ਤੇ ਊਤਮ ਇਹੁ ਕਰਮੁ॥ ਸਗਲ ਧਰਮ ਮਹਿ ਸ੍ਰੇਸਟ ਧਰਮੁ॥**

*ਰਾਮਕਲੀ ਮ : ੫, ਪੰਨਾ ੮੯੫*

ਜਿਸ ਨੇ ਨਾਮ ਜਪਣ ਦੇ ਸ਼੍ਰੋਮਣੀ ਧਰਮ ਦੀ ਕਮਾਈ ਕਰ ਲਈ, ਉਸ ਨੇ ਇਸ ਜਨਮ ਵਿੱਚ ਤਾਂ ਕੀ ਪਾਪ ਕਰਨਾ ਹੈ, ਨਾਮ ਜਪ ਦੀ ਬਰਕਤ ਨਾਲ ਤਾਂ ਉਸਦੇ ਪਿਛਲੇ ਜਨਮਾਂ ਦੇ ਸਾਰੇ ਪਾਪ ਕਰਮ ਵੀ ਖਤਮ ਹੋ ਜਾਂਦੇ ਹਨ। ਜਿਵੇਂ ਲੱਖਾਂ ਮਣ ਲੱਕੜਾਂ ਨੂੰ ਅਗਨੀ ਥੋੜ੍ਹੇ ਸਮੇਂ ਵਿੱਚ ਹੀ ਭਸਮ ਕਰ ਦਿੰਦੀ ਹੈ। ਐਸੀ ਹੈ, ਨਾਮ-ਧਰਮ ਨੂੰ ਕਮਾਉਣ ਦੀ ਬਰਕਤ। ਸਤਿਗੁਰੂ ਅਰਜਨ ਦੇਵ ਜੀ ਦਾ ਸਹਸਕ੍ਰਿਤੀ ਸਲੋਕਾਂ ਅੰਦਰ ਫੁਰਮਾਨ ਹੈ–

**ਘੋਰ ਦੁਖੑੰ ਅਨਿਕ ਹਤੑੰ ਜਨਮ ਦਾਰਿਦ੍ਰੰ ਮਹਾ ਬਿਖ੍ਯ੍ਯਾਦੰ॥**
**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ[4]**
**[5]ਕਾਸਟ [6]ਭਸਮੰ ਕਰੋਤਿ॥੧੮॥** *ਮ : ੫, ਪੰਨਾ ੧੩੫੫*

ਤਥਾ : **[7]ਈਧਣੁ [8]ਕੀਤੋਮੂ ਘਣਾ ਭੋਰੀ [9]ਦਿਤੀਮੁ ਭਾਹਿ[10]॥**
**[11]ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥੨॥**

*ਸਲੋਕ ਪੰਨਾ ੭੦੬*

## ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥

---

1.ਸਾਰੇ ਕਰਮਾਂ ਵਿੱਚੋਂ ਉੱਤਮ ਕਰਮ 2.ਖੋਟੀ ਮਤ ਦੀ ਮਲੀਨਤਾਈ 3.ਦੂਰ ਹੋ ਜਾਵੇਗੀ। 4.ਅੱਗ 5.ਲੱਕੜਾਂ 6.ਸੁਆਹ ਕਰ ਦਿੰਦੀ ਹੈ 7.ਬਾਲਣ 8.ਮੈਂ ਕੀਤਾ 9.ਜਰਾ ਜਿੰਨੀ (ਥੋੜੀ ਜਿਹੀ) 10.ਅੱਗ 11.ਜੇ ਪ੍ਰਾਣੀ ਦੇ ਮਨ ਵਿੱਚ ਪ੍ਰਭੂ ਦੇ ਨਾਮ ਦਾ ਕਿਣਕਾ ਵਸ ਜਾਵੇ ਤਾਂ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।



**ਅੱਖਰੀ ਅਰਥ :** ਐ ਪ੍ਰਾਣੀ ! ਧਰਮ ਨੂੰ ਆਪਣੇ ਜੀਵਨ ਅੰਦਰ ਦ੍ਰਿੜ ਕਰ ਤੇ ਪਰਮਾਤਮਾਂ ਦੇ ਨਾਮ ਜਪ ਦੀ ਕਮਾਈ ਕਰਕੇ ਆਪਣੀ ਸਿਮ੍ਰਤੀ ਵਿੱਚ ਨਾਮ ਨੂੰ ਦ੍ਰਿੜ ਕਰ ਲੈ ਤਾਂ ਜੋ ਤੇਰੇ ਹਿਰਦੇ ਵਿੱਚ ਹਰ ਸਮੇਂ ਪ੍ਰਭੂ ਦੀ ਯਾਦ ਚਲਦੀ ਰਹੇ।

## ਸਿਮ੍ਰਿਤਿ ਨਾਮੁ ਦ੍ਰਿੜਾਇਆ

***ਸੰਖੇਪ ਵਿਚਾਰ :*** ਜਿਸ ਜਿਸ ਨੇ ਗੁਰੂ ਅਗਵਾਈ ਵਿੱਚ ਨਾਮ ਜਪਣ ਦਾ ਸ਼੍ਰੋਮਣੀ ਧਰਮ ਦ੍ਰਿੜ੍ਹ ਕਰ ਲਿਆ, ਉਸ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਪਰ ਨਾਮ ਸੁਰਤੀ ਅੰਦਰ ਤਦ ਦ੍ਰਿੜ ਹੋਵੇਗਾ ਜਦੋਂ ਜਗਿਆਸੂ **ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥** ਦੀ ਕਾਰ ਕਰੇਗਾ।

ਅਤੇ :– **ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥**
**ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥**

*ਸੁਖਮਨੀ ਮ : ੫, ਪੰਨਾ ੨੮੯*

ਦੇ ਮਾਰਗ ਦਾ ਧਾਰਨੀ ਬਣੇਗਾ। ਨਾਮ ਜਪ ਦਾ ਰਸਤਾ ਬੜਾ ਸੂਖਮ ਤੇ ਤਿਲਕਣਾ ਹੈ। ਇਸ ਲਈ ਨਾਮ ਜਪ ਦਾ ਧਾਰਨੀ ਜਗਿਆਸੂ, ਜਪੇ ਨਾਮ ਦਾ ਹੰਕਾਰ ਨਾ ਕਰੇ। ਹਮੇਸ਼ਾ ਗੁਰੂ ਪ੍ਰਾਇਣ ਹੋ ਕੇ, ਅਰਦਾਸ ਹੀ ਕਰਦਾ ਰਹੇ। ਦਾਤਾਰ! ਮੇਹਰ ਕਰ, ਤੁਹਾਡਾ ਨਾਮ ਮੇਰੀ ਸਿਮ੍ਰਤੀ (ਯਾਦ) ਵਿੱਚ ਇੰਨਾ ਦ੍ਰਿੜ ਹੋ ਜਾਵੇ ਤਾਂ ਜੋ ਕਿਸੇ ਸਮੇਂ ਵੀ ਤੁਹਾਡਾ ਨਾਮ ਮੇਰੀ ਸਿਮ੍ਰਤੀ ਵਿਚੋਂ ਵਿਸਰੇ ਨਾ, ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਸਾਨੂੰ ਸੂਹੀ ਰਾਗ ਅੰਦਰ ਪ੍ਰਭੂ ਚਰਨਾਂ ਵਿੱਚ ਜੋਦੜੀ ਕਰਨ ਦੀ ਜਾਚ ਸਿਖਾਈ ਹੈ ਕਿ ਦਾਤਾ ਕ੍ਰਿਪਾ ਕਰ :–

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥** *ਮ : ੫, ਪੰਨਾ ੭੬੨*

ਅਤੇ ਗੁਰੂ ਦਰ ਵਿੱਚੋਂ **''ਸਿਮ੍ਰਿਤਿ ਨਾਮੁ ਦ੍ਰਿੜਾਇਆ,''** ਦੀ ਅਵਸਥਾ ਪ੍ਰਾਪਤ ਕਰਨ ਲਈ ਪੁਕਾਰਨਾ ਹੈ, ਹੇ ਵਾਹਿਗੁਰੂ!

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥੫॥**

*ਜਪੁ ਜੀ, ਪੰਨਾ ੨*

ਜਦੋਂ ਜਗਿਆਸੂ ਦੀ ਪੁਕਾਰ ਸੁਣ ਕੇ, ਸਤਿਗੁਰੂ ਕ੍ਰਿਪਾ ਕਰਕੇ ਹਿਰਦੇ ਵਿੱਚ, ਸਿਮ੍ਰਤੀ ਵਿੱਚ ਨਾਮ ਦ੍ਰਿੜ੍ਹ ਕਰਵਾ ਦਿੰਦੇ ਹਨ ਤਾਂ ਫਿਰ ਜਗਿਆਸੂ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਸਮੂਹ ਚਿੰਤਾਵਾਂ ਦਾ ਨਾਸ਼ ਹੋ ਜਾਂਦਾ ਹੈ। ਨਾਮ ਦੀ ਬਰਕਤ ਨਾਲ ਸਾਰੇ ਪਾਪ ਨਾਸ਼ ਹੋ ਕੇ ਜਗਿਆਸੂ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ।

ਪਵਿੱਤਰ ਹਿਰਦੇ ਵਾਲਾ ਨਿੱਜ ਘਰ ਦਾ ਵਾਸੀ ਬਣਕੇ ਪਰਮਾਤਮਾਂ ਦਾ ਰੂਪ ਹੀ ਬਣ ਜਾਂਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ।

**ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ।।**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ।।੪।।੩।।**

*ਸੋਰਠਿ ਮ: ੫, ਪੰਨਾ ੬੨੨*

## ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ।।

**ਅੱਖਰੀ ਅਰਥ :** ਪੂਰੇ ਗੁਰੂ ਦੇ ਉਪਦੇਸ਼ ਨੂੰ ਸਨਮੁਖ ਰੱਖ ਕੇ ਜਿਹੜਾ ਪ੍ਰਾਣੀ ਸੰਸਾਰ ਵਿੱਚ ਵਿਚਰਦਾ ਹੈ, ਉਸ ਦੇ ਸਾਰੇ ਪਾਪ ਕਰਮ ਨਾਸ਼ ਹੋ ਜਾਂਦੇ ਹਨ।

## ਗੁਰੁ ਪੂਰਾ ਆਰਾਧਹੁ

**ਸੰਖੇਪ ਵੀਚਾਰ :** ਹੇ ਪ੍ਰਾਣੀ ! ਹੁਣ ਪਾਪ ਕਰਮਾਂ ਤੋਂ ਬਚਣ ਲਈ ਤੇ ਪਿਛਲੇ ਜਨਮਾਂ ਦੇ ਪਾਪ ਕਰਮਾਂ ਨੂੰ ਨਾਸ਼ ਕਰਨ ਲਈ, ਹਮੇਸ਼ਾਂ ਪੂਰੇ ਗੁਰੂ ਦੇ ਕਲਿਆਣ ਕਾਰੀ ਉਪਦੇਸ਼ ਨੂੰ ਆਪਣੀ ਸਿਮ੍ਰਤੀ ਵਿੱਚ ਵਸਾ ਕੇ ਆਪਣਾ ਜੀਵਨ ਬਤੀਤ ਕਰ। ਜਿਸ ਨੂੰ ਹਮੇਸ਼ਾ ਗੁਰੂ ਉਪਦੇਸ਼ ਯਾਦ ਰਹਿੰਦਾ ਹੈ, ਉਹ ਫਿਰ ਕਦੇ ਵੀ ਪਾਪ ਕਰਮਾਂ ਵਲ ਝਾਕਦਾ ਨਹੀਂ ਹੈ ਤੇ ਗੁਰੂ ਦੀ ਅਗਵਾਈ ਵਿੱਚ ਨਾਮ ਜਪ ਕੇ ਉਹ ਆਪਣੇ ਪਿਛਲੇ ਪਾਪ ਕਰਮਾਂ ਨੂੰ [1]ਦਗੱਧ ਕਰ ਲੈਂਦਾ ਹੈ।

ਸਤਿਗੁਰੂ ਅਰਜਨ ਦੇਵ ਜੀ ਦਾ ਗੂਜਰੀ ਦੀ ਵਾਰ ਅੰਦਰ ਫੁਰਮਾਨ ਹੈ। ਜਿਹੜਾ ਜਗਿਆਸੂ ਹਮੇਸ਼ਾਂ ਆਪਣੀ ਸਿਮ੍ਰਤੀ ਵਿੱਚ ਗੁਰੂ ਉਪਦੇਸ਼ ਨੂੰ ਅਰਾਧਦਾ (ਭਾਵ ਯਾਦ ਰਖਦਾ) ਹੈ। ਰਸਨਾ ਨਾਲ ਪਰਮਾਤਮਾਂ ਦਾ ਨਾਮ ਜਪਦਾ ਹੈ। ਨੇਤ੍ਰਾਂ ਦੁਆਰਾ ਸਾਰੀ ਸ੍ਰਿਸ਼ਟੀ ਅੰਦਰ ਗੁਰੂ ਜੀ ਜੋਤ ਵੇਖ ਕੇ ਸਭ ਸੰਸਾਰ ਨੂੰ ਪਿਆਰ ਕਰਦਾ ਹੈ। ਕੰਨਾਂ ਨਾਲ ਗੁਰੂ ਦੇ ਬਖਸ਼ਿਸ਼ ਕੀਤੇ ਨਾਮ ਨੂੰ ਹੀ ਸੁਣਦਾ ਹੈ, ਮਨ ਨੂੰ ਖਿੰਡਾਉ ਵਿੱਚ ਲਿਜਾਣ ਵਾਲੇ ਲੱਚਰ ਗੀਤਾਂ ਦੇ ਬੋਲ ਕੰਨਾਂ ਵਿੱਚ ਨਾ ਪੈਣ ਤੋਂ, ਗੁਰੂ ਚਰਨਾਂ ਵਿੱਚ ਅਰਦਾਸ ਕਰਦਾ ਹੈ—

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।।**
**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ।। ੧ ।।ਰਹਾਉ।।**

*ਮ: ੫, ਪੰਨਾ ੮੨੦*

1. ਸਾੜ ਲੈਂਦਾ ਹੈ (ਨਾਸ ਕਰ ਲੈਂਦਾ ਹੈ)



ਅਜਿਹਾ ਗੁਰੂ ਪਿਆਰਾ, ਗੁਰੂ ਪਰਮਾਤਮਾਂ ਦੇ ਪਿਆਰ-ਰੰਗ ਵਿੱਚ ਰੰਗਿਆ ਜਾਂਦਾ ਹੈ ਤੇ ਉਸ ਨੂੰ ਪਰਮਾਤਮਾਂ ਦੀ ਦਰਗਾਹ ਵਿੱਚ ਜਗ੍ਹਾ ਪ੍ਰਾਪਤ ਹੋ ਜਾਂਦੀ ਹੈ। ਸਾਹਿਬਾਂ ਦੀ ਫੁਰਮਾਨ ਹੈ —

**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ।।**
**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ।।**
**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ।।**

*ਗੂਜਰੀ ਮ: ੫, ਪੰਨਾ ੫੧੭*

## ਸਹਿਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ।।
## ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ।।੧ ।।

**ਅੱਖਰੀ ਅਰਥ :** ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਸ ਨੂੰ ਪਰਮਾਤਮਾਂ ਦਾ ਨਾਮ ਜਪਣ ਵਿੱਚ ਸੁਆਦ ਆਉਣ ਲੱਗ ਪਿਆ, ਨਾਮ ਜਪ ਮਿੱਠਾ ਲਗਣ ਦੀ ਬਰਕਤ ਨਾਲ ਪਰਮਾਤਮਾਂ, ਉਸ ਨੂੰ ਸਹਿਜ ਅਵਸਥਾ ਤੇ ਅਨੰਦ ਦੀ ਦਾਤ ਪ੍ਰਦਾਨ ਕਰ ਦਿੰਦਾ ਹੈ। ਮਨੁੱਖੀ ਜੀਵਨ ਦੀ ਸਫਲਤਾ ਲਈ ਤੇ ਆਤਮਾਂ ਦੇ ਉਧਾਰ ਲਈ, ਸਤਿਗੁਰੂ ਜੀ ਨੇ ਸੁਭਾਗੀ ਜੋੜੀ ਲਈ, ਇਹ ਅਰੰਭਿਕ ਉਪਦੇਸ਼ ਪ੍ਰਦਾਨ ਕੀਤਾ ਹੈ।

## ਮਨਿ ਹਰਿ ਹਰਿ ਮੀਠਾ ਲਾਇਆ

**ਸੰਖੇਪ ਵੀਚਾਰ :** ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਮਨੁੱਖ ਦਾ ਜੀਵਨ ਬਹੁਤ ਛੋਟਾ ਹੈ, ਪਰ ਮਨੁੱਖ ਅਗਿਆਨਤਾ ਤੇ ਮਾਇਆ ਦੇ ਭਰਮ ਵਿੱਚ ਫਸ ਕੇ ਆਪਣੇ ਜੀਵਨ ਦੀਆਂ ਲੰਬੀਆਂ-ਲੰਬੀਆਂ ਆਸਾਂ ਬੰਨ ਲੈਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ—

**ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।।**
**ਗ੍ਰਿਹ[1] ਮੰਦਰ ਸੰਪੈ ਜੋ ਦੀਸੈ ਜਿਉ ਤਰਵਰ[2] ਕੀ ਛਾਏ।।੧।।**

*ਗਉੜੀ ਮ: ੫, ਪੰਨਾ ੨੧੨*

ਗੁਰਬਾਣੀ ਅੰਦਰ ਬਾਬਾ ਫ਼ਰੀਦ ਜੀ ਸੁਚੇਤ ਕਰਦੇ ਹਨ ਕਿ ਹੇ ਮਨੁੱਖ ! ਇਹ

1. ਵੱਡੀਆਂ-ਵੱਡੀਆਂ ਕੋਠੀਆਂ ਮੰਦਰ ਜੋ ਦਿਸ ਰਹੇ ਹਨ। 2. ਇਹ ਸਭ ਨਾਸ਼ਵੰਤ ਹਨ ਜਿਸ ਤਰ੍ਹਾਂ ਦਰਖ਼ਤ ਦੀ ਛਾਂ ਹਮੇਸ਼ਾ ਨਹੀਂ ਰਹਿੰਦੀ।

ਸੰਸਾਰ ਇੱਕ ਸਰਾਂ ਨੁਮਾਂ ਹੈ। ਜਿਨ੍ਹਾਂ ਥਾਵਾਂ ਤੇ ਅਸੀਂ ਹੁਣ ਵਸੇਵਾ ਕਰ ਰਹੇ ਹਾਂ, ਪਤਾ ਨਹੀਂ ਸਾਡੇ ਤੋਂ ਪਹਿਲਾਂ ਇਨ੍ਹਾਂ ਘਰਾਂ, ਇਨ੍ਹਾਂ ਥਾਵਾਂ ਵਿੱਚ ਕਿੰਨੇ ਕੁ ਵਸੇਵਾ ਕਰ-ਕਰ ਕੇ ਤੁਰ ਗਏ ਹਨ। ਇਸ ਲਈ ਉਨ੍ਹਾਂ ਤੋਂ ਹੀ ਸਿੱਖਿਆ ਲੈ। ਜੇ ਉਹ ਨਹੀਂ ਰਹੇ ਤਾਂ ਯਾਦ ਰੱਖ ! ਰਹਿਣਾ ਤੂੰ ਵੀ ਨਹੀਂ।

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥੫॥**

*ਆਸਾ ਫਰੀਦ ਜੀ, ਪੰਨਾ ੪੮੮*

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ, ਹੇ ਮੂਰਖ ਮਨ! ਜਦ ਤੂੰ ਇਸ ਸੰਸਾਰ ਵਿੱਚ ਸਦਾ ਲਈ ਰਹਿਣਾ ਹੀ ਨਹੀਂ, ਤਦ ਤੂੰ ਕਿਸ ਗੱਲ ਦਾ ਮਾਣ ਕਰਦਾ ਹੈਂ? ਇਸ ਸੰਸਾਰ 'ਚੋਂ ਮਾਲਕ ਦੇ ਹੁਕਮ ਅਨੁਸਾਰ ਤੈਨੂੰ ਤੁਰਨਾ ਹੀ ਪੈਣਾ ਹੈ। ਸਤਿਗੁਰਾਂ ਦਾ ਬਚਨ ਯਾਦ ਰੱਖ—

**ਮੂਰਖ ਮਨ ਕਾਹੇ ਕਰਸਹਿ ਮਾਣਾ॥**
**ਉਠਿ ਚਲਣਾ ਖਸਮੈ ਭਾਣਾ॥੧॥ ਰਹਾਉ॥**

*ਮਾਰੂ ਮ: ੧, ਪੰਨਾ ੯੮੯*

ਜਿਨ੍ਹਾਂ ਨੇ ਇਸ ਸੰਸਾਰ 'ਚੋਂ ਅਗਾਂਹ ਤੁਰ ਜਾਣ ਦੀ ਸੱਚਾਈ ਨੂੰ ਕਬੂਲ ਕਰ ਲਿਆ, ਉਹ ਫਿਰ ਸੰਸਾਰ ਵਿੱਚ ਬਹੁਤੇ ਵਿਸਥਾਰਾਂ ਵਿੱਚ ਲੁਭਾਇਮਾਨ ਨਹੀਂ ਹੁੰਦੇ। ਵਿਸਥਾਰਾਂ ਵਿੱਚ ਉਹ ਹੀ ਖਚਤ ਹੁੰਦੇ ਹਨ, ਜਿਨ੍ਹਾਂ ਨੇ ਇਸ ਸੰਸਾਰ ਵਿੱਚੋਂ ਤੁਰ ਜਾਣ ਦਾ ਚੇਤਾ ਹੀ ਭੁਲਾ ਦਿੱਤਾ ਹੈ। ਸਤਿਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ—

**ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥**
**ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ॥੧॥**

*ਮ:੨, ਪੰਨਾ੭੮੭*

'**ਜਿਨੀ ਚਲਣੁ ਜਾਣਿਆ,**' ਦੇ ਸੱਚੇ ਉਪਦੇਸ਼ ਨੂੰ ਹਿਰਦੇ ਵਿੱਚ ਵਸਾ ਲਿਆ ਉਹ ਸੰਸਾਰੀ ਵਿਸਥਾਰ ਦੀ ਥਾਂ ਆਤਮਾ ਦੇ ਨਾਲ ਨਿਭਣ ਵਾਲੇ ਨਾਮ ਧਨ ਦਾ ਸੰਚਰਣ ਕਰਨਾ ਅਰੰਭ ਕਰ ਦਿੰਦੇ ਹਨ। ਨਾਮ ਦਾ ਸੰਚਰਣ ਕਰਨਾ ਪਹਿਲਾਂ-ਪਹਿਲਾਂ ਬਹੁਤ ਕਠਿਨ ਕਾਰਜ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੋਦਰ ਦੇ ਪਾਠ ਅੰਦਰ ਆਸਾ ਰਾਗ ਵਿੱਚ ਆਪ ਫੁਰਮਾਨ ਕੀਤਾ ਹੈ ਕਿ ਪਰਮੇਸ਼ਰ ਦਾ ਨਾਮ ਜਪਣਾ ਬੜਾ ਔਖਾ ਹੈ—

**ਆਖਣਿ ਅਉਖਾ ਸਾਚਾ ਨਾਉ॥** *ਮ:੧, ਪੰਨਾ ੯*

ਅਰੰਭ ਵਿੱਚ ਔਖਾ ਹੈ, ਜਪਦਿਆਂ-ਜਪਦਿਆਂ ਇੰਨਾ ਮਿੱਠਾ ਲੱਗਣ ਲੱਗ ਜਾਂਦਾ ਹੈ



ਕਿ ਸੰਸਾਰ ਦੇ ਸਾਰੇ ਮਿੱਠੇ ਪਦਾਰਥਾਂ ਨੂੰ ਮਾਤ ਪਾ ਦਿੰਦਾ ਹੈ। ਇਸ ਸੱਚਾਈ ਨੂੰ ਵੀ ਬਾਬਾ ਫਰੀਦ ਜੀ ਨੇ ਆਪਣੀ ਬਾਣੀ ਅੰਦਰ ਦਰਜ਼ ਕੀਤਾ ਹੈ—

**ਫਰੀਦਾ ਸਕਰ ਖੰਡੁ[1] ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥੨੭॥**

*ਫਰੀਦ ਜੀ, ਪੰਨਾ ੧੩੭੯*

ਨਿਰਾ ਨਾਮ ਮਿੱਠਾ ਹੀ ਨਹੀਂ ਲੱਗਦਾ। ਫਿਰ ਤਾਂ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਅਨੁਸਾਰ ਨਾਮ ਜਗਿਆਸੂ ਦਾ ਜੀਵਨ ਆਧਾਰ ਬਣ ਜਾਂਦਾ ਹੈ।

**ਆਖਾ ਜੀਵਾ ਵਿਸਰੈ ਮਰਿ ਜਾਉ॥** *ਮ: ੧, ਪੰਨਾ ੯*

ਪ੍ਰਭੂ-ਜਪ ਕਰਦਿਆਂ ਜਗਿਆਸੂ ਦੀ ਅਜਿਹੀ ਦਸ਼ਾ ਬਣ ਜਾਂਦੀ ਹੈ ਜਿਵੇਂ ਮੱਛੀ, ਪਾਣੀ ਤੋਂ ਬਿਨਾਂ ਜਿਉਂਦੀ ਨਹੀਂ ਰਹਿ ਸਕਦੀ ਤਿਵੇਂ ਹਰੀ ਦੇ ਪਿਆਰੇ ਸੰਤ-ਜਨ ਨਾਮ ਤੋਂ ਬਿਨਾਂ ਰਹਿ ਨਹੀਂ ਸਕਦੇ। ਸਤਿਗੁਰੂ ਰਾਮਦਾਸ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ—

**ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥**
**ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥੧॥**

*ਸੂਹੀ ਮ: ੪, ਪੰਨਾ ੭੫੯*

ਨਾਮ-ਅਧਾਰੀ ਜਗਿਆਸੂਆਂ ਨੂੰ ਪਰਮਾਤਮਾ ਅਨੰਦ ਦੀਆਂ ਦਾਤਾਂ ਪ੍ਰਦਾਨ ਕਰ ਦਿੰਦਾ ਹੈ ਤੇ ਉਹ ਸਹਿਜ ਅਵਸਥਾ ਦੇ ਧਾਰਨੀ ਬਣ ਜਾਂਦੇ ਹਨ। ਸਹਿਜ ਅਵਸਥਾ ਦੇ ਅਨੰਦ ਨੂੰ ਦਰਸਾਇਆ ਨਹੀਂ ਜਾ ਸਕਦਾ। ਬਾਬਾ ਕਬੀਰ ਜੀ ਦੇ ਕਥਨ '**'ਸਹਜ ਕੀ ਅਕਥ ਕਥਾ ਹੈ ਨਿਰਾਰੀ'**' ਅਨੁਸਾਰ ਸਹਿਜ ਅਵਸਥਾ ਨੂੰ ਕੇਵਲ ਮਾਣਿਆ ਹੀ ਜਾ ਸਕਦਾ ਹੈ। ਸਹਿਜ ਅਵਸਥਾ ਨੂੰ ਨਾ ਦਰਸਾਇਆ ਜਾ ਸਕਦਾ ਹੈ ਅਤੇ ਨਾ ਹੀ ਉਸ ਦਾ ਅਨੁਮਾਨ ਲਾ ਕੇ ਕਿਸੇ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ —

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥**

*ਸਲੋਕ ਕਬੀਰ ਜੀ, ਪੰਨਾ ੧੩੭੦*

ਅਨੰਦ ਤੇ ਸਹਿਜ ਅਵਸਥਾ ਦੀ ਪ੍ਰਾਪਤੀ ਗੁਰੂ ਘਰ ਵਿੱਚ ਪ੍ਰਵੇਸ਼ ਕਰਨ ਤੇ ਗੁਰੂ ਵੱਲੋਂ ਮਿਲੇ ਉਪਦੇਸ਼ ਨੂੰ ਕਮਾਉਣ ਨਾਲ ਹੀ ਸੰਭਵ ਹੈ। ਜਿਸ ਨੇ, ਨਾ ਗੁਰੂ-ਘਰ ਪ੍ਰਵੇਸ਼ ਹੀ ਕੀਤਾ ਤੇ ਨਾ ਹੀ ਗੁਰੂ ਉਪਦੇਸ਼ ਨੂੰ ਕਮਾਇਆ, ਉਸ ਨੂੰ ਪ੍ਰਭੂ ਨਾਮ

1. ਮਿਸ਼ਰੀ

ਦੀ ਮੌਜ਼ ਤੇ ਅਨੰਦ ਦੀ ਕੀ ਸਾਰ ਹੋ ਸਕਦੀ ਹੈ ?

ਇਸ ਪ੍ਰਕਾਰ ਪਹਿਲੜੀ ਲਾਵ ਵਿੱਚ ਸ੍ਰੀ ਸਤਿਗੁਰੂ ਜੀ ਨੇ ਆਰਥਿਕ ਅਤੇ ਪ੍ਰਮਾਰਥਿਕ ਕਾਰਜ ਨੂੰ ਪੂਰੀ ਲਗਨ ਨਾਲ "**ਪਰਵਿਰਤੀ ਕਰਮ**" ਬਣਾ ਕੇ ਕਰਨ ਦੀ ਪ੍ਰੇਰਨਾ ਜਗਿਆਸੂ-ਜਨਾਂ ਨੂੰ ਦਿੱਤੀ ਹੈ। ਨਾਲ ਹੀ ਹੁਕਮ ਕੀਤਾ ਹੈ ਕਿ ਇਹਨਾਂ ਪਰਵਿਰਤੀ ਕਰਮਾਂ ਨੂੰ ਸੰਤੁਲਨ ਵਿੱਚ ਰੱਖਦਿਆਂ ਪਾਪ ਕਰਮਾਂ ਤੋਂ ਬਚਣ ਲਈ ਪਰਮੇਸ਼ਰੀ ਗਿਆਨ-ਦਾਤੀ "ਬਾਣੀ" ਦੀ ਓਟ ਲੈ ਕੇ ਧਰਮ ਦੇ ਕਰਮ, ਆਪਣੀ ਸਿਮ੍ਰਤੀ ਵਿੱਚ "ਨਾਮ ਦ੍ਰਿੜ" ਕਰਕੇ ਕਰਨੇ ਹਨ। ਇਸ ਸਮੁੱਚੇ ਕਾਰਜ ਵਿੱਚ ਕੇਵਲ ਸਹਾਇਕ ਅਥਵਾ ਮਦਦਗਾਰ ਹੈ "ਸਤਿਗੁਰੂ", ਸੋ ਉਸ ਗੁਰ ਪੂਰੇ ਦੀ ਅਰਾਧਨਾ ਕਰ ਤਾਂ ਜੋ "**ਕਿਲਵਿਖ ਪਾਪ ਗਵਾਇਆ**" ਦੀ ਖੇਡ ਨਾਲ ਤੇਰਾ ਹਿਰਦਾ ਰੂਪੀ ਅੰਤਸ਼ਕਰਣ ਸ਼ੁੱਧ ਹੋ ਜਾਵੇ ਅਤੇ ਹੇ ਜਗਿਆਸੂ! ਤੇਰੇ ਧੁਰ ਅੰਦਰ "**ਸਹਜ**" ਵਾ "**ਅਨੰਦ ਅਵਸਥਾ**" ਪ੍ਰਗਟ ਹੋ ਜਾਵੇ।



# ਦੂਜੀ ਲਾਵ

## (ਮੂਲ ਤੇ ਪਦ-ਅਰਥ)

**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥**
**ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥**
**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥**
**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥**
**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥**
**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ॥੨॥**

**ਪਦ-ਅਰਥ : ਨਿਰਭਉ ਭੈ ਮਨੁ ਹੋਇ**—ਮਨ ਕਰਕੇ ਭੈ ਤੋਂ ਰਹਿਤ ਹੋ ਗਈ। **ਨਿਰਮਲੁ ਭਉ**—ਪਵਿੱਤਰ ਡਰ। **ਰਾਮੁ ਹਦੂਰੇ**—ਪਰਮਾਤਮਾ ਨੂੰ ਹਾਜ਼ਰ ਨਾਜ਼ਰ ਵੇਖਦੀ ਹੈ। **ਆਤਮ ਰਾਮੁ**—ਪਰਮਾਤਮਾ। **ਪਸਾਰਿਆ**—ਹਰ ਥਾਂ ਰਮਿਆ ਹੋਇਆ। **ਮੰਗਲ**—ਖ਼ੁਸ਼ੀ ਦੇ ਗੀਤ। **ਅਨਹਦ**—ਇੱਕ ਰਸ (ਲਗਾਤਾਰ) ਬਿਨਾਂ ਵਜਾਉਣ ਤੋਂ ਵਜ ਰਹੇ ਅਨੰਦਾਇੱਕ ਵਾਜੇ, ਜਿਸ ਨੂੰ ਅਧਿਆਤਮਿਕ ਬੋਲੀ ਵਿੱਚ ਅਨਹਦ-ਸ਼ਬਦ ਕਿਹਾ ਜਾਂਦਾ ਹੈ। ਇਹ ਅਵਸਥਾ ਕਲਪਤ ਨਹੀਂ, ਅਧਿਆਤਮੀਆਂ ਨੂੰ ਸੁਣਾਈ ਦਿੰਦੇ ਹਨ।

# ਨਿਰਮਲੁ ਭਉ ਪਾਇਆ

## (ਦੂਜੀ ਲਾਵ ਦਾ ਸਾਰ)

**ਸੰਖੇਪ ਵੀਚਾਰ** : ਪ੍ਰਿੰਸੀਪਲ ਸਤਬੀਰ ਸਿੰਘ ਹੋਰਾਂ ਨੇ ਲਾਵਾਂ ਦੀ ਵਿਆਖਿਆ ਕਰਦਿਆਂ **ਨਿਰਮਲੁ ਭਉ** ਨੂੰ ਬਹੁਤ ਮਹਾਨਤਾ ਦਿੱਤੀ ਹੈ। ਸੰਸਾਰ ਦੇ ਸਾਰੇ ਅੰਗ-ਸਾਕਾਂ, ਪਤੀ-ਪਤਨੀ, ਮਿੱਤਰਾਂ-ਦੋਸਤਾਂ ਦੇ ਸਾਰੇ ਨਾਤੇ, ਨਿਰਮਲ ਭਉ ਤੇ ਹੀ ਆਧਾਰਿਤ ਹਨ। ਨਿਰਮਲ ਭਉ ਇੰਨਾਂ ਮਹਾਨ ਹੈ ਕਿ ਗੁਰਸਿੱਖ ਤੇ ਗੁਰੂ ਵਿੱਚ ਪਿਆਰ ਦੀ ਕੜੀ ਨੂੰ ਵੀ ਨਿਰਮਲ ਭਉ ਹੀ ਪੀਡਾ ਕਰਦਾ ਹੈ। ਭੈ ਅਤੇ ਨਿਰਮਲ ਭਉ ਵਿੱਚ ਦਿਨ ਰਾਤ ਦਾ ਅੰਤਰ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਅੰਦਰ, ਇਸ ਜੀਵ ਨੂੰ ਆਪ ਸੁਤੰਤਰ ਜੀਵਨ ਜਿਊਣ ਅਤੇ ਦੂਸਰੇ ਨੂੰ ਸੁਤੰਤਰ ਜੀਵਨ ਜਿਊਣ ਦੇਣ ਲਈ ਇੱਕ ਅਸੂਲ ਪ੍ਰਦਾਨ ਕੀਤਾ ਹੈ ਕਿ ਜੋ ਮਨੁੱਖ, ਨਾ ਕਿਸੇ ਨੂੰ ਭੈ ਦੇਵੇ ਅਤੇ ਨਾ ਕਿਸੇ ਦੇ ਭੈ ਵਿੱਚ ਜੀਵਨ ਜੀਵੇ, ਅਜਿਹਾ ਮਨੁੱਖ ਅਸਲੀ ਗਿਆਨਵਾਨ ਕਹਿਲਾਉਣ ਦਾ ਹੱਕਦਾਰ ਹੈ ਕਿਉਂਕਿ ਭੈ, ਮਨੁੱਖ ਦੀ ਸੁਤੰਤਰਤਾ ਨੂੰ ਖੋਹ ਲੈਂਦਾ ਹੈ। ਜਦੋਂ ਸੁਤੰਤਰਤਾ ਖੁੱਸ ਗਈ, ਮਨੁੱਖ ਦੀ ਸੁਰਤ, ਮਨੁੱਖ ਦੀ ਜ਼ਮੀਰ, ਭੈ ਦਾਤਾ ਦੀ ਦਬੇਲ ਹੋ ਜਾਂਦੀ ਹੈ। ਦਬੇਲ ਹੋਈ ਸੁਰਤ ਆਪਣਾ ਆਪਾ ਖੋਹ ਬੈਠਦੀ ਹੈ ਤੇ ਸਹੀ ਸੁਤੰਤਰ ਫੈਸਲਾ ਨਹੀਂ ਲੈ ਸਕਦੀ। ਸਾਹਿਬਾਂ ਦਾ ਬਚਨ ਹੈ–

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।੧੬।।**

*ਸਲੋਕ ਮ: ੯, ਪੰਨਾ ੧੪੨੭*

ਸੁਤੰਤਰ ਜੀਵਨ ਜਿਊਣ ਲਈ, ਨਾ ਕਿਸੇ ਨੂੰ ਭੈ ਦਿਉ ਅਤੇ ਨਾ ਕਿਸੇ ਦੇ ਭੈ ਹੇਠ ਆਪਣੀ ਜ਼ਮੀਰ ਨੂੰ ਦਬੇਲ ਕਰੋ ਕਿਉਂਕਿ ਨਿਰਾ ਭਉ ਮਾਨਸਿਕ ਤੇ ਸਰੀਰਕ ਬਿਮਾਰੀਆਂ ਨੂੰ ਜਨਮ ਦਿੰਦਾ ਹੈ ਤੇ ਆਤਮਾਵਾਂ ਦੀ ਆਪਸੀ ਦੂਰੀ ਪਾਉਂਦਾ ਹੈ। ਜੇ ਅਸੀਂ ਸੰਸਾਰ ਵਿੱਚ ਸੁਖੀ-ਸੁਹੇਲਾ ਤੇ ਪਿਆਰ ਵਾਲਾ ਸੁਖਦਾਈ ਜੀਵਨ ਬਤੀਤ ਕਰਨ ਦੇ ਲੋੜਕੂ ਹਾਂ ਤਾਂ ਸਾਨੂੰ ਸਾਰਿਆਂ ਨੂੰ ਭੈ ਦਾ ਤਿਆਗ ਕਰਕੇ ''**ਨਿਰਮਲੁ ਭਉ**'' ਦੇ ਧਾਰਨੀ ਬਣਨਾ ਪਵੇਗਾ। ਨਿਰਮਲ ਭਉ, ਆਤਮਾ ਨੂੰ ਸੁਤੰਤਰਤਾ ਪ੍ਰਦਾਨ ਕਰਦਾ ਹੈ। ਪਾਪ ਕਰਮਾਂ ਤੋਂ ਰੱਖਿਆ ਕਰਦਾ ਹੈ। ਨਿਰਮਲ ਭਉ ਹੀ ਪਿਆਰ ਦਾ ਜਨਮ ਦਾਤਾ ਹੈ। ਨਿਰਮਲ ਭਉ ਹੀ ਸੰਸਾਰਿਕ ਤੇ ਅਧਿਆਤਮਿਕ ਰਿਸ਼ਤਿਆਂ ਦੀ ਪੀਡੀ ਗੰਢ ਪਾਉਂਦਾ ਹੈ।

ਬੱਚੇ-ਬੱਚੀ ਦਾ ਰਿਸ਼ਤਾ ਜਦੋਂ ਪਤੀ-ਪਤਨੀ ਦੇ ਰੂਪ ਵਿੱਚ ਬਦਲ ਜਾਂਦਾ ਹੈ, ਇਸ ਰਿਸ਼ਤੇ ਵਿੱਚ ਕਈ ਉਤਾਰ-ਚੜ੍ਹਾਉ ਆਉਂਦੇ ਹਨ ਕਿਉਂਕਿ ਵੱਖੋ-ਵੱਖਰੇ ਪਰਿਵਾਰਾਂ ਵਿੱਚੋਂ ਵੱਖੋ-ਵੱਖਰੇ ਮਹੌਲ ਵਿੱਚ ਪਲੇ ਹੋਏ, ਵੱਖੋ-ਵੱਖਰੇ ਸੁਭਾਵਾਂ ਦੇ ਧਾਰਨੀ ਬੱਚਿਆਂ ਦਾ, ਪਤੀ-ਪਤਨੀ ਦੇ ਰਿਸ਼ਤੇ ਵਿੱਚ ਜੋੜ ਜੁੜਦਾ ਹੈ। ਇਹ ਜੋੜ ਤਦ ਹੀ ਜੁੜਿਆ ਰਹੇਗਾ ਅਤੇ ਦਿਨੋਂ ਦਿਨ ਹੋਰ ਪੀਡਾ ਹੋਵੇਗਾ ਜੇ ਪਤੀ ਪਤਨੀ ਦੋਵੇਂ ਆਪਸੀ ਨਿਰਮਲ ਭਉ ਦੇ ਧਾਰਨੀ ਬਣਨਗੇ। ਮਿਸਾਲ ਦੇ ਤੌਰ ਤੇ, ਜੇ ਪਤੀ ਦੇ ਮਨ ਵਿੱਚ ਆਪਣੀ ਪਤਨੀ ਦੇ ਪ੍ਰਤੀ ਨਿਰਮਲ ਭਉ ਹੋਵੇਗਾ ਕਿ ਇਹ ਬੱਚੀ ਦੂਸਰੇ ਪਰਿਵਾਰ ਵਿੱਚੋਂ ਆਈ ਹੈ। ਮੈਂ ਇਸ ਨੂੰ ਵੱਧ ਤੋਂ ਵੱਧ ਪਿਆਰ ਦੇਵਾਂ। ਮੇਰੇ ਮੂੰਹ ਵਿੱਚੋਂ ਕੋਈ ਐਸਾ ਕੌੜਾ ਫਿੱਕਾ ਸ਼ਬਦ ਨਾ ਨਿਕਲੇ, ਜਿਸ ਨਾਲ ਮੇਰੀ ਪਤਨੀ



ਦੇ ਮਨ ਨੂੰ ਠੇਸ ਲੱਗੇ ਤੇ ਉਹ ਮੇਰੇ ਪ੍ਰਤੀ ਆਪਣੇ ਮਨ ਵਿੱਚ ਨਫ਼ਰਤ ਬਣਾ ਲਵੇ। ਸੰਸਾਰ ਵਿੱਚ ਅਤੇ ਘਰ ਵਿੱਚ ਵਿਚਰਦਿਆਂ ਮੈਥੋਂ ਕੋਈ ਐਸਾ ਕੁਕਰਮ ਨਾ ਹੋ ਜਾਵੇ, ਜਿਸ ਦੀ ਬਦੌਲਤ ਸਾਡੇ ਦੋਵਾਂ ਦੇ ਮਨਾਂ ਵਿੱਚ ਕੁੜੱਤਣ ਤੇ ਨਫ਼ਰਤ ਪੈਦਾ ਹੋ ਜਾਵੇ।

ਇਸੇ ਤਰ੍ਹਾਂ, ਜੇ ਪਤਨੀ ਦੇ ਮਨ ਵਿੱਚ ਆਪਣੇ ਪਤੀ ਦੇ ਸਹੁਰੇ ਪਰਿਵਾਰ ਪ੍ਰਤੀ, ਨਿਰਮਲ ਭਉ ਬਣ ਜਾਵੇ, ਕਿ ਮੈਂ ਆਪਣੇ ਮਾਪੇ ਪਰਿਵਾਰ ਵਿੱਚੋਂ ਆਪਣੇ ਸਹੁਰੇ ਪਰਿਵਾਰ, ਜੋ ਮੇਰਾ ਹੁਣ ਆਪਣਾ ਘਰ ਹੈ, ਆਈ ਹਾਂ। ਮੈਥੋਂ ਘਰ ਵਿੱਚ ਵਿਚਰਦਿਆਂ, ਮਨ, ਬਚਨ ਤੇ ਕਰਮਾਂ ਕਰਕੇ ਕੋਈ ਐਸਾ ਕਰਮ ਨਾ ਹੋ ਜਾਵੇ, ਜੋ ਮੇਰੇ ਪੇਕੇ ਘਰ ਨੂੰ ਵੀ ਦਾਗੀ ਕਰੇ ਤੇ ਸਹੁਰੇ ਪਰਿਵਾਰ ਵਿੱਚ ਵੀ ਮੇਰਾ ਮਾਣ-ਸਤਿਕਾਰ ਘਟੇ। ਜਦੋਂ ਬੱਚੀ, ਪਤਨੀ ਦੇ ਰੂਪ ਵਿੱਚ ਨਿਰਮਲ ਭਉ ਅਧੀਨ ਸਹੁਰੇ ਘਰ ਵਿਚਰੇਗੀ, ਮਾਣ ਸਤਿਕਾਰ ਵੀ ਪਾਏਗੀ ਅਤੇ ਪਤੀ ਤੇ ਸਾਰਾ ਸਹੁਰਾ ਪਰਿਵਾਰ ਉਸ ਨੂੰ ਪਿਆਰ ਵੀ ਰੱਜ ਕੇ ਦੇਵੇਗਾ।

ਜੇ ਦੋਵਾਂ ਪਤੀ-ਪਤਨੀ ਵਿੱਚੋਂ ਇੱਕ ਵੀ ਆਪਸੀ ਨਿਰਮਲ ਭਉ ਦਾ ਤਿਆਗੀ ਬਣ ਜਾਵੇ। ਬਸ ਹਫ਼ਤੇ ਬਾਅਦ ਹੀ ਉਸ ਘਰ ਵਿੱਚ ਕ੍ਰੋਧ, ਈਰਖਾ, ਦ੍ਵੈਖ ਤੇ ਨਫ਼ਰਤ ਦੀ ਅੱਗ ਸੁਲਗਣ ਲੱਗ ਜਾਵੇਗੀ। ਇਸ ਅਗਨੀ ਵਿੱਚੋਂ ਨਿੱਘ ਨਹੀਂ ਪ੍ਰਾਪਤ ਹੋਵੇਗਾ, ਸਗੋਂ ਸੇਕ ਉਪਰੰਤ ਭਾਂਬੜ ਪ੍ਰਗਟ ਹੋ ਕੇ ਉਹ ਬੋਲ-ਕੁਬੋਲ, ਹੱਥੋਂ ਪਾਈ ਤੇ ਤਲਾਕ ਦੇ ਰੂਪ ਵਿੱਚ ਸੰਸਾਰ ਸਾਹਮਣੇ ਪ੍ਰਗਟ ਹੋਣਗੇ। ਜਿਸ ਘਰ ਵਿੱਚ ਪਤੀ-ਪਤਨੀ ਆਪਸੀ ਨਿਰਮਲ ਭਉ ਦੇ ਧਾਰਨੀ ਬਣੇ ਰਹਿਣਗੇ, ਜਿੱਥੇ ਉਹ ਆਪ ਸੁਖ ਸ਼ਾਂਤੀ ਦਾ ਜੀਵਨ ਮਾਨਣਗੇ, ਉੱਥੇ ਆਂਢ-ਗੁਆਂਢ ਤੇ ਸੰਸਾਰ ਵੀ ਉਨ੍ਹਾਂ ਦੀ ਮਿਸਾਲ ਦੂਸਰਿਆਂ ਨੂੰ ਦੇ ਕੇ, ਉਨ੍ਹਾਂ ਦੀ ਸੋਭਾ ਕਰਨਗੇ। ਨਿਰਮਲ-ਭਉ ਹੀ ਸੁੱਖ ਤੇ ਸੋਭਾ ਦਾ ਜਨਮ ਦਾਤਾ ਹੈ।

ਇਸੇ ਤਰ੍ਹਾਂ ਪਿਉ-ਪੁੱਤਰ ਦੇ ਰਿਸ਼ਤੇ ਨੂੰ ਲੈ ਲਈਏ। ਜਿੰਨਾ ਚਿਰ ਪੁੱਤਰ ਆਪਣੇ ਪਿਤਾ ਦੇ ਨਿਰਮਲ ਭਉ ਵਿੱਚ ਵਿਚਰਦਾ, ਇਹ ਮਹਿਸੂਸ ਕਰਦਾ ਹੈ ਕਿ ਮੇਰੇ ਪਿਤਾ ਜੀ ਮੇਰੀਆਂ ਸੰਸਾਰਿਕ ਲੋੜਾਂ ਤੇ ਰੀਝਾਂ ਬੜੀ ਤਨਦੇਹੀ ਨਾਲ ਮਨ-ਤਨ ਕਰਕੇ ਪੂਰੀਆਂ ਕਰਦੇ ਹਨ। ਮੇਰੇ ਪਾਸੋਂ ਪਿੰਡ ਵਿੱਚ ਇਲਾਕੇ ਵਿੱਚ ਵਿਚਰਦਿਆਂ ਮਨ, ਬਚਨ ਤੇ ਕਰਮ ਕਰਕੇ ਕੁੱਝ ਐਸਾ ਕਰਮ ਨਾ ਹੋ ਜਾਵੇ, ਜਿਸ ਕਰਮ ਕਰਕੇ ਮੇਰੇ ਬਾਪ ਨੂੰ ਮੇਰਾ ਉਲਾਂਭਾ ਝੱਲਣਾ ਪਵੇ ਤੇ ਪਰਿਵਾਰ ਦੀ ਇੱਜ਼ਤ ਨੂੰ ਵੱਟਾ ਲੱਗੇ। ਮੈਨੂੰ ਵੀ ਤੇ ਪਰਿਵਾਰ ਨੂੰ ਵੀ ਸੰਸਾਰ ਅੰਦਰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਜਾਵੇ। ਪੁੱਤਰ ਦਾ ਅਜਿਹਾ ਨਿਰਮਲ ਭਉ, ਪਿਉ-ਪੁੱਤਰ ਦੇ ਪ੍ਰੇਮ ਵਿੱਚ ਹੋਰ ਵਾਧਾ

ਕਰੇਗਾ। ਪਿਉ ਆਪਣੇ ਪੁੱਤਰ ਉੱਪਰ ਮਾਣ ਵੀ ਕਰੇਗਾ ਤੇ ਆਪਣੇ ਆਗਿਆਕਾਰੀ ਪੁੱਤਰ ਨੂੰ ਆਪਣੇ ਜਿਊਂਦੇ ਜੀ ਸਭ ਕੁਝ ਸੌਂਪ ਦੇਵੇਗਾ।

ਦੂਸਰੇ ਪਾਸੇ, ਜਿਹੜਾ ਪੁੱਤਰ ਆਪਣੇ ਪਿਉ ਅਤੇ ਪਰਿਵਾਰ ਦੀ ਇੱਜ਼ਤ ਦਾ ਨਿਰਮਲ ਭਉ ਤਿਆਗ ਦਿੰਦਾ ਹੈ। ਖੋਟੀ ਸੰਗਤ ਵਿੱਚ ਪਰਵਿਰਤ ਹੋ ਕੇ ਨਿੱਤ ਹੀ ਉਲ੍ਹਾਮੇ ਲਿਆਉਂਦਾ ਹੈ। ਪੁੱਤਰ ਦੀ ਬਦੌਲਤ ਪਿਉ ਨੂੰ ਨਿੱਤ ਲੋਕਾਂ ਪਾਸੋਂ ਮੁਆਫੀਆਂ ਮੰਗਣੀਆਂ ਤੇ ਕਚਹਿਰੀਆਂ ਦੇ ਚੱਕਰ ਕੱਟਣੇ ਪੈਂਦੇ ਹਨ। ਅਜਿਹੇ ਨਿਰਮਲ ਭਉ ਦੇ ਤਿਆਗੀ ਪੁੱਤਰ ਨੂੰ ਪਿਤਾ, ਜਿੱਥੇ ਆਪਣੇ ਜਿਊਂਦੇ ਜੀ ਬੇ-ਦਖਲ ਕਰਕੇ ਉਸ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ ਉੱਥੇ ਸੰਸਾਰ ਵਿੱਚ ਸ਼ਰੇ-ਆਮ, ਬਾਪ ਕਹਿਣ ਨੂੰ ਮਜ਼ਬੂਰ ਹੋ ਜਾਂਦਾ ਹੈ ਕਿ ਅਜਿਹੀ ਔਲਾਦ ਪਰਮਾਤਮਾ ਨਾ ਦਿੰਦਾ ਤਾਂ ਚੰਗਾ ਸੀ, ਜਿਸਨੇ ਸਾਰੇ ਪਰਿਵਾਰ ਦੀ ਇੱਜ਼ਤ ਮਿੱਟੀ ਵਿੱਚ ਮਿਲਾ ਦਿੱਤੀ ਹੈ। ਵਡੇਰੀ ਉਮਰ ਵਿੱਚ ਸੁੱਖ ਦੇਣ ਦੀ ਥਾਂ, ਦੁੱਖ ਤੇ ਪਰੇਸ਼ਾਨੀਆਂ ਦੇ ਕੇ ਮੇਰੀ ਉਮਰ ਹੀ ਘਟਾ ਦਿੱਤੀ ਹੈ। ਇਹ ਸਾਰਾ ਕੁਝ ਨਿਰਮਲ-ਭਉ ਨੂੰ ਅੱਖੋਂ ਪਰੋਖੇ ਕਰਨ ਦਾ ਹੀ ਸਿੱਟਾ ਹੈ।

ਇਸੇ ਤਰ੍ਹਾਂ ਅਧਿਆਪਕ ਤੇ ਵਿਦਿਆਰਥੀ ਦੇ ਸਬੰਧ ਵੀ ਨਿਰਮਲ-ਭਉ ਉੱਪਰ ਹੀ ਨਿਰਭਰ ਹਨ। ਜਿਹੜਾ ਵਿਦਿਆਰਥੀ ਆਪਣੇ ਅਧਿਆਪਕ ਦੇ ਸਤਿਕਾਰ ਵਿੱਚ ਰਹਿ ਕੇ ਜੋ ਅਧਿਆਪਕ ਨੇ ਪੜ੍ਹਾਇਆ, ਉਸ ਨੂੰ ਧਿਆਨ ਨਾਲ ਪੜ੍ਹਦਾ ਤੇ ਹੋਮ-ਵਰਕ ਪੂਰਾ ਕਰਕੇ ਲਿਜਾਂਦਾ ਹੈ ਨਿਰਮਲ ਭਉ ਮਨ ਵਿੱਚ ਧਾਰਨ ਕਰਕੇ ਵਿਚਰਦਾ ਹੈ ਕਿ ਜੇ ਮੈਂ ਹੋਮ-ਵਰਕ ਪੂਰਾ ਨਾ ਕੀਤਾ ਤੇ ਜੋ ਅਧਿਆਪਕ ਨੇ ਮੈਨੂੰ ਸਬਕ ਦਿੱਤਾ ਹੈ, ਉਸਨੂੰ ਯਾਦ ਨਾ ਕੀਤਾ, ਤਦ ਅਧਿਆਪਕ ਮੇਰੇ ਤੇ ਖ਼ੁਸ਼ ਨਹੀਂ ਹੋਵੇਗਾ। ਅਜਿਹੇ ਆਗਿਆਕਾਰੀ ਸਤਿਕਾਰ ਕਰਨ ਵਾਲੇ ਤੇ ਪੜ੍ਹਾਈ ਕਰਨ ਵਾਲੇ ਵਿਦਿਆਰਥੀ ਉੱਪਰ ਅਧਿਆਪਕ ਵੀ ਪ੍ਰਸੰਨ ਹੁੰਦਾ ਹੈ ਤੇ ਵੱਧ ਤੋਂ ਵੱਧ ਉਸ ਨੂੰ ਵਿੱਦਿਆ ਦੇਣ ਦਾ ਯਤਨ ਕਰਦਾ ਹੈ ਤਾਂ ਕਿ ਇਹ ਵਿਦਿਆਰਥੀ ਸਕੂਲ ਵਿੱਚੋਂ ਅੱਵਲ ਨਿਕਲੇ ਤੇ ਮੇਰਾ ਨਾਮਣਾ ਵੀ ਉੱਚਾ ਕਰੇ। ਅਜਿਹੇ ਵਿਦਿਆਰਥੀ ਨੂੰ ਅਧਿਆਪਕ ਵੀ ਮਾਣ ਸਤਿਕਾਰ ਦਿੰਦਾ ਹੈ।

ਦੂਸਰੇ ਪਾਸੇ, ਜਿਹੜਾ ਵਿਦਿਆਰਥੀ ਆਪਣੇ ਅਧਿਆਪਕ ਦੇ ਨਿਰਮਲ-ਭਉ ਦੀ ਪਰਵਾਹ ਨਹੀਂ ਕਰਦਾ, ਪੜ੍ਹਾਈ ਦੀ ਥਾਂ ਅਵਾਰਾ ਗਰਦੀ ਕਰਦਾ ਸਮਾਂ ਬਿਤਾ ਦਿੰਦਾ ਹੈ। ਅਧਿਆਪਕ ਦਾ ਸਤਿਕਾਰ ਕਰਨ ਦੀ ਥਾਂ ਸਗੋਂ ਉਸ ਦਾ ਤ੍ਰਿਸਕਾਰ ਕਰਦਾ ਹੈ, ਅਜਿਹਾ ਵਿਦਿਆਰਥੀ ਅਧਿਆਪਕ ਦੀਆਂ ਨਜ਼ਰਾਂ ਵਿੱਚੋਂ ਡਿੱਗ ਜਾਂਦਾ ਹੈ। ਅਧਿਆਪਕ ਵੀ ''ਖਸਮਾਂ ਨੂੰ ਖਾਹ'' ਕਹਿ ਕੇ ਉਸ ਦਾ ਪਿੱਛਾ ਛੱਡ



ਦਿੰਦਾ ਹੈ।

ਇਸੇ ਤਰ੍ਹਾਂ ਹੀ ਸੱਜਣਾਂ-ਮਿੱਤਰਾਂ, ਦੋਸਤਾਂ ਦੀ ਨੇੜਤਾ ਤੇ ਰਿਸ਼ਤੇਦਾਰਾਂ ਦੀ ਰਿਸ਼ਤੇਦਾਰੀ, ਇਹ ਸਭ ਨਿਰਮਲ-ਭਉ ਦੀ ਦੀਵਾਰ ਤੇ ਅਧਾਰਿਤ ਹੈ। ਜਿੰਨਾ-ਜਿੰਨਾ ਆਪਸੀ ਨਿਰਮਲ ਭਉ ਦੀ ਦੀਵਾਰ ਮਜ਼ਬੂਤ ਹੈ ਉਨਾਂ ਹੀ ਆਪਸੀ ਪਿਆਰ ਤੇ ਰਿਸ਼ਤਾ ਵੀ ਮਜ਼ਬੂਤ ਹੈ। ਜਦੋਂ ਨਿਰਮਲ-ਭਉ ਦੀ ਦੀਵਾਰ ਟੁੱਟ ਜਾਂਦੀ ਹੈ, ਨਿਰਮਲ ਭਉ ਦੀ ਦੀਵਾਰ ਟੁੱਟਣ ਨਾਲ ਦੋਸਤੀ ਵੀ ਤੇ ਰਿਸ਼ਤੇਦਾਰੀ ਸਭ ਖ਼ਤਮ ਹੋ ਜਾਂਦੇ ਹਨ ਤੇ ਪਿਆਰ ਦੀ ਥਾਂ ਦੁਸ਼ਮਣੀ ਪ੍ਰਗਟ ਹੋਣ ਲੱਗ ਜਾਂਦੀ ਹੈ।

ਸੰਸਾਰ ਦੇ ਰਿਸ਼ਤਿਆਂ ਦੀ ਤਰ੍ਹਾਂ ਸਿੱਖ ਦਾ ਗੁਰੂ ਨਾਲ ਅਧਿਆਤਮਿਕ ਨਾਤਾ ਹੈ। ਗੁਰੂ-ਸਿੱਖ ਦਾ ਨਾਤਾ ਵੀ ਨਿਰਮਲ ਭਉ ਉੱਪਰ ਹੀ ਖਲੋਤਾ ਹੈ। ਜਿੰਨਾਂ ਚਿਰ ਸਿੱਖ ਆਪਣੇ ਗੁਰੂ ਦਾ ਨਿਰਮਲ-ਭਉ ਮਨ ਵਿੱਚ ਧਾਰਨ ਕਰੀ ਰੱਖਦਾ ਹੈ ਕਿ ਸੰਸਾਰ ਭਵਜਲ ਅੰਦਰ ਵਿਚਰਦਿਆਂ ਮੇਰੇ ਪਾਸੋਂ ਮਨ, ਬਚਨ ਤੇ ਕਰਮ ਕਰਕੇ ਕੋਈ ਅਜਿਹਾ ਮਾੜਾ ਕਰਮ ਨਾ ਹੋ ਜਾਵੇ, ਜਿਸ ਦੀ ਬਦੌਲਤ ਮੇਰੇ ਗੁਰੂ ਵੱਲ ਕੋਈ ਉਂਗਲ ਕਰੇ। ਮੈਨੂੰ ਸਤਿਗੁਰਾਂ ਨੇ ਜੋ ਬਾਣਾ ਬਖਸ਼ਿਆ ਹੈ, ਲੋਕ ਮੇਰੇ ਮਾੜੇ ਕਰਮ ਦੇ ਇਵਜ਼ਾਨੇ ਵਿੱਚ ਗੁਰੂ ਦੇ ਪਵਿੱਤਰ ਬਾਣੇ ਦੀ ਬਦਨਾਮੀ ਕਰਨ ਤੇ ਉਲ੍ਹਾਮੇ ਦੇਣ। ਜਿੰਨਾ ਚਿਰ ਸਿੱਖ ਦੇ ਮਨ ਅੰਦਰ, ਬਾਣੀ-ਬਾਣੇ ਤੇ ਸਤਿਗੁਰੂ ਪ੍ਰਤੀ ਨਿਰਮਲ-ਭਉ ਬਣਿਆ ਰਹਿੰਦਾ ਹੈ, ਗੁਰੂ ਵੀ ਅਜਿਹੇ ਨਿਰਮਲ-ਭਉ ਦੇ ਧਾਰਨੀ ਨੂੰ, ਪਿਆਰਦੇ ਸਤਿਕਾਰਦੇ, ਆਪਣਾ ਭਰਾ, ਆਪਣਾ ਸਿੱਖ, ਆਪਣਾ ਰਿਸ਼ਤੇਦਾਰ ਬਣਾ ਕੇ ਨਿਵਾਜ਼ਦੇ ਗੁਰਬਾਣੀ ਅੰਦਰ ਫੁਰਮਾਨ ਕਰਦੇ ਹਨ–

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥**

*ਸੋਰਠਿ ਮ: ੩, ਪੰਨਾ ੬੦੧*

ਅਤੇ ਸਤਿਕਾਰ ਦਿੰਦੇ ਫੁਰਮਾਨ ਕਰਦੇ ਹਨ–

**ਰਹਿਣੀ ਰਹੈ ਸੋਈ ਸਿਖ ਮੇਰਾ॥ ਉਹ ਸਾਹਿਬ ਮੈ ਉਸ ਕਾ ਚੇਰਾ॥**

*ਰਹਿਤਨਾਮਾ*

ਅਜਿਹੇ ਸਿੱਖ ਨੂੰ ਸਤਿਗੁਰੂ ਨਿਰਾ ਸਤਿਕਾਰ ਹੀ ਨਹੀਂ ਦਿੰਦੇ ਸਗੋਂ ਆਪਣਾ ਖ਼ਾਸ ਰੂਪ ਬਣਾ ਕੇ ਕਹਿੰਦੇ ਹਨ ਕਿ–

**ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖਾਲਸੇ ਮਹਿ ਹੌ ਕਰੌ ਨਿਵਾਸ॥**
**ਖਾਲਸਾ ਮੇਰੋ ਮੁਖ ਹੈ ਅੰਗਾ॥ ਖਾਲਸੇ ਕੇ ਹੌ ਸਦ ਸਦ ਸੰਗਾ॥**

*ਸਰਬ ਲੋਹ ਗ੍ਰੰਥ*

ਜਿਹੜਾ ਸਿੱਖ, ਗੁਰੂ ਤੇ ਆਪਣੇ ਵਿਚਕਾਰੋਂ ਨਿਰਮਲੁ ਭਉ ਦੀ ਦੀਵਾਰ ਢਾਹ

ਕੇ ਮਨ ਪਿੱਛੇ ਲੱਗ ਜਾਂਦਾ ਹੈ, ਸਤਿਗੁਰੂ ਵੀ ਅਜਿਹੇ ਨਿਡਰ ਨੂੰ ਕਹਿ ਦਿੰਦੇ ਹਨ ਕਿ ਭਲਿਆ, ਤੇਰੀ ਮਰਜ਼ੀ! ਤੂੰ ਨਿਰਮਲ ਭਉ ਦੀ ਰਾਮ ਕਾਰ ਹੁਣ ਟੱਪ ਗਿਆ ਹੈਂ। ਇਸ ਲਈ ਤੂੰ ਹੁਣ ਦੁੱਖਾਂ ਦੀਆਂ ਚੋਟਾਂ ਸਹਾਰ, ਪਰ ਯਾਦ ਰੱਖੀਂ ! ਇਸ ਨਿਰਮਲ ਭਉ ਤੋਂ ਬਿਨਾਂ ਤੈਨੂੰ ਕਦੇ ਸੁੱਖ ਪ੍ਰਾਪਤ ਨਹੀਂ ਹੋਣਾ, ਤੇ ਹਾਂ ! ਨਿਰਮਲ-ਭਉ ਨੂੰ ਤੋੜਨ ਦਾ ਪਛਤਾਵਾ ਤੈਨੂੰ ਜ਼ਰੂਰ ਲੱਗੇਗਾ। ਸਤਿਗੁਰੂ ਅਮਰਦਾਸ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ –

**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ॥੧॥**

*ਸੋਰਠਿ ਮ: ੩, ਪੰਨਾ ੬੦੧*

ਸਤਿਗੁਰੂ ਅਮਰਦਾਸ ਜੀ ਦਾ ਗੂਜਰੀ ਦੀ ਵਾਰ ਅੰਦਰ ਬੜਾ ਭਾਵ-ਪੂਰਤ ਫੁਰਮਾਨ ਹੈ। ਜਿਹੜਾ ਜਗਿਆਸੂ ਪਰਮਾਤਮਾ ਦੇ ਭੈਅ ਵਿੱਚ ਬੈਠਦਾ ਹੈ, ਭੈ ਵਿੱਚ ਹੀ ਹਮੇਸ਼ਾ ਰਹਿੰਦਾ ਹੈ ਅਤੇ ਪ੍ਰਭੂ ਭੈ ਵਿੱਚ ਰਹਿ ਕੇ ਕਾਰ ਵਿਹਾਰ ਕਰਦਾ ਹੈ, ਅਜਿਹੇ ਨਿਰਮਲ-ਭਉ ਦੇ ਧਾਰਨੀ ਨੂੰ ਇਸ ਸੰਸਾਰ ਵਿੱਚ ਸੁੱਖ ਤੇ ਪ੍ਰਭੂ ਦਰਗਾਹ ਅੰਦਰ ਜੀਵਨ ਮੁਕਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਪਰਮਾਤਮਾ ਦੇ ਭੈ ਵਿੱਚ ਰਹਿ ਕੇ ਹੀ ਨਿਰਭਉ ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਨਿਰਮਲ ਭਉ ਦੀ ਬਰਕਤ ਨਾਲ ਜੀਵ ਆਤਮਾ-ਪਰਮ ਜੋਤ ਵਿੱਚ ਸਮਾਈ ਪ੍ਰਾਪਤ ਕਰ ਲੈਂਦੀ ਹੈ। ਆਪ ਜੀ ਫੁਰਮਾਨ ਹੈ –

**ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ॥**
**ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ॥**
**ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ॥** *ਪੰਨਾ ੫੧੬*

## ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ॥

**ਅੱਖਰੀ ਅਰਥ** : ਦੂਸਰੀ ਲਾਵ ਅੰਦਰ ਸ੍ਰੀ ਗੁਰੂ ਰਾਮਦਾਸ ਜੀ ਉਪਦੇਸ਼ ਕਰਦੇ ਹਨ ਕਿ ਮੈਂ ਪਰਮਾਤਮਾ ਤੋਂ ਬਲਿਹਾਰ ਜਾਂਦਾ ਹਾਂ, ਜਿਸ ਨੇ ਕਿਰਪਾ ਕਰਕੇ ਮੇਰਾ ਸਤਿਗੁਰੂ ਨਾਲ ਮਿਲਾਪ ਕਰਵਾ ਦਿੱਤਾ।

## ਸਤਿਗੁਰੁ ਪੁਰਖੁ ਮਿਲਾਇਆ

**ਸੰਖੇਪ ਵਿਚਾਰ** : ਖੇਤਰ, ਚਾਹੇ ਉਹ ਆਰਥਿਕ ਹੈ, ਚਾਹੇ ਪਰਮਾਰਥਿਕ, ਦੋਵਾਂ ਖੇਤਰਾਂ ਵਿੱਚ ਸਤਿਗੁਰੂ ਦੀ ਰਹਿਮਤ ਤੋਂ ਬਿਨਾਂ ਕੋਈ ਕਾਰਜ਼ ਵੀ ਰਾਸ ਨਹੀਂ



ਆਉਂਦਾ। ਸੰਸਾਰ ਅੰਦਰ ਮਨੁੱਖ, ਅਨੇਕਾਂ ਸਬੱਬ, ਵਸੀਲੇ ਬਣਾ ਕੇ ਕਾਰਜਾਂ ਵਿੱਚ ਸਫ਼ਲਤਾ ਪ੍ਰਾਪਤ ਕਰਨਾ ਲੋਚਦਾ ਹੈ। ਬਾਬਾ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਵਸੀਲੇ, ਸਬੱਬ ਵੀ ਤਦ ਹੀ ਸਫ਼ਲ ਹੁੰਦੇ ਹਨ ਜੇ ਸਤਿਗੁਰੂ ਪਰਮਾਤਮਾ ਉਸ ਵਸੀਲੇ ਵਿੱਚ ਆਪ ਸਹਾਇਕ ਹੋਵੇ। ਇੱਕੱਲੇ ਵਸੀਲੇ ਨਾਲ ਮਨੁੱਖ ਆਪਣੇ ਮੰਤਵ ਵਿੱਚ ਸਫ਼ਲ ਨਹੀਂ ਹੋ ਸਕਦਾ। ਆਪ ਜੀ ਨੇ ਬਹੁਤ ਸੁੰਦਰ ਮਿਸਾਲ ਦਿੱਤੀ ਹੈ, ਕਿ ਕੋਈ ਮਨੁੱਖ ਕਿਸੇ ਦਰੱਖ਼ਤ ਦੀ ਟੀਸੀ ਤੇ ਚੜ੍ਹਨਾ ਚਾਹੁੰਦਾ ਹੈ। ਉਸ ਨੇ ਦਰੱਖ਼ਤ ਉੱਪਰ ਚੜ੍ਹਨ ਲਈ, ਦਰਖ਼ਤ ਦੀ ਸ਼ਾਖ ਉੱਪਰ ਪੈਰ ਧਰਿਆ ਤੇ ਉਹ ਮੁੜ ਗਈ। ਮਨੁੱਖ ਨੇ ਉਸ ਟਾਹਣੀ ਨੂੰ ਛੱਡ ਕੇ ਹੋਰ ਸ਼ਾਖ ਉੱਪਰ ਪੈਰ ਰੱਖਿਆ, ਉਹ ਵੀ ਹੇਠਾਂ ਨੂੰ ਝੁੱਕ ਗਈ। ਮਨੁੱਖ ਨੇ ਤੀਸਰੀ ਡਾਲੀ ਉੱਪਰ ਪੈਰ ਟਿਕਾਉਣ ਦਾ ਯਤਨ ਕੀਤਾ ਉਹ ਵੀ ਟੁੱਟ ਗਈ। ਫਿਰ ਤੁਸੀਂ ਦੱਸੋ, ਮਨੁੱਖ ਕਿਵੇਂ ਦਰੱਖ਼ਤ ਦੀ ਟੀਸੀ ਤੇ ਚੜ੍ਹ ਸਕਦਾ ਹੈ ? ਭਾਵ ਨਹੀਂ ਚੜ੍ਹ ਸਕਦਾ। ਆਪ ਜੀ ਬੜਾ ਪਿਆਰਾ ਬਚਨ–

**ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥**
**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ॥੯੭॥**

*ਕਬੀਰ ਜੀ, ਪੰਨਾ ੧੩੬੯*

ਇਸੇ ਤਰ੍ਹਾਂ, ਕਿਸੇ ਮਨੁੱਖ ਨੇ ਮਾਇਆ ਪ੍ਰਾਪਤ ਕਰਨ ਦੀ ਖ਼ਾਤਰ ਕੋਈ ਕਾਰੋਬਾਰ ਅਰੰਭ ਕੀਤਾ। ਮਾਇਆ ਖਰਚੀ, ਆਪਣਾ ਯਤਨ ਕੀਤਾ ਪਰ ਘਾਟਾ ਪੈ ਗਿਆ। ਦੂਜੇ ਤੀਜੇ ਥਾਂ, ਰਹਿੰਦੀ ਮਾਇਆ ਖਰਚ ਕੇ ਸਫਲ ਹੋਣ ਦਾ ਯਤਨ ਕੀਤਾ ਪਰ ਸਫ਼ਲਤਾ ਨਾ ਮਿਲੀ। ਅਸਫਲਤਾ ਪ੍ਰਾਪਤ ਹੋਣ ਦੀ ਬਦੌਲਤ, ਪਹਿਲੀ ਇੱਕੱਠੀ ਕੀਤੀ ਮਾਇਆ ਵੀ ਜਾਂਦੀ ਲੱਗੀ। ਅਮੀਰੀ ਪ੍ਰਾਪਤ ਕਰਦਾ-ਕਰਦਾ ਮਨੁੱਖ ਗ਼ਰੀਬ ਹੋ ਕੇ ਬੈਠ ਗਿਆ। ਇਸ ਦੇ ਉਲਟ, ਜੇ ਗੁਰੂ ਦੀ ਰਹਿਮਤ ਹੈ ਤਾਂ ਮਨੁੱਖ ਮਿੱਟੀ ਨੂੰ ਹੱਥ ਪਾਵੇ, ਉਹ ਸੋਨਾ ਬਣਦੀ ਜਾਂਦੀ ਹੈ। ਮਨੁੱਖ ਅੱਜ ਹੋਰ ਕੱਲ੍ਹ ਹੋਰ, ਬੁਲੰਦੀਆਂ ਨੂੰ ਛੂੰਹਦਾ ਜਾਂਦਾ ਹੈ। ਤਦ ਹੀ ਸਤਿਗੁਰੂ ਅਰਜਨ ਦੇਵ ਜੀ ਨੇ ਬਿਲਾਵਲ ਰਾਗ ਅੰਦਰ ਬਚਨ ਅੰਕਤ ਕੀਤਾ ਹੈ–

**ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ॥**
**ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ॥੪॥** *ਪੰਨਾ ੮੧੪*

ਜ਼ਿੰਦਗੀ ਦੇ ਹਰ ਖੇਤਰ ਵਿੱਚ ਪਰਮਾਤਮਾ ਅਤੇ ਗੁਰੂ ਦੀ ਸਹਾਇਤਾ ਤੋਂ ਬਿਨਾਂ ਮਨੁੱਖ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦਾ। ਇਸੇ ਲਈ ਹੀ ਗੁਰਬਾਣੀ ਅੰਦਰ ਹਰ ਆਰਥਿਕ ਤੇ ਪ੍ਰਮਾਰਥਿਕ ਕਾਰਜ਼ ਅਰੰਭ ਕਰਨ ਤੋਂ ਪਹਿਲਾਂ ਆਪਣੇ

ਗੁਰਦੇਵ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਲਈ ਪ੍ਰੇਰਨਾ ਦਿੱਤੀ ਹੈ। ਸਾਹਿਬਾਂ ਦਾ ਫੁਰਮਾਨ ਹੈ—

**ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ।।**
**ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ।।**

*ਮ: ੫, ਪਉੜੀ, ਪੰਨਾ ੫੧੯*

ਹਰ ਕਰਮ ਕਰਨ ਤੋਂ ਪਹਿਲਾਂ, ਚਾਹੇ ਉਹ ਸੰਸਾਰ ਦਾ ਜਾਂ ਪਰਮਾਰਥ ਦਾ ਹੈ, ਖ਼ੁਸ਼ੀ ਦਾ ਹੈ ਜਾਂ ਗਮੀ ਦਾ, ਗੁਰਸਿੱਖ ਆਪਣੇ ਸਤਿਗੁਰੂ ਦੀ ਸਹਾਇਤਾ ਪ੍ਰਾਪਤ ਕਰਨ ਵਾਸਤੇ ਅਰਦਾਸ ਕਰਦਾ ਹੈ ਤੇ ਗੁਰੂ ਚਰਨਾਂ ਵਿੱਚ ਪੁਕਾਰਦਾ ਹੈ ਦਾਤਾ—

**ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।।**
**ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ।।** *ਪਉੜੀ, ਪੰਨਾ ੯੧*

ਮਨ ਤਨ ਅਰਪ ਧਰ ਦੀ ਬਿਰਤੀ ਬਣਾ ਕੇ ਜਦੋਂ ਗੁਰੂ ਕਾ ਸਿੱਖ, ਕਿਸੇ ਕਾਰਜ ਦੀ ਸਫ਼ਲਤਾ ਲਈ ਅਰਦਾਸ ਕਰਦਾ ਹੈ, ਤਦੋਂ ਸਤਿਗੁਰੂ ਜੀ, ਉਸ ਭਾਵਨੀ ਵਾਲੇ ਜਗਿਆਸੂ ਦੀ ਅਰਦਾਸ ਸ੍ਰਵਣ ਕਰਕੇ—

**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ।।**
**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ।।੨।।**

*ਧਨਾਸਰੀ ਮ: ੫, ਪੰਨਾ ੬੮੧*

ਦੀਆਂ ਦਾਤਾਂ ਪ੍ਰਦਾਨ ਕਰਦਾ ਹੈ। ਗੁਰੂ ਪ੍ਰਾਇਣ ਜੀਵਨ ਜਿਊਣ ਵਾਲੇ ਗੁਰੂ ਪਿਆਰੇ ਜਨ ਦੀ ਅਰਦਾਸ ਕਦੇ ਵਿਅਰਥ ਨਹੀਂ ਜਾਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਬਿਲਾਵਲ ਰਾਗ ਅੰਦਰ ਬਚਨ ਅੰਕਤ ਹੈ—

**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।।**
**ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ।।੨।।੧੩।।** *ਪੰਨਾ ੮੧੯*

ਪਰ ਇਹ ਪੁਕਾਰ, ਮਨੁੱਖ ਆਪਣੇ ਸਤਿਗੁਰੂ ਅੱਗੇ ਹੀ ਕਰੇਗਾ ? ਜਿਸ ਜਗਿਆਸੂ ਨੇ ਗੁਰੂ ਨਾਲ ਨਾਤਾ ਜੋੜ ਕੇ, ਗੁਰੂ ਨੂੰ ਆਪਣਾ ਬਣਾਇਆ ਹੀ ਨਹੀਂ, ਫਿਰ ਉਸ ਦੀ ਕੀਤੀ ਅਰਦਾਸ ਕੌਣ ਸੁਣੇਗਾ ਤੇ ਕੌਣ ਪੂਰੀ ਕਰੇਗਾ ? ਕਿਉਂਕਿ ਸੰਸਾਰ ਵਿੱਚ ਵਿਚਰਦਿਆਂ ਆਪਾਂ ਵੇਖਦੇ ਹਾਂ, ਜਿੱਥੇ ਕਿੱਥੇ ਆਪਣਾ ਹੀ ਚੇਤੇ ਆਉਂਦਾ ਹੈ। ਬਿਗਾਨੇ ਨੂੰ ਕੋਈ ਚੇਤੇ ਨਹੀਂ ਕਰਦਾ ਤੇ ਬਿਗਾਨਾ ਮਨੁੱਖ ਕਦੇ, ਕੰਮ ਵੀ ਨਹੀਂ ਆਉਂਦਾ। ਜਿਸ ਮਾਲਕ ਦਾ ਕੋਈ ਸੇਵਕ ਹੁੰਦਾ ਹੈ, ਉਹ ਸੇਵਕ ਦੁੱਖ-ਸੁੱਖ ਔਕੜ ਅਤੇ ਕੰਮ ਵੇਲੇ ਆਪਣੇ ਮਾਲਕ ਪਾਸ ਹੀ ਫਰਿਆਦੀ ਹੁੰਦਾ ਹੈ। ਕਿਉਂਕਿ ਉਸ ਨੂੰ ਆਪਣੇ ਮਾਲਕ ਉੱਪਰ ਹੀ ਮਾਣ ਹੁੰਦਾ ਹੈ। ਆਪਣੇ ਮਾਲਕ ਦਾ ਹੀ ਆਸਰਾ ਹੁੰਦਾ



ਹੈ ਤੇ ਆਪਣੇ ਮਾਲਕ ਪਾਸ ਹੀ ਉਹ ਸੇਵਕ ਲੋਕ-ਪ੍ਰਲੋਕ ਦੀਆਂ ਗਰਜਾਂ ਦੀ ਪੂਰਤੀ ਅਤੇ ਆਪਣੇ ਮਨ ਦੀ ਵੇਦਨਾ ਪ੍ਰਗਟ ਕਰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸਾਰੰਗ ਰਾਗ ਅੰਦਰ ਫੁਰਮਾਨ ਹੈ—

**ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ।।**
**ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ।।੧।। ਰਹਾਉ।।**
**ਅਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪੁਨੇ ਹੀ ਪਹਿ ਬਿਰਥਾ।।**
**ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ।।੧।।**

*ਮ: ੫, ਪੰਨਾ ੧੨੧੫*

ਇਸ ਲਈ ਜੀਵਨ ਦੇ ਹਰ ਖੇਤਰ ਵਿੱਚ, ਸਫ਼ਲਤਾ ਲਈ ਸਤਿਗੁਰੂ ਦੀ ਅੱਤ ਅਵਸ਼ਕਤਾ ਹੈ। ਪਰ ਪਰਮਾਤਮਾ ਦੀ ਭਗਤੀ ਤੋਂ ਬਿਨਾਂ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਚੰਗੇ ਭਾਗਾਂ ਤੋਂ ਬਿਨਾਂ ਪਰਮਾਤਮਾ ਦੀ ਭਗਤੀ ਵੀ ਅਸੰਭਵ ਹੈ, ਬਿਨਾਂ ਚੰਗੇ ਭਾਗਾਂ[1] ਤੋਂ ਸਤਿਸੰਗਤ ਪ੍ਰਾਪਤ ਨਹੀਂ ਹੋ ਸਕਦੀ। ਪਰਮਾਤਮਾ ਦੀ ਮਿਹਰ ਨਾਲ ਹੀ ਜਗਿਆਸੂ ਨੂੰ ਸਤਿਗੁਰੂ ਜੀ ਪਾਸੋਂ, ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਬਸੰਤ ਰਾਗ ਅੰਦਰ ਫੁਰਮਾਨ ਹੈ—

**ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ।।**
**ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ।।੨।।**

*ਮ: ੧, ਪੰਨਾ ੧੧੭੧*

ਸਤਿਗੁਰੂ, ਸੁਭਾਗੀ ਜੋੜੀ ਨੂੰ ਸੰਬੋਧਨ ਕਰਦੇ ਫੁਰਮਾਉਂਦੇ ਹਨ ਕਿ ਪਰਮਾਤਮਾ ਦੀ ਮਿਹਰ ਨਾਲ ਸਤਿਗੁਰੂ ਦਾ ਮਿਲਾਪ ਹੁੰਦਾ ਹੈ ਅਤੇ ਸਤਿਗੁਰੂ ਦੀ ਪ੍ਰਸੰਨਤਾ ਨਾਲ ਤੁਸੀਂ ਪਰਮਾਤਮਾ ਨਾਲ ਅਭੇਦ ਹੋ ਸਕਦੇ ਹੋ। ਸੋ ਇਸ ਲਈ ਹੁਣ ਤੁਸੀਂ ਜੀਵਨ ਦੇ ਹਰ ਖੇਤਰ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਗੁਰੂ ਨਾਲ ਆਪਣੀ ਆਤਮਾ ਦੀ ਸਾਂਝ ਪਾ ਕੇ, ਗੁਰੂ ਨੂੰ ਆਪਣਾ ਬਣਾ ਕੇ, ਜਿੱਥੇ ਗੁਰੂ ਦੇ ਹੁਕਮ ਦੀ ਕਮਾਈ ਕਰਕੇ ਆਪਣਾ ਲੋਕ ਪ੍ਰਲੋਕ ਸੁਹੇਲਾ ਕਰਨਾ ਹੈ, ਉੱਥੇ ਸੰਸਾਰਿਕ ਦੁੱਖ-ਔਕੜ ਵੇਲੇ ਕਿਸੇ ਹੋਰ ਦੇਵੀ, ਦੇਵਤੇ, ਦੇਹਧਾਰੀ, ਮੜੀਆਂ ਮਸਾਣਾਂ ਤੇ ਜਠੇਰਿਆਂ ਵੱਲ ਨਹੀਂ ਝਾਕਣਾ। ਸਗੋਂ ਸਤਿਗੁਰੂ ਨੂੰ ਆਪਣਾ ਲੋਕ-ਪਰਲੋਕ ਦੀਆਂ ਦਾਤਾਂ ਪ੍ਰਦਾਨ ਕਰਨ ਲਈ ਦਾਤਾ

1. ਚੰਗੇ ਮਾੜੇ ਭਾਗ ਵੀ ਅਸੀਂ ਹੀ ਬਣਾਏ ਹਨ। ਜਿਨ੍ਹਾਂ ਪਿੱਛਲੇ ਜਨਮ ਵਿੱਚ ਚੰਗੇ ਕਰਮ ਕੀਤੇ ਉਨ੍ਹਾਂ ਦੇ ਚੰਗੇ, ਜਿਨ੍ਹਾਂ ਨੇ ਮਾੜੇ ਕਰਮ ਕੀਤੇ, ਉਨ੍ਹਾਂ ਦੇ ਮਾੜੇ ਭਾਗ ਬਣ ਗਏ। ਹੁਣ ਸਤਿਗੁਰਾਂ ਸਾਨੂੰ ਸੁਤੰਤਰਤਾ ਦਿੱਤੀ। ਗੁਰੂ ਅਗਵਾਈ ਵਿੱਚ ਚੱਲ ਕੇ ਆਪਣੇ ਚੰਗੇ ਭਾਗ ਬਣਾ ਲਈਏ।

ਜਾਣ ਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਨੀ ਹੈ ਤੇ ਪੁਕਾਰਨਾ ਹੈ –

**ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ।।** *ਮ: ੩, ਪੰਨਾ ੭੯੨*

ਹੇ ਸਤਿਗੁਰੂ !

**ਕਿਸ ਹੀ ਕੋਈ ਕੋਇ ਮੰਞੁ[1] ਨਿਮਾਣੀ ਇਕੁ ਤੂ।।** *ਮ: ੨, ਪੰਨਾ ੭੯੧*

ਇਸ ਲਈ :

**ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ।।**
**ਆਨ ਨ ਬੀਆ[2] ਤੇਰੀ ਸਮਸਰਿ[3]।।** *ਮ: ੫, ਪੰਨਾ ੩੭੧*

ਮੇਰੀ ਲਈ ਤਾਂ :

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ।।**
**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ।।**
*ਸੂਹੀ ਮ: ੫, ਪੰਨਾ ੭੩੫*

ਜਿਹੜਾ ਗੁਰੂ ਨੂੰ ਆਪਣਾ ਬਣਾ ਕੇ ਤੇ ਆਪ ਗੁਰੂ ਦਾ ਬਣ ਕੇ, ਆਪਣੇ ਗੁਰੂ ਪਾਸੋਂ ਮੰਗੇਗਾ, ਫਿਰ ਸਤਿਗੁਰੂ ਆਪਣੇ ਬਿਰਦ ਦੀ ਲਾਜ ਪਾਲ ਕੇ, ਮੂੰਹ ਮੰਗੀਆਂ ਦਾਤਾਂ ਨਾਲ ਝੋਲੀਆਂ ਭਰੇਗਾ।

**ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ।।**
*ਟੋਡੀ ਮ: ੫, ਪੰਨਾ ੭੧੪*

ਪਰਮਾਤਮਾ ਤਾਂ ਅਜਿਹਾ ਦਿਆਲੂ ਹੈ, ਉਸਨੇ ਸਤਿਗੁਰੂ ਨੂੰ ਖੁਲ੍ਹ ਦੇ ਦਿੱਤੀ ਹੈ ਕਿ ਜਿਹੜਾ ਜਗਿਆਸੂ, ਬਾਰਿਕ ਬਿਰਤੀ ਧਾਰਨ ਕਰਕੇ, ਤੁਹਾਡੇ ਅੱਗੇ ਅਰਦਾਸ ਕਰਕੇ ਮੰਗਦਾ ਹੈ, ਉਸ ਨੂੰ ਤੁਸੀਂ ਮੂੰਹ ਮੰਗੀਆਂ ਮੁਰਾਦਾਂ ਪ੍ਰਦਾਨ ਕਰ ਦੇਵੋ। ਸਤਿਗੁਰੂ ਅਰਜਨ ਦੇਵ ਜੀ ਦਾ ਮਲਾਰ ਰਾਗ ਅੰਦਰ ਫੁਰਮਾਨ ਹੈ–

**ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ।।**
*ਮ: ੫, ਪੰਨਾ ੧੨੬੬*

ਸੋ ਅਜਿਹੇ ਸਤਿਗੁਰੂ ਦਾ ਮਿਲਾਪ ਪਰਮਾਤਮਾ ਦੀ ਮਿਹਰ ਨਾਲ ਹੁੰਦਾ ਹੈ। ਸਤਿਗੁਰੂ ਨਾਲ ਮਿਲਾਪ ਹੁੰਦੇ ਹੀ ਸਤਿਗੁਰੂ, ਜਗਿਆਸੂ ਨੂੰ ਲੋਕ-ਪ੍ਰਲੋਕ ਸਵਾਰਨ ਦੇ ਰਸਤੇ ਪਾ ਦਿੰਦਾ ਹੈ।

## ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ।।

**ਅੱਖਰੀ ਅਰਥ :** ਜਦੋਂ ਤੁਸੀਂ ਪਰਮਾਤਮਾ ਦੀ ਮਿਹਰ ਨਾਲ ਗੁਰੂ ਵਾਲੇ

1. ਮੈਨੂੰ ਨਿਮਾਣੇ ਨੂੰ ਤੇਰਾ ਹੀ ਆਸਰਾ ਹੈ 2. ਹੋਰ 3. ਬਰਾਬਰ



ਬਣ ਗਏ, ਗੁਰੂ ਨੇ ਮਿਹਰ ਕਰਕੇ ਤੁਹਾਨੂੰ ਭੈ-ਰਹਿਤ ਜੀਵਨ ਪ੍ਰਦਾਨ ਕਰ ਦਿੱਤਾ। ਜਨਮਾਂ-ਜਨਮਾਂ ਤੋਂ ਮਨ ਉੱਪਰ ਲੱਗੀ ਹੰਕਾਰ ਦੀ ਮਲੀਨਤਾਈ ਗੁਰੂ ਨੇ ਦੂਰ ਕਰ ਦਿੱਤੀ, ਜਿਸ ਕਰਕੇ ਪਰਮਾਤਮਾ ਤੇ ਗੁਰੂ ਤੋਂ ਬਲਿਹਾਰ ਜਾਣਾ ਚਾਹੀਦਾ ਹੈ।

# ਨਿਰਭਉ ਭੈ ਮਨੁ ਹੋਇ

**ਸੰਖੇਪ ਵਿਚਾਰ :** ਸੰਸਾਰ ਵਿੱਚ ਤੇ ਪਰਮਾਤਮਾ ਦੀ ਦਰਗਾਹ ਵਿੱਚ, ਮਨੁੱਖ ਨੂੰ ਭੈ ਆਪਣੇ ਮਾੜੇ ਕਰਮਾਂ ਦਾ ਹੀ ਵਿਆਪਦਾ ਹੈ। ਸੰਸਾਰ ਅੰਦਰ ਆਪਾਂ ਵੇਖਦੇ ਹਾਂ, ਜਿਹੜਾ ਮਨੁੱਖ ਕੋਈ ਮਾੜਾ ਕਰਮ ਨਹੀਂ ਕਰਦਾ, ਨਾ ਉਹ ਸਮਾਜ ਤੋਂ ਨਾ ਸਰਕਾਰ ਤੋਂ ਨਾ ਥਾਣੇ-ਕਚਹਿਰੀਆਂ ਤੋਂ ਡਰਦਾ ਹੈ ਕਿਉਂਕਿ ਡਰ ਹਮੇਸ਼ਾ ਕੀਤੇ ਮਾੜੇ ਕਰਮਾਂ ਦਾ ਹੀ ਹੁੰਦਾ ਹੈ। ਮਾੜੇ ਕਰਮਾਂ ਤੋਂ ਖਲਾਸੀ ਕਿਵੇਂ ਹੁੰਦੀ ਹੈ ? ਜਦੋਂ ਮਨੁੱਖ ਅੰਦਰ ਪਰਮਾਤਮਾ ਦਾ ਡਰ ਪੈਦਾ ਹੋ ਜਾਂਦਾ ਹੈ ਕਿ ਪਰਮਾਤਮਾ ਮੇਰੇ ਕੀਤੇ ਹੋਏ ਕਰਮਾਂ ਨੂੰ ਸਦਾ ਵੇਖਦਾ ਹੈ। ਉਹ ਮੇਰੇ ਅੰਦਰ ਵੀ ਹੈ ਤੇ ਬਾਹਰ ਵੀ ਹੈ।

**''ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ।।''**
*ਆਸਾ ਮ: ੧, ਪੰਨਾ ੪੩੮*

ਅਜਿਹੇ ਭੈ ਵਿੱਚ ਵਿਚਰਨ ਵਾਲੇ ਮਨੁੱਖ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ। ਕਿਉਂਕਿ ਉਹ ਮਾੜੇ ਕਰਮਾਂ ਦਾ ਤਿਆਗੀ ਬਣ ਜਾਂਦਾ ਹੈ। ਮਾੜਾ ਕਰਮ ਮਨੁੱਖ ਉਸ ਵੇਲੇ ਕਰਦਾ ਹੈ ਜਦੋਂ ਉਹ ਅਗਿਆਨ ਭਰਮ ਵਿੱਚ ਫਸ ਕੇ, ਇਹ ਸਮਝਦਾ ਹੈ ਕਿ ਹੁਣ ਮੈਨੂੰ ਕੋਈ ਨਹੀਂ ਵੇਖ ਰਿਹਾ। ਜੇ ਮਨੁੱਖ ਪਰਮਾਤਮਾ ਨੂੰ ਅੰਗ-ਸੰਗ ਜਾਣੇ ਫਿਰ ਕਦੇ ਵੀ ਬੁਰਾ ਕਰਮ ਨਹੀਂ ਕਰ ਸਕਦਾ। ਸਤਿਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਅੰਦਰ ਫੁਰਮਾਨ ਹੈ–

**ਨਿਕਟਿ ਬੁਝੈ ਸੋ ਬੁਰਾ ਕਿਉ ਕਰੈ।। ਬਿਖੁ ਸੰਚੈ ਨਿਤ ਡਰਤਾ ਫਿਰੈ।।**
*ਮ: ੫, ਪੰਨਾ ੧੧੩੯*

ਜਦੋਂ ਮਨੁੱਖ ਪਰਮਾਤਮਾ ਦੀ ਹੋਂਦ ਨੂੰ ਭੁੱਲ ਜਾਂਦਾ ਹੈ ਫਿਰ ਬਦ-ਫੈਲੀਆਂ ਕਰਨ ਅਤੇ ਲੋਕਾਂ ਦੇ ਘਰਾਂ ਵਿੱਚੋਂ ਧਨ ਪਦਾਰਥਾਂ ਦੀ ਚੋਰੀ ਕਰਨ ਵਾਸਤੇ ਪਰਾਏ ਘਰਾਂ ਵਿੱਚ ਲੁਕ-ਲੁਕ ਕੇ ਜਾਂਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :

**[1]ਨਿਕਟਿ ਨ ਦੇਖੈ [2]ਪਰ ਗ੍ਰਿਹਿ ਜਾਇ।।**
**[3]ਦਰਬੁ ਹਿਰੈ ਮਿਥਿਆ ਕਰਿ ਖਾਇ।।** *ਮ: ੫, ਪੰਨਾ ੧੧੩੯*

1.ਪਰਮਾਤਮਾ ਨੂੰ ਅੰਗ ਸੰਗ ਨਹੀਂ ਜਾਣਦਾ 2.ਪਰਾਏ ਘਰਾਂ ਵਿੱਚ ਬਿਭਚਾਰ ਕਰਨ ਜਾਂਦਾ ਹੈ 3.ਮਾਇਆ ਚੁਰਾਉਂਦਾ ਹੈ।

ਇਨ੍ਹਾਂ ਪਾਪ ਕਰਮਾਂ ਤੋਂ ਨਿਜਾਤ ਦੁਆਉਣ ਵਾਸਤੇ ਹੀ ਸਤਿਗੁਰਾਂ ਨੇ ਸੁਖਮਨੀ ਸਾਹਿਬ ਦੀ ਆਖਰੀ ਅਸ਼ਟਪਦੀ ਦੇ ਅੰਦਰ ਫੁਰਮਾਨ ਕੀਤਾ ਹੈ। ਹੇ ਮਨੁੱਖ! ਪੂਰੇ ਗੁਰੂ ਦਾ ਉਪਦੇਸ਼ ਧਿਆਨ ਦੇ ਕੇ ਸੁਣ, ਜੇ ਤੂੰ ਇਸ ਉਪਦੇਸ਼ ਨੂੰ ਸੁਣ ਕੇ ਆਪਣੇ ਜੀਵਨ ਵਿੱਚ ਧਾਰਨ ਕਰ ਲਵੇਂ, ਤਦ ਤੂੰ ਸਾਰੇ ਮੰਦ ਕਰਮਾਂ ਦਾ ਤਿਆਗੀ ਬਣ ਸਕਦਾ ਹੈਂ। ਹੇ ਮਨੁੱਖ! ਪਰਮਾਤਮਾ, ਜਿਸ ਦਾ ਕੋਈ ਪਾਰਾਵਾਰ ਨਹੀਂ, ਉਸ ਨੂੰ ਹਮੇਸ਼ਾ ਆਪਣੇ ਅੰਗ-ਸੰਗ ਜਾਣਿਆ ਕਰ। ਸਾਹਿਬਾਂ ਦਾ ਬਹੁਤ ਕੀਮਤੀ ਬਚਨ ਹੈ :

**ਪੂਰੇ ਗੁਰ ਕਾ ਸੁਨਿ ਉਪਦੇਸੁ।। ਪਾਰਬ੍ਰਹਮੁ ਨਿਕਟਿ ਕਰਿ ਪੇਖੁ।।**

*ਮ: ੫, ਪੰਨਾ ੨੯੫*

ਸਤਿਗੁਰੂ ਅਮਰਦਾਸ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ। ਹੇ ਮਨ ! ਤੂੰ ਪਰਮਾਤਮਾ ਨੂੰ ਦੂਰ ਨਾ ਜਾਣਿਆ ਕਰ, ਉਹ ਸਦਾ ਤੇਰੇ ਅੰਗ-ਸੰਗ ਹੈ। ਪਰਮਾਤਮਾ ਤੇਰੇ ਸਾਰੇ ਕਰਮਾਂ ਨੂੰ ਵੀ ਵੇਖਦਾ ਹੈ ਅਤੇ ਤੇਰੇ ਅੰਤਸ਼ਕਰਣ ਅੰਦਰ, ਜੋ ਵੀ ਮਾੜੇ ਚੰਗੇ ਫੁਰਨੇ ਉਤਪੰਨ ਹੁੰਦੇ ਹਨ, ਉਨ੍ਹਾਂ ਫੁਰਨਿਆਂ ਨੂੰ ਲੋਕ ਭਾਵੇਂ ਨਹੀਂ ਜਾਣ ਸਕਦੇ ਪਰ ਪਰਮਾਤਮਾ ਸਦਾ ਅੰਦਰਲੇ ਫੁਰਨਿਆਂ ਨੂੰ ਜਾਣਦਾ ਹੈ। ਸਤਿਗੁਰੂ ਜੀ ਦਾ ਬਚਨ ਹੈ –

**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ।।**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ।।੧ ।।** *ਪੰਨਾ ੪੨੯*

ਭਗਤ ਕਬੀਰ ਜੀ ਦੇ ਬਾਵਨ ਅਖਰੀ ਵਿੱਚ ਅੰਕਤ ਕੀਤੇ ਉਪਦੇਸ਼ ਅਨੁਸਾਰ ਜਿਹੜਾ ਮਨੁੱਖ ਪਰਮਾਤਮਾ ਦੀ ਹੋਂਦ ਦੇ ਡਰ ਵਿੱਚ ਜੀਵਨ ਬਤੀਤ ਕਰਦਾ ਹੈ, ਉਹ ਕੋਈ ਵੀ ਮਾੜਾ ਕਰਮ ਨਹੀਂ ਕਰਦਾ। ਜਿਸ ਸਦਕਾ ਉਸ ਦੇ ਸਾਰੇ ਦੁਨਿਆਵੀ ਡਰ ਦੂਰ ਹੋ ਜਾਂਦੇ ਹਨ ਪਰ ਜਿਹੜਾ ਮਨੁੱਖ, ਇਸ ਦੇ ਉਲਟ ਮਾੜੇ ਕਰਮ ਕਰਨ ਲੱਗਿਆਂ ਪਰਮਾਤਮਾ ਦਾ ਡਰ ਭੁੱਲਾ ਦਿੰਦਾ ਹੈ ਕਿ ਹੁਣ ਮੈਨੂੰ ਕੋਈ ਨਹੀਂ ਵੇਖਦਾ ਤੇ ਨਿਸਚਿੰਤ ਹੋ ਕੇ ਪਾਪ ਕਰਮ ਕਰਦਾ ਹੈ, ਉਸ ਮਨੁੱਖ ਨੂੰ ਪਾਪ ਕਰਮਾਂ ਦਾ ਭੈ ਵਿਆਪਣ ਲੱਗ ਜਾਂਦਾ ਹੈ। ਭਗਤ ਜੀ ਦਾ ਬਹੁਤ ਹੀ ਪਿਆਰਾ ਫੁਰਮਾਨ ਹੈ–

**ਡਡਾ ਡਰ ਉਪਜੇ ਡਰੁ ਜਾਈ।। ਤਾ ਡਰ ਮਹਿ ਡਰੁ ਰਹਿਆ ਸਮਾਈ।।**
**ਜਉ [1]ਡਰ ਡਰੈ ਤ ਫਿਰਿ ਡਰੁ ਲਾਗੈ।। ਨਿਡਰ ਹੂਆ ਡਰੁ ਉਰ ਹੋਇ ਭਾਗੈ।।**

*ਕਬੀਰ ਜੀ, ਪੰਨਾ ੩੪੧*

1. ਜੇ ਪਰਮਾਤਮਾ ਦੇ ਡਰ ਤੋਂ ਪਰ੍ਹੇ ਹੋ ਜਾਵੇ (ਭਾਵ ਨਿਡਰ ਹੋ ਜਾਵੇ) ਤਦ ਮਨੁੱਖ ਨੂੰ ਫਿਰ ਭੈ ਵਿਆਪਣ ਲੱਗ ਜਾਂਦਾ ਹੈ।



# ਹਉਮੈ ਮੈਲੁ ਗਵਾਇਆ

**ਸੰਖੇਪ ਵਿਚਾਰ :** ਪਰਮਾਤਮਾ ਦੇ ਨਿਰਮਲ ਭੈ ਵਿੱਚ ਵਿਚਰਨ ਦੀ ਬਰਕਤ ਨਾਲ ਪਰਮਾਤਮਾ ਦੀ ਸਰਬ ਵਿਆਪੀ ਹੋਂਦ ਦੀ ਪ੍ਰਪੱਕਤਾ ਹੋ ਜਾਂਦੀ ਹੈ ਤੇ ਜਨਮਾਂ ਜਨਮਾਂਤਰਾਂ ਦੀ ਹਿਰਦੇ ਉੱਪਰ ਲੱਗੀ ਹੋਈ ਹੰਕਾਰ ਦੀ ਮੈਲ ਖ਼ਤਮ ਹੋ ਜਾਂਦੀ ਹੈ–

**ਅਹੰਬੁਧਿ ਮਨ ਪੂਰਿ ਥਿਧਾਈ।। ਸਾਧ ਧੂਰਿ ਕਰਿ ਸੁਧ ਮੰਜਾਈ।।**

*ਮ: ੫, ਪੰਨਾ ੨੦੦*

ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, ਹੰਕਾਰ ਦੇ ਕਾਰਣ ਹੀ ਮਨੁੱਖ ਮਾਇਆ ਦੇ ਪ੍ਰਭਾਵ ਵਿੱਚ ਫਸ ਕੇ ਦ੍ਵੈਤ ਭਾਉ ਦਾ ਸ਼ਿਕਾਰ ਹੁੰਦਾ ਹੈ। ਹਉਮੈਂ ਨੂੰ ਨਾ ਮਾਰਿਆ ਜਾ ਸਕਦਾ ਹੈ ਅਤੇ ਨਾ ਹੀ ਇਸ ਨੂੰ ਕਿਸੇ ਹੱਟੀ ਉੱਪਰ ਵੇਚ ਕੇ ਇਸ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਕੇਵਲ ਪਰਮਾਤਮਾ ਦਾ ਨਾਮ ਜਪਣ ਨਾਲ ਹੰਕਾਰ ਦਾ ਅਭਾਵ ਹੋ ਸਕਦਾ ਹੈ। ਹੰਕਾਰ ਦਾ ਅਭਾਵ ਹੁੰਦੇ ਹੀ ਮਨ-ਤਨ ਪਵਿੱਤਰ ਹੋ ਜਾਂਦਾ ਹੈ ਤੇ ਪ੍ਰਭੂ ਨਾਮ ਸਦੀਵ ਕਾਲ ਲਈ ਹਿਰਦੇ ਅੰਦਰ ਟਿੱਕ ਜਾਂਦਾ ਹੈ। ਹਉਮੈਂ ਨੂੰ ਮਾਰਨ ਦਾ ਮਸਾਲਾ ਕੇਵਲ ਨਾਮ ਹੈ–

**ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ।।**
**ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ।।**
**ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ।।**
**ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ।।**
**ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ।।**

*ਮ: ੩, ਪੰਨਾ ੮੫੩*

ਪਰਮਾਤਮਾ, ਜਗਿਆਸੂ ਦਾ ਸਤਿਗੁਰੂ ਨਾਲ ਮਿਲਾਪ ਕਰਵਾ ਦਿੰਦਾ ਹੈ। ਸਤਿਗੁਰੂ, ਪ੍ਰਭੂ ਨਾਮ ਪ੍ਰਦਾਨ ਕਰਦਾ ਹੈ ਤੇ ਪਰਮਾਤਮਾ ਦੀ ਹੋਂਦ ਹਿਰਦੇ ਵਿੱਚ ਵਸਾਉਂਦਾ ਹੈ। ਪ੍ਰਭੂ ਨਾਮ ਤੇ ਪ੍ਰਭੂ ਹੋਂਦ ਦੀ ਬਦੌਲਤ, ਮਨੁੱਖ ਪਾਪ ਕਰਮਾਂ ਦਾ ਤਿਆਗ ਕਰਕੇ ਹਉਮੈਂ ਤੋਂ ਨਿਜਾਤ ਪ੍ਰਾਪਤ ਕਰ ਲੈਂਦਾ ਹੈ। ਹਉਮੈਂ ਦੂਰ ਹੋ ਜਾਣ ਨਾਲ, ਮਨ ਤੇ ਤਨ ਨਿਰਮਲ ਹੋ ਕੇ, ਨਿਰਮਲ ਪਰਮਾਤਮਾ ਵਿੱਚ ਸਮਾਈ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ –

**ਹਉਮੈ ਜਾਈ ਤਾ ਕੰਤ ਸਮਾਈ।।** *ਸੂਹੀ ਮ: ੧, ਪੰਨਾ ੭੫੦*

**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ।।**

**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ।।**

**ਅੱਖਰੀ ਅਰਥ :** ਜਿਹੜਾ ਜੀਵ, ਪਰਮਾਤਮਾ ਦੇ ਨਿਰਮਲ ਭਉ ਵਿੱਚ ਵਿਚਰਨ ਲੱਗ ਪੈਂਦਾ ਹੈ। ਉਹ ਹਮੇਸ਼ਾ ਹਰੀ ਪਰਮਾਤਮਾ ਦੇ ਗੁਣ ਗਾਉਂਦਾ ਹੈ। ਪਰਮਾਤਮਾ ਦੇ ਗੁਣ ਗਾਉਣ ਦੀ ਬਰਕਤ ਨਾਲ, ਉਸ ਨੂੰ ਹਰ ਪਾਸੇ ਪਰਮਾਤਮਾ ਹੀ ਹਾਜਰ-ਨਾਜ਼ਰ ਦ੍ਰਿਸ਼ਟੀ ਆਉਣ ਲੱਗ ਪੈਂਦਾ ਹੈ। ਉਹ ਸਾਰਿਆਂ ਅੰਦਰ ਪਰਮਾਤਮਾ ਨੂੰ ਇੱਕ ਰਸ ਵਿਆਪਕ ਵੇਖਦਾ ਹੈ। ਉਸ ਨੂੰ ਸਾਰੇ ਥਾਵਾਂ, ਸਾਰੇ ਜੀਵਾਂ ਵਿੱਚ ਪਰਮਾਤਮਾ ਹੀ ਰਮਿਆ ਹੋਇਆ ਮਹਿਸੂਸ ਹੁੰਦਾ ਹੈ। ਜਿਸ ਕਰਕੇ ਉਹ ਅਨੇਕਤਾ ਵਿਚੋਂ ਇੱਕ ਨੂੰ ਵੇਖ ਕੇ ਵਿਗਾਸਦਾ ਹੈ।

## ਹਰਿ ਗੁਣ ਗਾਇਆ

**ਸੰਖੇਪ ਵਿਚਾਰ :** ਜਿਸ ਵੇਲੇ ਜਗਿਆਸੂ, ਪਰਮਾਤਮਾ ਦੇ ਨਿਰਮਲ ਭਉ (ਜਿਸ ਦਾ ਖੁਲਾਸਾ ਆਪਾਂ ਦੂਸਰੀ ਲਾਵ ਦੇ ਪਦ ਅਰਥਾਂ ਤੋਂ ਬਾਅਦ ਕੀਤਾ ਹੈ) ਦਾ ਧਾਰਨੀ ਬਣ ਗਿਆ। ਨਿਰਮਲ ਭਉ ਦਾ ਧਾਰਨੀ ਜਗਿਆਸੂ, ਜਿੱਥੇ ਮਾੜੇ ਕਰਮਾਂ ਦਾ ਤਿਆਗੀ ਬਣ ਜਾਂਦਾ ਹੈ, ਉੱਥੇ ਪਰਮਾਤਮਾ ਦੇ ਅਨੰਤ ਚੋਜ ਵੇਖ ਕੇ ਵਿਗਾਸ ਵਿੱਚ ਆ ਕੇ, ਆਪਣੇ ਮਾਲਕ ਦੇ ਹਮੇਸ਼ਾ ਗੁਣ ਗਾਉਂਦਾ ਰਹਿੰਦਾ ਹੈ।

ਗੁਰਮਤਿ ਵਿੱਚ, ਪਰਮਾਤਮਾ ਦੇ ਗੁਣ ਗਾਉਣ ਦਾ ਮਾਰਗ ਹੀ ਪਰਮਾਤਮਾ ਨੂੰ ਪਾਉਣ ਦਾ ਰਸਤਾ ਹੈ। ਕਈ ਵਾਰੀ ਨਾਸਤਿਕ ਬੁੱਧੀ ਦੇ ਧਾਰਨੀ ਮਨੁੱਖ, ਤਰਕ ਕਰ ਬੈਠਦੇ ਹਨ ਕਿ ਕੀ ਪਰਮਾਤਮਾ ਆਪਣੀ ਖੁਸ਼ਾਮਦ ਦਾ ਭੁੱਖਾ ਹੈ ? ਸਤਿਗੁਰੂ ਜੀ ਨੇ ਅਜਿਹੀਆਂ ਬੇ-ਤੁਕੀਆਂ ਹੁੱਜਤਾਂ ਦਾ ਗੁਰਬਾਣੀ ਅੰਦਰ ਉੱਤਰ ਦਿੱਤਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਸੱਚ ਸਰੂਪ ਪਰਮਾਤਮਾ ਸਾਡੀ ਵੱਲੋਂ ਕੀਤੀ ਖੁਸ਼ਾਮਦ ਦਾ ਭੁੱਖਾ ਨਹੀਂ ਹੈ। ਭਲਾ ਜੇ ਸਾਰੇ ਸੰਸਾਰ ਦੇ ਮਨੁੱਖ ਪਰਮਾਤਮਾ ਨੂੰ ਵੱਡਾ ਵੱਡਾ ਕਹਿ ਕੇ ਉਸ ਦੀ ਵਡਿਆਈ ਕਰਨ ਲੱਗ ਪੈਣ ਤਾਂ ਸਾਡੇ ਸਾਰਿਆਂ ਦੇ ਵੱਡਾ ਕਹਿਣ ਨਾਲ ਪਰਮਾਤਮਾ ਨੇ ਵੱਡਾ ਨਹੀਂ ਹੋ ਜਾਣਾ। ਜੇ ਕੋਈ ਵੀ ਉਸ ਦੇ ਗੁਣ ਨਾ ਗਾਵੇ, ਨਾ ਕੋਈ ਉਸ ਨੂੰ ਵੱਡਾ ਕਹੇ, ਤਦ ਵੀ ਪਰਮਾਤਮਾ ਵਿੱਚ ਕੋਈ ਛੋਟਾ ਪਨ ਨਹੀਂ ਆ ਜਾਂਦਾ। ਸਤਿਗੁਰੂ ਜੀ ਦਾ ਫੁਰਮਾਨ ਹੈ—

**ਜੇ ਸਭਿ ਮਿਲਿ ਕੈ ਆਖਣ ਪਾਹਿ।।**

**ਵਡਾ ਨ ਹੋਵੈ ਘਾਟਿ ਨ ਜਾਇ।।੨।।** *ਆਸਾ ਮ: ੧, ਪੰਨਾ ੯*



ਪਰਮਾਤਮਾ ਦੇ ਗੁਣ, ਅਸੀਂ ਆਪਣੇ ਲਾਭ ਲਈ ਤੇ ਆਪਣੀ ਲੋੜ ਲਈ ਗਾਉਂਦੇ ਹਾਂ ਕਿਉਂਕਿ ਸਾਡੀ ਆਤਮਾ ਉੱਪਰ ਜਨਮਾਂ-ਜਨਮਾਂਤਰਾਂ ਦੇ ਪਾਪ ਸੰਸਕਾਰਾਂ ਦੀ ਮਲੀਨਤਾਈ ਲੱਗੀ ਹੋਈ ਹੈ। ਇਸ ਮਲੀਨਤਾਈ ਨੂੰ ਅਸੀਂ ਪਰਮਾਤਮਾ ਦੇ ਗੁਣ ਗਾ ਕੇ ਹੀ ਦੂਰ ਕਰ ਸਕਦੇ ਹਾਂ। ਸਤਿਗੁਰੂ ਅਰਜਨ ਦੇਵ ਜੀ, ਸੁਖਮਨੀ ਸਾਹਿਬ ਅੰਦਰ ਫੁਰਮਾਨ ਕਰਦੇ ਹਨ—

**ਗੁਨ ਗਾਵਤ ਤੇਰੀ ਉਤਰਸਿ ਮੈਲੁ।।**

**ਬਿਨਸਿ ਜਾਇ ਹਉਮੈ ਬਿਖੁ ਫੈਲੁ।।** *ਸੁਖਮਨੀ ਮ: ੫, ਪੰਨਾ ੨੮੯*

ਪਰਮਾਤਮਾ ਦੇ ਗੁਣ ਗਾਉਣ ਨਾਲ ਸਰਬ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਪ੍ਰਭੂ ਗੁਣ ਗਾਉਣ ਦੀ ਬਦੌਲਤ ਮਨ ਅੰਦਰ ਇੰਨੀ ਖੁਸ਼ੀ, ਇੰਨਾ ਅਨੰਦ ਪ੍ਰਗਟ ਹੋ ਜਾਂਦਾ ਹੈ, ਜਿਸ ਨੂੰ ਦਰਸਾਇਆ ਨਹੀਂ ਜਾ ਸਕਦਾ। ਸਤਿਗੁਰੂ ਅਰਜਨ ਦੇਵ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ—

**ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ[1] ਉਪਜੈ ਮਨਿ ਘਣਾ[2]।।**

*ਮ: ੫, ਪੰਨਾ ੭੭੮*

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ, ਜੋ ਪਰਮਾਤਮਾ ਦੇ ਨਿੱਤ ਹੀ ਗੁਣ ਗਾਉਂਦਾ ਹੈ, ਜਿੱਥੇ ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਉੱਥੇ ਪਰਮਾਤਮਾ ਦੇ ਗੁਣ ਗਾਉਣ ਨਾਲ ਉਸ ਦਾ ਇਸ ਸੰਸਾਰ ਵਿੱਚ ਜਨਮ ਲੈਣਾ ਵੀ ਸਫ਼ਲ ਹੋ ਜਾਂਦਾ ਹੈ ਕਿਉਂਕਿ ਜਿਸ ਕਾਰਜ ਲਈ ਪਰਮਾਤਮਾ ਨੇ ਉਸ ਨੂੰ ਮਨੁੱਖਾ ਜਨਮ ਪ੍ਰਦਾਨ ਕੀਤਾ ਸੀ, ਉਸ ਕਾਰਜ ਨੂੰ ਉਸ ਨੇ ਸਫ਼ਲਤਾ ਸਹਿਤ ਪੂਰਾ ਕਰ ਲਿਆ। ਆਪ ਸਾਹਿਬਾਂ ਦਾ ਬਚਨ ਹੈ—

**ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ।।**

**ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ।।**

*ਸੂਹੀ ਮ: ੫, ਪੰਨਾ ੭੮੨*

ਹਰੀ ਗੁਣ ਗਾਉਣ ਦੀ ਮਹਾਨਤਾ ਦਰਸਾਉਂਦੇ ਸ੍ਰੀ ਗੁਰੂ ਅਰਜਨ ਦੇਵ ਜੀ ਸਿਰੀ ਰਾਗੁ ਅੰਦਰ ਫੁਰਮਾਨ ਕਰਦੇ ਹਨ। ਹੇ ਗੁਰਮੁਖ ਜਨੋਂ ! ਆਪਣੇ ਅੰਦਰੋਂ ਅਵਗੁਣਾਂ ਨੂੰ ਦੂਰ ਕਰਨ ਵਾਸਤੇ ਨਿੱਤ ਹੀ ਪਰਮਾਤਮਾ ਦੇ ਗੁਣ ਗਾਵੋ। ਜਿਉਂ-ਜਿਉਂ ਤੁਸੀਂ ਪਰਮਾਤਮਾ ਦੇ ਗੁਣ ਗਾਉਗੇ, ਤਿਉਂ ਤਿਉਂ ਤੁਹਾਡੇ ਅੰਦਰੋਂ ਅਵਗੁਣ ਦੂਰ ਹੁੰਦੇ ਜਾਣਗੇ। ਤੁਹਾਡੀ ਆਤਮਾ ਨੂੰ ਸ਼ਾਂਤੀ ਤੇ ਸੁੱਖ ਪ੍ਰਾਪਤ ਹੋਵੇਗਾ।

ਪਰਮਾਤਮਾ ਦੇ ਗੁਣ ਗਾਉਣ ਦਾ ਤਿਆਗ ਕਰਨ ਨਾਲ, ਅੱਜ ਤੱਕ ਕਿਸੇ ਨੂੰ

1. ਅੱਤ ਦੀ ਖੁਸ਼ੀ 2. ਬਹੁਤ ਜ਼ਿਆਦਾ

ਵੀ ਸੁੱਖ ਤੇ ਸ਼ਾਂਤੀ ਪ੍ਰਾਪਤ ਨਹੀਂ ਹੋਈ। ਭਾਵੇਂ ਕੋਈ ਜਿੰਨਾਂ ਮਰਜ਼ੀ ਕਾਰੋਬਾਰ, ਮਹਿਲ-ਮਾੜੀਆਂ ਤੇ ਹੋਰ ਮਨਭਾਉਂਦੇ ਖਿਲਾਰੇ ਕਰ ਲਵੇ, ਇਨ੍ਹਾਂ ਖਿਲਾਰਿਆਂ ਦੁਆਰਾ ਅਸ਼ਾਂਤੀ ਤੇ ਦੁੱਖ ਹੀ ਪੱਲੇ ਪਵੇਗਾ।

**ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ॥**
**ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ॥**

*ਸਿਰੀਰਾਗੁ ਮ: ੫, ਪੰਨਾ ੪੮*

ਜਿੱਥੇ ਪਰਮਾਤਮਾ ਦੇ ਗੁਣ ਗਾਉਣ ਨਾਲ ਸਰਬ ਕਾਰਜ ਰਾਸ ਹੋ ਜਾਂਦੇ ਹਨ, ਦੁੱਖਾਂ ਤੋਂ ਛੁੱਟਕਾਰਾ ਤੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ, ਉੱਥੇ ਪਰਮਾਤਮਾ ਦੇ ਗੁਣ ਗਾਉਣ ਦਾ ਸਭ ਤੋਂ ਵਧੀਕ ਲਾਭ ਇਹ ਮਿਲਦਾ ਹੈ ਕਿ ਜਿਉਂ-ਜਿਉਂ ਮਨੁੱਖ ਪਰਮਾਤਮਾ ਦੇ ਗੁਣ ਗਾਉਂਦਾ ਹੈ ਤਿਉਂ-ਤਿਉਂ ਪਰਮਾਤਮਾ ਦੇ ਵਿੱਚ, ਗੁਣ ਗਾਉਣ ਵਾਲੇ ਦੀ ਆਤਮਾ ਲੀਨ ਹੁੰਦੀ ਜਾਂਦੀ ਹੈ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

**ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ॥੧॥**

*ਮਾਝ ਮ: ੫, ਪੰਨਾ ੧੧੦*

ਜਿਨ੍ਹਾਂ-ਜਿਨ੍ਹਾਂ ਨੇ ਪਰਮਾਤਮਾ ਦੇ ਗੁਣ ਗਾ-ਗਾ ਕੇ ਉਸ ਦਾ ਜਪ ਕੀਤਾ, ਸਮਾਂ ਪਾ ਕੇ ਗੁਣ ਗਾਉਣ ਤੇ ਜਪ ਕਰਨ ਦੀ ਬਰਕਤ ਨਾਲ ਉਹ ਜਗਿਆਸੂ, ਪਰਮਾਤਮਾ ਦੇ ਵਿੱਚ ਅਭੇਦ ਹੋ ਕੇ ਹਰੀ ਦਾ ਰੂਪ ਬਣ ਗਏ। ਸਤਿਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ:

**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥**

*ਮ: ੪, ਪੰਨਾ ੬੬੭*

ਅਤੇ : **ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥**

*ਮ: ੪, ਪੰਨਾ ੧੧*

## ਹਰਿ ਵੇਖੈ ਰਾਮੁ ਹਦੂਰੇ

**ਸੰਖੇਪ ਵਿਚਾਰ :** ਪ੍ਰਭੂ ਨਾਮ ਜਪਣ ਤੇ ਪ੍ਰਭੂ ਗੁਣ ਗਾਉਣ ਦੀ ਬਰਕਤ ਨਾਲ ਜੋ ਪਰਮਾਤਮਾ ਵਿੱਚ ਅਭੇਦ ਹੋ ਗਏ, ਉਨ੍ਹਾਂ ਨੂੰ ਪਰਮਾਤਮਾ ਨੇ ਬ੍ਰਹਮ ਦ੍ਰਿਸ਼ਟੀ ਪ੍ਰਦਾਨ ਕਰ ਦਿੱਤੀ। ਬ੍ਰਹਮ ਦ੍ਰਿਸ਼ਟੀ ਦੀ ਬਦੌਲਤ ਉਨ੍ਹਾਂ ਨੂੰ ਸਭ ਪਾਸੇ, ਸਭ ਥਾਵਾਂ ਵਿੱਚ, ਪਰਮਾਤਮਾ ਹੀ ਵਿਖਾਈ ਦੇਣ ਲੱਗ ਪਿਆ ਤੇ ਉਨ੍ਹਾਂ ਨੇ ਪੁਕਾਰ ਕੇ ਕਹਿ ਦਿੱਤਾ—



**[1]ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥**
**[2]ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥**
**[3]ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**
**[4]ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥**
**[5]ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**
**[6]ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥**
**[7]ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥**
**[8]ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥੩॥**
**[9]ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥**
**[10]ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥੪॥੧॥**

*ਨਾਮਦੇਵ ਜੀ ਪੰਨਾ ੪੮੫*

ਜਿਨ੍ਹਾਂ ਨੇ – **ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥** ਦੀ ਦ੍ਰਿਸ਼ਟੀ ਪ੍ਰਾਪਤ ਕਰ ਲਈ ਉਹ ਤਾਂ ਪੁਕਾਰ ਕੇ ਸੰਸਾਰੀ ਲੋਕਾਂ ਨੂੰ ਵੀ ਜਾਗਰਤ ਕਰਨ ਲਈ ਕਹਿੰਦੇ ਹਨ –

**[11]ਲੋਗਾ ਭਰਮਿ ਨ ਭੂਲਹੁ ਭਾਈ॥**

---

1. ਪਰਮਾਤਮਾ ਇੱਕ ਹੈ, ਅਨੇਕਾਂ ਰੂਪਾਂ ਰਾਹੀਂ ਸੰਸਾਰ ਵਿੱਚ ਬਿਆਪਕ ਹੋ ਰਿਹਾ, ਮੈਂ ਜਿੱਧਰ ਵੇਖਦਾ ਹਾਂ, ਮੈਨੂੰ ਉਹ ਪ੍ਰਭੂ ਹੀ ਸਾਰੇ ਪਾਸੇ ਦਿੱਸਦਾ ਹੈ। 2. ਇਸ ਭੇਦ ਨੂੰ ਵਿਰਲਾ ਹੀ ਕੋਈ ਸਮਝਦਾ ਹੈ ਕਿਉਂਕਿ ਜੀਵ ਮਾਇਆ ਦੇ ਅਨੇਕ ਰੰਗਾਂ ਰੂਪਾਂ ਵਿੱਚ ਹੀ ਫਸਿਆ ਹੋਇਆ ਹੈ। 3. ਪਰ ਅਸਲੀਅਤ ਇਹ ਹੈ, ਜੋ ਵੇਖ ਰਹੇ ਹਾਂ ਸਭ ਪ੍ਰਮਾਤਮਾ ਹੀ ਹੈ, ਸਭ ਗੋਬਿੰਦ ਦਾ ਹੀ ਰੂਪ ਹੈ, ਗੋਬਿੰਦ ਤੋਂ ਬਿਨਾਂ ਹੋਰ ਕੋਈ ਨਹੀਂ ਹੈ। 4. ਭਗਤ ਜੀ ਉਦਾਹਰਨ ਦੇ ਕੇ ਪ੍ਰਮਾਤਮਾ ਦੀ ਸਰਬ ਵਿਆਪਕਤਾ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਧਾਗਾ ਇੱਕ ਹੋਵੇ, ਹਜ਼ਾਰਾਂ ਮਣਕੇ ਉਸ ਵਿੱਚ ਪਰੋ ਦਿੱਤੇ ਜਾਣ, ਹਰ ਮਣਕਾ ਉਸੇ ਧਾਗੇ ਦੇ ਆਸਰੇ ਹੈ। ਜਿਸ ਤਰ੍ਹਾਂ ਕੱਪੜੇ ਵਿੱਚ ਇੱਕ ਤਾਣਾ ਅਤੇ ਇੱਕ ਪੇਟਾ ਹੁੰਦਾ ਹੈ, ਪਰ ਹੈ ਸਾਰਾ ਸੂਤਰ ਹੀ, ਸੂਤਰ ਤੋਂ ਬਿਨਾਂ ਹੋਰ ਕੋਈ ਨਹੀਂ। 5. ਜਿਸ ਤਰ੍ਹਾਂ ਪਾਣੀ ਦੀਆਂ ਲਹਿਰਾਂ, ਝੱਗ, ਬੁੱਲਬੁਲੇ ਆਦਿਕ ਪਾਣੀ ਤੋਂ ਵੱਖ ਨਹੀਂ ਹੁੰਦੇ। 6. ਇਹ ਸਾਰਾ ਖੇਡ-ਪਸਾਰਾ ਪਾਰਬ੍ਰਹਮ ਦੀ ਰਚਨਾ ਹੈ, ਵਿਚਾਰ ਕੀਤਿਆਂ ਪਤਾ ਚੱਲਦਾ ਹੈ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। 7. ਸਾਰਾ ਸੰਸਾਰ ਤੇ ਸੰਸਾਰ ਦੇ ਪਦਾਰਥ ਮਨੁੱਖ ਨੇ ਸਤਿ ਕਰਕੇ ਮੰਨੇ ਹਨ, ਪਰ ਹੈਨ ਸੁਪਨੇ ਦੀ ਨਿਆਈਂ। 8. ਜਿਸ ਨੂੰ ਸਤਿਗੁਰੂ ਨੇ ਸ੍ਰੇਸ਼ਟ ਤੱਤ-ਵਿਚਾਰ ਬਖਸ਼ਿਸ਼ ਕਰ ਦਿੱਤੀ, ਉਸ ਨੂੰ ਤੱਤ ਵਿਚਾਰ ਦੀ ਜਾਗਰਤਾ ਆ ਜਾਣ ਨਾਲ ਮਨ ਅਸਲੀਅਤ ਤੋਂ ਜਾਣੂੰ ਹੋ ਕੇ ਮੰਨ ਜਾਂਦਾ ਹੈ। 9. ਨਾਮਦੇਵ ਜੀ ਕਹਿ ਰਹੇ ਹਨ ਹੇ ਪ੍ਰੇਮੀਓ ! ਇਹ ਸਾਰੀ ਰਚਨਾ ਉਸ ਵਾਹਿਗੁਰੂ ਦੀ ਹੈ, ਇਸ ਦਾ ਕਰਤਾ ਕੋਈ ਹੋਰ ਨਹੀਂ। 10. ਸਾਰੀ ਸ੍ਰਿਸ਼ਟੀ ਅਤੇ ਸਾਰੀ ਰਚਨਾ ਰੱਚ ਕੇ ਸਾਰੇ ਘਟਾਂ ਵਿੱਚ ਕੇਵਲ ਤੇ ਕੇਵਲ ਪ੍ਰਮਾਤਮਾ ਆਪ ਹੀ ਇੱਕ ਰਸ ਰਮਿਆ ਹੋਇਆ ਹੈ। 11. ਹੇ ਲੋਕੋ! ਐਵੇਂ ਭਰਮ ਭੁਲੇਖੇ ਵਿੱਚ ਪੈ ਕੇ, ਕਿਸੇ ਨੂੰ ਮਾੜਾ ਨਾ ਆਖੋ ਅਤੇ ਨਾ ਹੀ ਕਿਸੇ ਨਾਲ ਵੈਰ ਵਿਰੋਧ ਕਰੋ ਕਿਉਂਕਿ ਸਾਰੀ ਲੁਕਾਈ ਅੰਦਰ ਪਰਮਾਤਮਾ ਨਿਵਾਸ ਕਰਦਾ ਹੈ। ਪਰਮਾਤਮਾ ਵਿੱਚ ਸਾਰੀ ਖਲਕਤ ਰਮੀਂ ਹੋਈ ਹੈ। ਉਹ ਹਰ ਥਾਂ ਪਰੀਪੂਰਨ ਹੋ ਕੇ ਰਮਿਆ ਹੋਇਆ ਹੈ।

**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥੧॥ਰਹਾਉ॥**

*ਕਬੀਰ ਜੀ, ਪੰਨਾ ੧੩੫੦*

ਅਜਿਹੀ ਦ੍ਰਿਸ਼ਟੀ ਦੇ ਮਾਲਕਾਂ ਦੀ ਨਿਗ੍ਹਾ ਵਿੱਚੋਂ ਉੱਚੇ-ਨੀਂਵੇ, ਗਰੀਬ-ਅਮੀਰ, ਦਾਤੇ ਤੇ ਮੰਗਤੇ ਦਾ ਭਿੰਨ ਭੇਦ ਖ਼ਤਮ ਹੋ ਜਾਂਦਾ ਹੈ। ਇਸ ਸਾਰੇ ਖੇਡ ਨੂੰ ਉਹ ਪ੍ਰਮਾਤਮਾ ਦਾ ਚੋਜ ਜਾਣ ਕੇ ਪੁਕਾਰਦੇ ਹਨ –

**ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥**
**ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥**

*ਮ: ੪, ਪੰਨਾ ੧੧*

''**ਹਰਿ ਵੇਖੈ ਰਾਮੁ ਹਦੂਰੇ**'' ਦੀ ਦ੍ਰਿਸ਼ਟੀ ਵਾਲਿਆਂ ਦੇ ਅੰਦਰੋਂ ਧਰਮਾਂ ਦਾ, ਮਜਹਬਾਂ ਦਾ, ਧਰਮ ਅਸਥਾਨਾਂ ਵਾਲਿਆਂ ਤੇ ਧਰਮ ਦੇ ਧਾਰਨੀਆਂ ਦਾ ਵਿਤਕਰਾ ਵੀ ਖ਼ਤਮ ਹੋ ਜਾਂਦਾ ਹੈ। ਜਿਵੇਂ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਉਸਤਤ ਵਿੱਚ ਆਪਣੀ ਅੰਦਰਲੀ ਅਵਸਥਾ ਨੂੰ ਰੂਪਮਾਨ ਕੀਤਾ ਹੈ–

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,**
**ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ[1]॥**
**ਹਿੰਦੂ ਤੁਰਕ ਕੋਊ ਰਾਫਜੀ[2] ਇਮਾਮ[3] ਸਾਫੀ[4]**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**
**ਕਰਤਾ ਕਰੀਮ[5] ਸੋਈ ਰਾਜ਼ਕ[6] ਰਹੀਮ ਓਈ,**
**ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,**
**ਏਕ ਹੀ ਸਰੂਪ-ਸਬੈ ਏਕੈ ਜੋਤ ਜਾਨਬੋ॥੧੫॥੮੫॥**

ਕਿੰਨੀ ਵਿਸ਼ਾਲਤਾ ਹੈ–

**ਦੇਹਰਾ[7] ਮਸੀਤ ਸੋਈ, ਪੂਜਾ ਔ ਨਿਵਾਜ ਓਈ,**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ[8] ਹੈ॥**
**ਦੇਵਤਾ[9] ਅਦੇਵ[10] ਜੱਛ[11] ਗੰਧ੍ਰਬ[12] ਤੁਰਕ ਹਿੰਦੂ,**
**ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥**
**ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,[13]**

1. ਮੰਨਦੇ ਹਨ 2. ਸ਼ਹੀਆ ਮੁਸਲਮਾਨਾਂ ਦਾ ਇੱਕ ਫਿਰਕਾ 3. ਨਿਵਾਜ਼ ਪੜ੍ਹਾਉਣ ਵਾਲਾ ਆਗੂ 4. ਮੁਸਲਮਾਨਾਂ ਦੇ ਵੱਡੇ ਪੀਰ ਦਾ ਲਕਬ (ਦਰਜਾ) 5. ਕ੍ਰਿਪਾ ਕਰਨ ਵਾਲਾ 6. ਰੋਜ਼ੀ ਦੇਣ ਵਾਲਾ 7. ਮੰਦਰ 8. ਅਨੇਕਤਾ ਦਾ ਭਰਮ ਪੈਂਦਾ 9. ਦੇਵਤੇ 10. ਰਾਕਸ਼ (ਦੈਤ) 11. ਦੇਵਤੇ 12. ਸਵਰਗ ਦੇ ਰਾਗੀ 13. ਬੋਲੀ



**ਖਾਕ[14] ਬਾਦ[15] ਆਤਸ਼[16] ਔ ਆਬ[17] ਕੋ ਰਲਾਉ ਹੈ॥**
**ਅਲਹ ਅਭੇਖ[18] ਸੋਈ ਪੁਰਾਨ ਔ ਕੁਰਾਨ ਓਈ,**
**ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥੧੬॥੧੬॥**

ਹੋਰ ਸਪੱਸ਼ਟਤਾ ਲਈ ਸਾਹਿਬ ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਹੇਠ ਲਿਖੀਆਂ ਉਦਾਹਰਣਾਂ ਦੇ ਕੇ ਸਾਨੂੰ ''**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ**'' ਦੀ ਲਖਤਾ ਕਰਾਉਣ ਦਾ ਯਤਨ ਕੀਤਾ ਹੈ–

**ਜੈਸੇ ਏਕ ਆਗ ਤੇ ਕਨੂਕਾ[੧੯] ਕੋਟ ਆਗ ਉਠੇ,**
**ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਗੇ॥**
**ਜੈਸੇ ਏਕ ਧੂਰ ਤੇ ਅਨੇਕ[੨੦] ਧੂਰ ਪੂਰਤ ਹੈ,**
**ਧੂਰ ਕੇ ਕਨੂਕਾ[21] ਫੇਰ ਧੂਰਿ ਹੀ ਸਮਾਹਗੇ॥**
**ਜੈਸੇ ਏਕ ਨਦ[22] ਤੇ ਤਰੰਗ ਕੋਟ ਉਪਜਤ ਹੈ,**
**ਪਾਂਨ[23] ਕੇ ਤਰੰਗ[24] ਸਬੈ ਪਾਨ ਹੀ ਕਹਾਹਿੰਗੇ॥**
**ਤੈਸੇ ਬਿਸ੍ਵ[25] ਰੂਪ ਤੇ ਅਭੂਤ[26] ਭੂਤ ਪ੍ਰਗਟ ਹੁਇ,**
**ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿੰਗੇ॥੧੭॥੮੭॥**

# ਸਰਬ ਰਹਿਆ ਭਰਪੂਰੇ

**ਸੰਖੇਪ ਵਿਚਾਰ :** ਜਿਨ੍ਹਾਂ ਨੇ ਪ੍ਰਮਾਤਮਾ ਦੇ ਗੁਣ ਗਾ ਕੇ **ਸਰਬ ਰਹਿਆ ਭਰਪੂਰੇ** ਦੀ ਦਾਤ ਪ੍ਰਾਪਤ ਕਰ ਲਈ, ਫਿਰ ਉਹ ਆਪਣੇ ਘਰ ਵਿੱਚ, ਪਰਿਵਾਰ ਵਿੱਚ, ਸੰਸਾਰ ਵਿੱਚ, ਰਿਸ਼ਤੇਦਾਰਾਂ ਵਿੱਚ ਵਿਚਰਦੇ ਕਿਵੇਂ ਕਿਸੇ ਨੂੰ ਕੌੜਾ, ਫਿੱਕਾ ਬੋਲ ਬੋਲਣਗੇ ? ਕਿਵੇਂ ਕਿਸੇ ਨਾਲ ਠੱਗੀ ਜਾਂ ਧੋਖਾ ਕਰਨਗੇ ? ਕਿਵੇਂ ਕਿਸੇ ਨਾਲ ਝਗੜਾ ਜਾਂ ਬਦਕਲਾਮੀ ਕਰਨਗੇ ? ਭਾਵ ਨਹੀਂ ਕਰਨਗੇ, ਕਿਉਂਕਿ ਉਨ੍ਹਾਂ ਨੂੰ ਸਭਨਾਂ ਵਿੱਚ ਪਰਮਾਤਮਾ ਵੱਸਦਾ ਤੇ ਵਿਚਰਦਾ ਦ੍ਰਿਸ਼ਟੀ ਆਉਣ ਲੱਗ ਜਾਂਦਾ ਹੈ। ਅਜਿਹੇ ਗੁਰੂ ਪਿਆਰਿਆਂ ਦੇ ਸੰਸਾਰ ਅੰਦਰ ਸਾਰੇ ਝਗੜੇ ਤੇ ਵਿਖਾਧ ਖ਼ਤਮ ਹੋ ਜਾਂਦੇ ਹਨ ਤੇ ਉਹ ਸੰਸਾਰ ਵਿੱਚ ਰਹਿੰਦਿਆਂ ਭਾਈ ਘਨਈਆ ਜੀ ਵਾਂਗ ਸਾਰਿਆਂ ਵਿੱਚ ਪਰਮਾਤਮਾ ਦੀ ਜੋਤ ਵਰਤ ਰਹੀ ਜਾਣ ਕੇ, ਸਭ ਨਾਲ ਇੱਕੋ

14. ਮਿੱਟੀ 15. ਪਵਣ 16. ਅਗਨੀ 17. ਪਾਣੀ 18. ਭੇਖ ਤੋਂ ਰਹਿਤ ਪ੍ਰਮਾਤਮਾ 19. ਅੱਗ ਦੇ ਪਾਣੀ ਚੰਗਿਆੜੇ 20. ਧੂੜ ਦੇ ਅਨੇਕਾਂ ਕਿਣਕੇ 21. ਕਿਣਕੇ 22. ਨਦੀ, ਪਾਣੀ, ਸਮੁੰਦਰ 23. ਪਾਣੀ 24. ਲਹਿਰਾਂ 25. ਸੰਸਾਰ 26. ਸਥੂਲ-ਅਸਥੂਲ

ਜਿਹਾ ਬਿਨਾਂ ਵਿਤਕਰੇ ਵਰਤਾਉ ਕਰਦੇ ਹਨ। ਅਜਿਹੀ ਬਿਰਤੀ ਦੇ ਧਾਰਨੀਆਂ ਉੱਪਰ ਹੀ ਮਾਲਕ ਦੀ ਰਹਿਮਤ ਵਰਸਦੀ ਹੈ।

ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਇੱਕ ਗਾਥਾ ਲਿਖਣੀ ਕੋਈ ਕੁਥਾਂਹ ਨਹੀਂ ਹੋਵੇਗੀ ਸਗੋਂ ''**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ**'' ਦੀ ਪੰਕਤੀ ਨੂੰ ਪੂਰਨ ਸਪੱਸ਼ਟ ਕਰੇਗੀ। ਸਾਹਿਬਾਂ ਦੇ ਚਰਨਾਂ ਵਿੱਚ ਇੱਕ ਗੁਰਸਿੱਖ ਜਿਸ ਦਾ ਨਾਉਂ ਭਾਈ ਜੱਗਾ ਸਿੰਘ ਸੀ, ਸੇਵਾ ਲਈ ਹਾਜ਼ਰ ਹੋਇਆ, ਜੋ ਸਤਿਗੁਰਾਂ ਦੀ ਹਜ਼ੂਰੀ ਵਿੱਚ ਰਹਿ ਕੇ ਦਿਨ-ਰਾਤ ਬਹੁਤ ਹੀ ਭਾਵਨਾ ਨਾਲ ਸਤਿਗੁਰਾਂ ਦੀ ਤੇ ਸੰਗਤ ਦੀ ਸੇਵਾ ਕਰਦਾ ਸੀ। ਭਾਈ ਜੱਗਾ ਸਿੰਘ ਦੀ ਸੇਵਾ ਤੇ ਪ੍ਰਸੰਨ ਹੋ ਕੇ ਕਲਗੀਧਰ ਸਤਿਗੁਰੂ, ਕਈ ਵਾਰੀ ਸੰਗਤ ਵੱਲੋਂ ਭੇਟਾਂ ਕੀਤੀਆਂ ਕੀਮਤੀ ਵਸਤੂਆਂ ਉਸ ਨੂੰ ਦੇ ਦਿੰਦੇ, ਪਰ ਜੱਗਾ ਸਿੰਘ ਉਨ੍ਹਾਂ ਵਸਤੂਆਂ ਨੂੰ ਅੱਗੇ ਵੰਡ ਦਿੰਦਾ। ਜੱਗਾ ਸਿੰਘ ਉੱਪਰ ਗੁਰੂ ਰਹਿਮਤ ਤੇ ਸਤਿਗੁਰੂ ਦੀ ਨੇੜਤਾ ਵੇਖ ਕੇ ਈਰਖਾਲੂ ਲੋਕ ਜੱਗਾ ਸਿੰਘ ਨਾਲ ਈਰਖਾ ਕਰਦੇ। ਕਈ ਵਾਰੀ ਉਹ ਭਾਈ ਜੱਗਾ ਸਿੰਘ ਨੂੰ ਬੁਰੇ ਭਲੇ ਸ਼ਬਦ ਬੋਲਦੇ ਤੇ ਗਾਲੀ-ਗਲੋਚ ਵੀ ਕਰਦੇ, ਪਰ ਭਾਈ ਜੱਗਾ ਸਿੰਘ ਸ਼ਾਂਤ ਰਹਿੰਦਾ।

ਇੱਕ ਦਿਨ ਭਾਈ ਜੱਗਾ ਸਿੰਘ, ਅੰਮ੍ਰਿਤ ਵੇਲੇ ਬਾਹਰ ਸੁਚੇਤ ਹੋਣ ਲਈ ਗਏ। ਈਰਖਾਲੂ ਲੋਕ ਜੋ ਭਾਈ ਜੱਗਾ ਸਿੰਘ ਨਾਲ ਈਰਖਾ ਕਰਦੇ ਸਨ, ਉਨ੍ਹਾਂ ਨੇ ਭਾਈ ਜੱਗਾ ਸਿੰਘ ਦੇ ਕਮਰੇ ਵਿੱਚੋਂ ਉਸ ਦਾ ਸਾਰਾ ਸਾਮਾਨ ਬਾਹਰ ਸੁੱਟ ਦਿੱਤਾ ਤੇ ਚੰਗਾ ਕੀਮਤੀ ਸਮਾਨ ਲੁੱਟ ਕੇ ਆਪਣੇ ਕਮਰਿਆਂ ਵਿੱਚ ਲੈ ਗਏ ਅਤੇ ਨਾਲ ਹੀ ਬਾਹਰ ਗਏ ਹੋਏ ਭਾਈ ਜੱਗਾ ਸਿੰਘ ਨੂੰ ਘੇਰ ਕੇ ਕਾਫ਼ੀ ਕੁੱਟ ਮਾਰ ਕੀਤੀ।

ਦਿਨ ਚੜ੍ਹੇ ਸਤਿਗੁਰਾਂ ਤੱਕ ਇਸ ਮਾਜਰੇ ਦਾ ਪਤਾ ਚੱਲਿਆ। ਸਤਿਗੁਰਾਂ ਨੇ ਭਾਈ ਜੱਗਾ ਸਿੰਘ ਨੂੰ ਕੋਲ ਸੱਦਿਆ। ਭਾਈ ਜੱਗਾ ਸਿੰਘ ਜੋ ਕੁੱਟ ਦੀ ਮਾਰ ਕਾਰਣ ਮਸਾਂ ਸਤਿਗੁਰਾਂ ਦੇ ਚਰਨਾਂ ਵਿੱਚ ਪੁੱਜਿਆ। ਸਤਿਗੁਰਾਂ ਨੇ ਭਾਈ ਜੱਗਾ ਸਿੰਘ ਨੂੰ ਪੁੱਛਿਆ? ਜੱਗਾ ਸਿੰਘ ! ਦੱਸ ਤੈਨੂੰ ਕਿਨ੍ਹਾਂ-ਕਿਨ੍ਹਾਂ ਨੇ ਮਾਰ ਕੁੱਟ ਕੀਤੀ ਤੇ ਤੇਰਾ ਸਮਾਨ ਲੁੱਟਿਆ ਹੈ ਤਾਂ ਜੋ ਉਨ੍ਹਾਂ ਨੂੰ ਸਜਾ ਦਿੱਤੀ ਜਾਵੇ। ਭਾਈ ਜੱਗਾ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, ਪਾਤਸ਼ਾਹ! ਮੈਨੂੰ ਕਿਸੇ ਨੇ ਨਾ ਮਾਰਿਆ ਹੈ ਤੇ ਨਾ ਹੀ ਮੇਰਾ ਸਮਾਨ ਕਿਸੇ ਨੇ ਲੁੱਟਿਆ ਹੈ। ਮੇਰਾ ਕੋਈ ਵੀ ਵੈਰੀ ਨਹੀਂ ਹੈ।

ਦੂਸਰੀ ਵਾਰੀ ਮੁੜ ਜੱਗਾ ਸਿੰਘ ਨੂੰ ਪੁੱਛਣ ਤੇ ਜੱਗਾ ਸਿੰਘ ਨੇ ਸਤਿਗੁਰਾਂ ਅੱਗੇ ਹੱਥ ਜੋੜ ਬੇਨਤੀ ਕੀਤੀ, ਪਾਤਸ਼ਾਹ ! ਪਿਆਰ ਕਰਨ ਵਾਲਾ ਵੀ ਤੂੰ, ਲੁੱਟਣ



ਵਾਲਾ ਵੀ ਤੂੰ, ਮਾਰਨ ਵਾਲਾ ਵੀ ਤੂੰ ਤੇ ਮਾਰ ਖਾਣ ਵਾਲਾ ਵੀ ਤੂੰ ਹੀ ਹੈ, ਹੋਰ ਕੋਈ ਨਹੀਂ। ਜੱਗਾ ਸਿੰਘ ਦੇ ਇਹ ਬਚਨ ਸੁਣ ਕੇ ਸਤਿਗੁਰੂ ਜੀ ਨੇ ਭਾਈ ਜੱਗਾ ਸਿੰਘ ਨੂੰ ਬ੍ਰਹਮ ਵੇਤਾ ਦਾ ਵਰ ਦਿੱਤਾ ਤੇ ਹੁਕਮ ਕੀਤਾ, ਗੁਰਸਿੱਖੋ ! ਅਜਿਹੇ ਨਿਰਮਲ ਹਿਰਦੇ ਤੇ ਸਮਦ੍ਰਿਸ਼ਟੀ ਵਾਲੇ ਪੁਰਸ਼ਾਂ ਨਾਲ ਈਰਖਾ ਕਰਨ ਵਾਲੇ ਘੋਰ ਨਰਕਾਂ ਵਿੱਚ ਦੁੱਖ ਪਾਉਣਗੇ।

ਜੇ ਗੁਰੂ ਮਿਹਰ ਨਾਲ ''**ਸਰਬ ਰਹਿਆ ਭਰਪੂਰੇ**'' ਦੀ ਬਿਰਤੀ ਬਣ ਜਾਵੇ ਤਾਂ ਫਿਰ ਘਰ ਵਿੱਚ ਕਿਵੇਂ ਝਗੜਾ ਕਲੇਸ਼ ਬਣ ਸਕਦਾ ਹੈ। ਇਹ ਬਿਰਤੀ ਤਦ ਹੀ ਸੰਭਵ ਹੈ ਜੇ ਆਪਾਂ ਗੁਰੂ ਉਪਦੇਸ਼ ਨੂੰ ਸੁਣ ਕੇ ਕਮਾਈਏ। ਜੇ ਆਪਾਂ ਗੁਰੂ ਉਪਦੇਸ਼ ਨੂੰ ਨਾ ਸੁਣਿਆ, ਨਾ ਕਮਾਇਆ, ਫਿਰ ਤਾਂ ਘਰ ਵਿੱਚ ਵੀ ਤੇ ਬਾਹਰ ਸੰਸਾਰ ਵਿੱਚ ਵੀ ਝਗੜੇ ਕਲੇਸ਼ ਚੱਲਦੇ ਹੀ ਰਹਿਣੇ ਹਨ।

**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥**

**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥**

**ਅੱਖਰੀ ਅਰਥ :** ਹਰੀ ਦੇ ਪਿਆਰਿਆਂ ਦੀ ਸੰਗਤ ਵਿੱਚ ਬੈਠ ਕੇ ਜਿਸ ਨੇ ਪਰਮਾਤਮਾ ਦੇ ਗੁਣ ਗਾਏ। ਗੁਣ ਗਾਉਣ ਦੀ ਬਰਕਤ ਨਾਲ ਉਸ ਨੂੰ ਆਪਣੇ ਅੰਦਰ ਵੀ ਤੇ ਬਾਹਰ ਵੀ ਇੱਕੋ ਇੱਕ ਪਰਮਾਤਮਾ ਹੀ ਦ੍ਰਿਸ਼ਟੀ ਆਉਣ ਲੱਗ ਪਿਆ। ਅਜਿਹੇ ਜਗਿਆਸੂ ਦੇ ਸਾਰੇ ਝਗੜੇ-ਝਾਂਜੇ ਮੁੱਕ ਗਏ। ਇਹ ਜੀਵਨ ਦਾ ਦੂਸਰਾ ਪੜਾਉ ਹੈ। ਇਸ ਅਵਸਥਾ ਵਿੱਚ ਪੁੱਜੇ ਜਗਿਆਸੂ ਦੇ ਅੰਦਰ ਇੱਕ ਰਸ ਅਨਹਦ ਸ਼ਬਦ ਸੁਣਨ ਲੱਗ ਜਾਂਦੇ ਹਨ।

## ਹਰਿ ਜਨ ਮੰਗਲ ਗਾਏ

**ਸੰਖੇਪ ਵਿਚਾਰ :** ਜਗਿਆਸੂ, ਪਹਿਲਾਂ ਪਰਮਾਤਮਾ ਨੂੰ ਪਾਉਣ ਲਈ ਪਰਮਾਤਮਾ ਦੇ ਗੁਣ ਗਾਉਂਦਾ ਹੈ। ਗੁਣ ਗਾਉਂਦਿਆਂ, ਜਦੋਂ ਜਗਿਆਸੂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ, ਮਨ ਤੇ ਤਨ ਕਰਕੇ ਹਰ ਤਰ੍ਹਾਂ ਤ੍ਰਿਪਤੀ ਹੋ ਜਾਂਦੀ ਤੇ ਤ੍ਰਿਸ਼ਨਾ ਦਾ ਅਭਾਵ ਹੋ ਜਾਂਦਾ ਹੈ। ਅਜਿਹੀ ਅਵਸਥਾ ਵਿੱਚ ਪੁੱਜ ਕੇ ਵੀ ਜਗਿਆਸੂ ਗੁਣ ਗਾਈ ਹੀ ਜਾਂਦਾ ਹੈ ਕਿਉਂਕਿ ਪ੍ਰਭੂ ਗੁਣ ਗਾਉਣ

ਨਾਲ ਜਗਿਆਸੂ ਨੂੰ ਪੂਰਨ ਰਜੇਵਾਂ ਪ੍ਰਾਪਤ ਹੁੰਦਾ ਹੈ। ਗੁਣ ਗਾਉਣੇ ਉਸ ਦੀ ਆਤਮਿਕ ਖੁਰਾਕ ਬਣ ਜਾਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸਾਰੰਗ ਰਾਗ ਅੰਦਰ ਫੁਰਮਾਨ ਹੈ—

**ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ।।**

**ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ।।੧।।**

*ਮ: ੫, ਪੰਨਾ ੧੨੨੩*

ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਪ੍ਰਮਾਤਮਾ ਦੇ ਗੁਣ ਗਾਉਣ ਦਾ ਆਪਣਾ ਅਨੰਦ ਹੈ। ਪਰਮਾਤਮਾ ਨੂੰ ਪ੍ਰਾਪਤ ਕਰਕੇ, ਉਸ ਦੇ ਮਿਲਾਪ ਦਾ ਅਨੰਦ ਪ੍ਰਾਪਤ ਕਰ, ਸ਼ੁਕਰਾਨੇ ਵਿੱਚ ਭਿੱਜ ਕੇ ਪ੍ਰਭੂ ਗੁਣ ਗਾਉਣ ਦਾ ਅਨੰਦ ਹੀ ਵੱਖਰਾ ਹੈ। ਉਸ ਅਨੰਦ ਨੂੰ ਦਰਸਾਇਆ ਨਹੀਂ ਜਾ ਸਕਦਾ।

ਜਨਮ ਸਾਖੀ ਵਿੱਚ ਲਿਖਿਆ ਹੈ, ਅੰਮ੍ਰਿਤ ਵੇਲੇ ਇੱਕਾਂਤ ਵਿੱਚ ਬੈਠ, ਪਰਮਾਤਮਾ ਨਾਲ ਇੱਕ-ਮਿੱਕ ਹੋ ਗੁਰੂ ਨਾਨਕ ਦੇਵ ਜੀ ਮਹਾਰਾਜ, ਮਰਦਾਨੇ ਨੂੰ ਸੰਬੋਧਨ ਕਰਕੇ ਕਹਿੰਦੇ, ''ਮਰਦਾਨਿਆ! ਰਬਾਬ ਛੇੜ ਕਾਈ ਸਿਫਤ ਖ਼ੁਦਾ ਦੇ ਦੀਦਾਰ ਦੀ ਕਰੀਏ।'' ਮਰਦਾਨਾ ਰਬਾਬ ਵਜਾਉਂਦਾ। ਸਤਿਗੁਰੂ ਜੀ ਧੁਰ ਕੀ ਬਾਣੀ ਉਚਾਰ ਕੇ ਪਰਮਾਤਮਾ ਦੀ ਸਿਫ਼ਤ ਕਰਦੇ,ਅਜਿਹਾ ਵਾਤਾਵਰਣ ਪੈਦਾ ਹੋ ਜਾਂਦਾ ਕਿ ਵਿਰੋਧੀ ਸੁਭਾਅ ਦੇ ਜੀਵ ਵੀ ਇੱਕ ਥਾਂ ਬੈਠ ਕੀਰਤਨ ਸੁਣਨ ਵਿੱਚ ਮਗਨ ਹੋ ਜਾਂਦੇ। ਦਰਖ਼ਤਾਂ ਵਿੱਚੋਂ ਵੀ ਰਸ ਚੋਣ ਲੱਗ ਜਾਂਦਾ।

ਇਸੇ ਤਰ੍ਹਾਂ ਇੱਕ ਵਾਰੀ, ਅਕਬਰ ਨੇ ਤਾਨਸੇਨ ਅੱਗੇ ਆਪਣੀ ਮਨ ਦੀ ਅਭਿਲਾਖਾ ਪ੍ਰਗਟ ਕੀਤੀ ਤੇ ਕਿਹਾ ਹੇ ਤਾਨਸੇਨ! ਤੂੰ ਬਹੁਤ ਹੀ ਸੁੰਦਰ ਗਾਉਂਦਾ ਹੈ। ਮੇਰੇ ਮਨ ਦੀ ਚਾਹਨਾ ਹੈ ਕਿ ਜਿਸ ਪਾਸੋਂ ਤੂੰ ਰਾਗ ਵਿੱਦਿਆ ਸਿੱਖੀ ਹੈ, ਮੈਂ ਉਸ ਪਾਸੋਂ ਰਾਗ ਸੁਣਨਾ ਚਾਹੁੰਦਾ ਹਾਂ। ਤਾਨਸੇਨ ਨੇ ਉੱਤਰ ਦਿੱਤਾ, ਬਾਦਸ਼ਾਹ ਸਲਾਮਤ! ਉਨ੍ਹਾਂ ਨੂੰ ਦਰਬਾਰ ਵਿੱਚ ਸੱਦ ਕੇ ਨਹੀਂ ਸੁਣਿਆ ਜਾ ਸਕਦਾ। ਜੇ ਉਨ੍ਹਾਂ ਨੂੰ ਸੁਣਨਾ ਚਾਹੁੰਦੇ ਹੋ ਤਾਂ ਸਾਨੂੰ ਆਪ ਖੁਦ ਅੰਮ੍ਰਿਤ ਵੇਲੇ ਉਨ੍ਹਾਂ ਦੀ ਕੁਟੀਆ ਨੇੜੇ ਚੱਲ ਕੇ ਜਾਣਾ ਪਵੇਗਾ ਤੇ ਸਨਮੁਖ ਨਹੀਂ, ਉਨ੍ਹਾਂ ਦੀ ਨਿਗ੍ਹਾ ਤੋਂ ਦੂਰ ਬੈਠ ਕੇ ਉਡੀਕ ਕਰਨੀ ਪਵੇਗੀ। ਜਦੋਂ ਉਹ ਆਪਣੀ ਮਸਤੀ ਵਿੱਚ ਆ ਕੇ ਗਾਉਣਗੇ, ਤਦ ਅਸੀਂ ਉਨ੍ਹਾਂ ਨੂੰ ਸੁਣ ਸਕਾਂਗੇ।

ਦਿਨ ਨਿਯਤ ਕਰਕੇ, ਅਕਬਰ ਤੇ ਤਾਨਸੇਨ ਅੰਮ੍ਰਿਤ ਵੇਲੇ ਹਰੀਦਾਸ ਜੀ ਦੀ ਕੁਟੀਆ ਤੋਂ ਦੂਰ, ਇੱਕ ਦਰਖ਼ਤ ਦੀ ਓਟ ਲੈ ਕੇ ਬੈਠ ਗਏ। ਹਰੀਦਾਸ ਜੀ ਆਪਣੇ ਰੋਜ਼ ਦੇ ਨਿਯਮ ਅਨੁਸਾਰ ਉੱਠੇ, ਇਸ਼ਨਾਨ ਕੀਤਾ। ਪ੍ਰਭੂ ਯਾਦ ਵਿੱਚ



ਜੁੜੇ, ਸਾਜ ਸੁਰ ਕੀਤਾ ਤੇ ਅਜਿਹਾ ਟਿਕ ਕੇ ਪ੍ਰਮਾਤਮਾ ਦੇ ਸੋਹਿਲੇ ਗਾਏ। ਤਾਨਸੇਨ ਤੇ ਅਕਬਰ ਦੀ ਸੁਰਤ ਜੁੜ ਗਈ। ਹਰੀਦਾਸ ਜੀ ਨੇ ਪ੍ਰਭੂ ਕੀਰਤੀ ਸਮਾਪਤ ਕੀਤੀ। ਤਾਨਸੇਨ ਨੇ ਅਕਬਰ ਨੂੰ ਸੁਚੇਤ ਕੀਤਾ, ਬਾਦਸ਼ਾਹ ਸਲਾਮਤ ! ਦਿਨ ਚੜ੍ਹ ਆਇਆ ਹੈ। ਆਪਾਂ ਚਲੀਏ, ਅਕਬਰ ਜਾਣ ਨੂੰ ਤਿਆਰ ਨਹੀਂ ਸੀ। ਪ੍ਰਭੂ ਸੰਗੀਤ ਦੇ ਰਸ ਵਿੱਚ ਮਗਨ ਸੀ। ਮਜ਼ਬੂਰੀ ਵਸ ਦੋਵੇਂ ਵਾਪਸ ਤੁਰ ਪਏ। ਰਸਤੇ ਵਿੱਚ ਅਕਬਰ ਨੇ ਤਾਨਸੇਨ ਨੂੰ ਸੰਬੋਧਨ ਕਰਕੇ ਪੁੱਛਿਆ? ਤਾਨਸੇਨ! ਠੀਕ ਹੈ, ਤੂੰ ਇੱਕ ਚੰਗਾ ਗਵੱਈਆ ਹੈ,'' ਪਰ ਤੇਰਾ ਰਾਗ ਤਾਂ ਹਰੀਦਾਸ ਦੇ ਪਾਸੰਗ (ਨੇੜੇ-ਤੇੜੇ) ਵੀ ਨਹੀਂ ਹੈ। ਇਸਦਾ ਕੀ ਕਾਰਨ ਹੈ ?

ਤਾਨਸੇਨ ਨੇ ਉੱਤਰ ਦਿੱਤਾ, ਬਾਦਸ਼ਾਹ ਸਲਾਮਤ ! ਮੈਂ ਜਦੋਂ ਗਾਉਂਦਾ ਹਾਂ ਤਾਂ ਤੁਹਾਡੇ ਵਾਸਤੇ ਗਾਉਂਦਾ ਹਾਂ ਤੇ ਮੇਰੀ ਨਜ਼ਰ ਤੁਹਾਡੇ ਹੱਥਾਂ ਵੱਲ ਹੁੰਦੀ ਹੈ ਕਿ ਅੱਜ ਬਾਦਸ਼ਾਹ ਸਲਾਮਤ ਮੇਰੇ ਗਾਉਣ ਤੇ ਖ਼ੁਸ਼ ਹੋ ਕੇ ਮੈਨੂੰ ਕੀ ਦਿੰਦੇ ਹਨ ? ਮੈਂ ਤੁਹਾਨੂੰ ਖੁਸ਼ ਕਰਨ ਵਾਸਤੇ ਗਾਉਂਦਾ ਹਾਂ। ਪਰ ਮੇਰੇ ਗੁਰੂ ਹਰੀ ਦਾਸ ਜੀ ਆਪਣੇ ਲਈ ਗਾਉਂਦੇ ਹਨ। ਜਦੋਂ ਪਰਮਾਤਮਾ ਉਨ੍ਹਾਂ ਦੀ ਝੋਲੀ ਇੱਕਾਗਰਤਾ ਤੇ ਰਸ ਨਾਲ ਭਰ ਦਿੰਦੇ ਹਨ, ਤਦੋਂ ਉਹ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਉਸ ਦੀ ਸਿਫਤੋ ਸਲਾਹ ਕਰਦੇ ਹਨ। ਮੈਂ ਸਾਕਾਮ (ਕਾਮਨਾ ਅਧੀਨ) ਗਾਉਂਦਾ ਹਾਂ ਤੇ ਉਹ ਨਿਸ਼ਕਾਮ ਗਾਉਂਦੇ ਹਨ। ਮੈਂ ਕੁਝ ਲੈਣ ਲਈ ਗਾਉਂਦਾ ਹਾਂ। ਉਹ ਪਰਮਾਤਮਾ ਪਾਸੋਂ ਅਨੰਦ ਤੇ ਰਸ ਪ੍ਰਾਪਤ ਕਰਕੇ ਗਾਉਂਦੇ ਹਨ। ਇਸ ਲਈ ਮੇਰਾ ਗਾਉਣਾ, ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਉਨ੍ਹਾਂ ਦੇ ਪ੍ਰਭੂ ਗੀਤ ਗਾਉਣੇ, ਉਨ੍ਹਾਂ ਦੀ ਆਤਮਿਕ ਖੁਰਾਕ ਹੈ।

ਤਿਵੇਂ ਗੁਰਮੁਖ ਜਨ ਵੀ ਜਦੋਂ ਸਤਿਗੁਰੂ ਪਾਸੋਂ ਆਤਮਿਕ ਦਾਤਾਂ ਪ੍ਰਾਪਤ ਕਰ ਲੈਂਦੇ ਹਨ। ਤਦੋਂ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਲਗਾਤਾਰ ਉਸ ਦੀ ਸਿਫਤੋ ਸਲਾਹ ਕਰਦੇ ਹਨ। ਇੰਝ ਕਹਿ ਲਵੋ, ਜਿਸ ਨੂੰ ਪਰਮਾਤਮਾ ਆਪਣੀ ਸਿਫਤ-ਸਲਾਹ ਪ੍ਰਦਾਨ ਕਰ ਦਿੰਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਉਹ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਬਣ ਜਾਂਦਾ ਹੈ। ਸਤਿਗੁਰੂ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ—

**ਜਿਸ ਨੋ ਬਖਸੇ ਸਿਫਤਿ ਸਾਲਾਹ।।**

**ਨਾਨਕ ਪਾਤਿਸਾਹੀ ਪਾਤਿਸਾਹੁ।।੨੫।।** *ਜਪੁਜੀ, ਪੰਨਾ ੫*

ਦੂਜੀ ਲਾਵ ਵਿੱਚ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਉਪਦੇਸ਼ ਹੈ ਕਿ ਹੇ ਜੀਵ! "**ਸਤਿਗੁਰੁ ਪੁਰਖੁ**" ਦਾ ਮਿਲਾਪ ਕਰਕੇ "**ਅੰਤਰਿ ਬਾਹਰਿ ਹਰਿ ਪ੍ਰਭੁ**

**ਏਕੋ**" ਨੂੰ ਆਪਣੀ ਦ੍ਰਿਸ਼ਟੀ ਵਿੱਚ ਲਿਆ। "**ਨਿਰਮਲੁ ਭਉ**" ਨੂੰ ਹਿਰਦੇ ਵਿੱਚ ਧਾਰਕੇ "**ਭੈ ਮਨੁ**" ਭਾਵ ਡਰ ਵਿੱਚ ਡੁੱਬੇ ਮਨ ਨੂੰ "**ਨਿਰਭਉ**" ਬਣਾ ਕੇ ਵਿਚਰਨਾ ਕਰ ਤਾਂ ਜੋ "**ਸਰਬ ਰਹਿਆ ਭਰਪੂਰੇ**" ਹੋ ਕੇ ਪਸਰ ਰਿਹਾ ਪਰਮੇਸ਼ਰ ਸੁਆਮੀ ਤੇਰੀ ਦ੍ਰਿਸ਼ਟੀ ਗੋਚਰਾ ਹੋ ਸਕੇ ਅਤੇ "**ਅੰਤਰਿ ਬਾਹਰਿ**" ਉਸ ਇੱਕ ਦਾ ਪਸਾਰਾ ਤੱਕ ਕੇ ਆਪਣਾ ਜੀਵਨ ਮੰਗਲਮਈ ਅਵਸਥਾ ਅਤੇ "**ਅਨਹਦ ਸਬਦ**" ਦੀ ਆਹਟ ਵਿੱਚ ਮੰਗਲ ਭਰਪੂਰ ਬਸਰ ਕਰ ਸਕੇ।



# ਤੀਜੀ ਲਾਵ

## *(ਮੂਲ ਤੇ ਪਦ-ਅਰਥ)*

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥**
**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥**
**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥**
**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**
**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**
**ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥੩॥**

**ਪਦ ਅਰਥ : ਚਾਉ**– ਉਤਸ਼ਾਹ ਪੈਦਾ ਹੋਇਆ। **ਬੈਰਾਗੀਆ**–ਵੈਰਾਗ ਵਾਨਾਂ ਦੇ ਹਿਰਦੇ ਅੰਦਰ। **ਮੁਖਿ ਬੋਲੀ ਹਰਿ ਬਾਣੀ**–ਮੂੰਹ ਦੁਆਰਾ ਪ੍ਰਮੇਸ਼ਰੀ ਬਾਣੀ ਦਾ ਉਚਾਰਣ ਕੀਤਾ। **ਸੰਤ ਜਨਾ**– ਨਾਮੀਆਂ ਦੀ ਸੰਗਤ। **ਅਕਥ**– ਪਾਰਾਵਾਰ ਤੋਂ ਪਰੇ ਜਿਸ ਨੂੰ ਜ਼ੁਬਾਨ ਨਾਲ ਕਥਨ ਨਹੀਂ ਕੀਤਾ ਜਾ ਸਕਦਾ। **ਉਪਜੀ**– ਪੈਦਾ ਹੋ ਗਈ।

## ਮਨਿ ਚਾਉ ਭਇਆ ਬੈਰਾਗੀਆ

### (ਤੀਜੀ ਲਾਵ ਦਾ ਸਾਰ)

ਸੰਸਾਰ ਅਤੇ ਨਿਰੰਕਾਰ ਦੇ ਦੇਸ਼ ਅੰਦਰ ਚਾਉ ਤੇ ਬੈਰਾਗ ਦੋਵਾਂ ਦੀ ਬਹੁਤ ਮਹਾਨਤਾ ਹੈ। ਬੈਰਾਗ ਤੋਂ ਬਿਨਾਂ ਪਰਮਾਤਮਾ ਦਾ ਮਿਲਾਪ ਸੰਭਵ ਨਹੀਂ। [1]ਰਾਗ ਤੋਂ ਮੁਕਤ ਹੋ ਕੇ ਹੀ ਹਿਰਦੇ ਅੰਦਰ ਪ੍ਰਭੂ ਮਿਲਾਪ ਲਈ ਬੈਰਾਗ ਉਤਪੰਨ ਹੁੰਦਾ ਹੈ। ਬਾਬਾ ਫਰੀਦ ਜੀ, ਆਪਣੀ ਬਾਣੀ ਅੰਦਰ ਫੁਰਮਾਨ ਕਰਦੇ ਹਨ ਕਿ ਹੇ ਬੈਰਾਗ ! ਤੂੰ ਤਾਂ ਸਾਰਿਆਂ ਦਾ ਬਾਦਸ਼ਾਹ (ਸੁਲਤਾਨ) ਹੈ। ਜਿਸ ਸਰੀਰ ਅੰਦਰ ਆਪਣੇ ਪਤੀ (ਮਾਲਕ) ਨੂੰ ਮਿਲਣ ਲਈ ਬੈਰਾਗ ਨਹੀਂ ਉਤਪੰਨ ਹੁੰਦਾ, ਉਹ ਸਰੀਰ ਤਾਂ ਸ਼ਮਸ਼ਾਨ-ਘਾਟ ਦੀ ਨਿਆਈ ਹੈ। ਆਪ ਦਾ ਬਚਨ ਹੈ–

1. ਸੰਸਾਰ ਦੇ ਪਦਾਰਥਾਂ ਦਾ ਪਿਆਰ

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**

**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥੩੬॥**

*ਸਲੋਕ ਫਰੀਦ ਜੀ, ਪੰਨਾ ੧੩੭੯*

ਬਾਬਾ ਕਬੀਰ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ ਕਿ ਬਿਨਾਂ ਬੈਰਾਗ ਤੋਂ ਮਨੁੱਖ ਮਾਇਆ ਦੇ ਫੰਦੇ ਤੋਂ ਛੁੱਟ ਨਹੀਂ ਸਕਦਾ –

**ਬਿਨੁ ਬੈਰਾਗ ਨ ਛੂਟਸਿ ਮਾਇਆ॥੧॥** *ਕਬੀਰ ਜੀ, ਪੰਨਾ ੩੨੯*

ਮਾਇਆ ਦੇ ਫੰਦੇ ਤੋਂ ਛੁੱਟੇ ਵਗੈਰ ਆਪਣੇ ਮਾਲਕ ਨਾਲ ਮਿਲਣ ਲਈ ਖਿੱਚ ਨਹੀਂ ਬਣ ਸਕਦੀ। ਬੈਰਾਗ ਦਾ ਕੁੱਠਾ ਹੋਇਆ ਜਗਿਆਸੂ ਹੀ ਆਪਣੇ ਮਾਲਕ ਅੱਗੇ ਉਸ ਦੇ ਦਰਸ਼ਨਾਂ ਲਈ ਪੁਕਾਰ ਕਰਦਾ ਹੈ। ਹੇ ਦਾਤੇ !

**ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ॥**

**ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ॥**

**ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ॥**

**ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ॥**

**ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ॥**

**ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ॥੧॥**

*ਗਉੜੀ ਮ: ੫, ਪੰਨਾ ੨੪੭*

ਹੇ ਮੇਰੇ ਮਿੱਤਰ, ਹੇ ਮੇਰੇ ਦਿਲ ਦੇ ਮਹਿਰਮ ਪਰਮਾਤਮਾ! ਮੇਰੇ ਮਨ ਵਿੱਚ ਆਪ ਦੇ ਦਰਸ਼ਨਾਂ ਲਈ ਬੈਰਾਗ ਪੈਦਾ ਹੋ ਗਿਆ ਹੈ। ਆਪ ਹੀ ਕਿਰਪਾ ਕਰਕੇ ਆਪਣੇ ਮਿਲਾਪ ਦੀ ਕੋਈ ਬਿਧੀ ਬਣਾਉ ਜੀ। ਹੇ ਮਾਇਆ ਦੇ ਮਾਲਕ ਪ੍ਰਭੂ! ਸਾਡੇ ਮਨ ਵਿੱਚ ਲੋਚਾ ਹੈ ਕਿ ਹੱਥਾਂ ਨਾਲ ਤੁਹਾਡੀ ਸੇਵਾ ਕਰੀਏ ਤੇ ਤੁਹਾਡੇ ਚਰਨਾਂ ਉੱਪਰ ਸੀਸ ਧਰੀਏ ਤਾਂ ਜੋ ਤੁਹਾਡੇ ਦਰਸ਼ਨ ਕਰਕੇ ਸਾਡੇ ਮਨ ਦੀ ਆਸਾ ਪੂਰੀ ਹੋ ਜਾਵੇ। ਹੇ ਪ੍ਰਭੂ! ਕਿਰਪਾ ਕਰ, ਆਪ ਦਾ ਨਾਮ ਕਿਸੇ ਪਲ, ਘੜੀ, ਮਹੂਰਤ ਦਿਨ ਰਾਤ ਅਤੇ ਕਿਸੇ ਸਵਾਸ ਨਾਲ ਵੀ ਨਾ ਭੁੱਲੇ। ਹੇ ਦਾਤਾਰ ! ਜਿਵੇਂ ਪਪੀਹੇ ਨੂੰ ਸੁਆਂਤੀ ਬੂੰਦ ਤੋਂ ਬਿਨਾਂ ਤ੍ਰਿਪਤੀ ਨਹੀਂ ਹੁੰਦੀ ਤਿਵੇਂ ਹੇ ਮਾਲਕ! ਅਸੀਂ ਵੀ ਤੇਰੇ ਦਰਸ਼ਨਾਂ ਤੋਂ ਬਿਨਾਂ ਅਤ੍ਰਿਪਤ ਤੇ ਅਸ਼ਾਂਤ ਹਾਂ। ਕਿਰਪਾ ਕਰਕੇ ਆਪਣੇ ਦਰਸ਼ਨ ਬਖਸ਼ਿਸ਼ ਕਰੋ ਜੀ।

ਬੈਰਾਗ ਦੀ ਪੀੜਾ ਵਾਲਾ ਹੀ ਗੁਰੂ ਚਰਨਾਂ ਵਿੱਚ ਪੁਕਾਰਾ ਕਰਦਾ ਹੈ ਦਾਤਾ !

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥**

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥੧॥**

**ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥**



**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**

**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**

**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥**

**ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥**

*ਮਾਝ ਮ: ੫, ਪੰਨਾ ੯੬*

ਉਸ ਦਰਸ਼ਨ ਬੈਰਾਗੀ ਨੂੰ ਤਾਂ ਚਾਰ ਪਹਿਰ, ਚਹੁੰ ਜੁਗਾਂ ਦੇ ਸਮਾਨ ਬਤੀਤ ਹੁੰਦੇ ਹਨ। ਰਾਤ ਦੇ ਵਿਛੋੜੇ ਦਾ ਤਾਂ ਅੰਤ ਹੀ ਨਹੀਂ ਪਾਇਆ ਜਾ ਸਕਦਾ। ਆਸਾ ਰਾਗ ਅੰਦਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :

**ਚਾਰਿ ਪਹਰ ਚਹੁ ਜੁਗਹ ਸਮਾਨੇ ਰੈਣਿ ਭਈ ਤਬ ਅੰਤੁ ਨ ਜਾਨੇ॥੨॥**

*ਆਸਾ ਮ: ੫, ਪੰਨਾ ੩੭੫*

ਬੈਰਾਗ, ਮਾਇਆ ਦੇ ਪ੍ਰਭਾਵ ਨਾਲੋਂ ਤੋੜ ਕੇ ਜਗਿਆਸੂ ਦੇ ਮਨ ਅੰਦਰ ਚਾਉ ਪੈਦਾ ਕਰਕੇ ਪਿਆਰੇ ਨਾਲ ਜੋੜਦਾ ਹੈ। ਚਾਉ, ਬੈਰਾਗ ਉੱਪਰ ਹਾਵੀ (ਭਾਰੂ) ਹੋ ਜਾਂਦਾ ਹੈ। ਚਾਉ, ਨਿਰਾ ਬੈਰਾਗ ਉੱਪਰ ਹੀ ਭਾਰੂ ਨਹੀਂ ਹੁੰਦਾ, ਸਗੋਂ ਚਾਉ ਤਾਂ ਮੌਤ ਨੂੰ ਵੀ, ਜਿਸ ਦਾ ਨਾਉਂ ਸੁਣ ਕੇ ਸਾਰੀ ਸ੍ਰਿਸ਼ਟੀ ਕੰਬਣ ਲੱਗ ਜਾਂਦੀ ਹੈ। ਉਸ ਨੂੰ ਵੀ ਵੰਗਾਰ ਕੇ ਕਹਿ ਦਿੰਦਾ ਹੈ:

**ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥**

**ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥੬੧॥**

*ਸਲੋਕ ਕਬੀਰ ਜੀ, ਪੰਨਾ ੧੩੬੭*

ਚਾਉ ਬੈਰਾਗੀ ਤਾਂ ਆਪਣੇ ਮਾਲਕ ਪ੍ਰਭੂ ਦੇ ਚਰਨਾਂ ਵਿੱਚ ਅਰਦਾਸਾਂ ਕਰਕੇ ਮੰਗਦੇ ਹਨ।

**[1]ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ॥**

**ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਆਪਨੀ ਜੀਤ ਕਰੋਂ॥**

**ਅਰੁ ਸਿਖ ਹੌਂ ਆਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋਂ॥**

**ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਣ ਮੈ ਤਬ ਜੂਝ ਮਰੋਂ॥੨੩੧॥**

**ਚੰਡੀ ਚਰਿਤ੍ਰ**

---

1. ਹੇ ਕਲਿਆਣ ਸਰੂਪ ਪ੍ਰਮਾਤਮਾ ! ਕਿਰਪਾ ਕਰਕੇ ਮੈਨੂੰ ਇਹ ਵਰ ਦਿਉ ਕਿ ਮੈਂ ਸ਼ੁਭ ਕਰਮਾਂ ਨੂੰ ਕਰਨ ਤੋਂ ਕਦੇ ਵੀ ਪਿੱਛੇ ਨਾ ਹਟਾਂ। ਜਦੋਂ ਮੈਂ ਰਣ ਭੂਮੀ ਵਿੱਚ ਵੈਰੀਆਂ ਨਾਲ ਲੜਾਂ, ਮੈਂ ਉਨ੍ਹਾਂ ਪਾਸੋਂ ਭੋਰਾ ਵੀ ਕਾਂਪ ਨਾ ਖਾਵਾਂ ਤੇ ਨਿਸਚੇ ਹੀ ਆਪਣੀ ਜਿੱਤ ਪ੍ਰਾਪਤ ਕਰਾਂ। ਹੇ ਪ੍ਰਭੂ! ਮੈਂ ਆਪਣੇ ਮਨ ਨੂੰ ਹਮੇਸ਼ਾਂ ਇਹ ਸਿੱਖਿਆ ਦੇਵਾਂ ਤੇ ਮੇਰੇ ਮਨ ਅੰਦਰ ਇਹ ਲਾਲਚ ਬਣਿਆ ਰਹੇ ਕਿ ਮੈਂ ਤੇਰੇ ਗੁਣ ਸਦਾ ਗਾਉਂਦਾ ਰਹਾਂ। ਹੇ ਪ੍ਰਮਾਤਮਾ! ਜਦੋਂ ਮੇਰੀ ਉਮਰ ਦਾ ਅੰਤਮ ਸਮਾਂ ਆਵੇ ਤਾਂ ਮੈਂ ਘੋਰ ਯੁੱਧ ਵਿਚ ਆਪਣੇ ਸਵਾਸ ਤਿਆਗਾਂ। ਸੁਭ ਕਰਮ ਕਰਨ ਦੇ ਚਾਉ ਅਧੀਨ, ਰਣ ਭੂਮੀ ਵਿੱਚ ਜੁਝ ਮਰਨ ਨੂੰ ਤਿਆਰ ਹਨ ਕਲਗੀਧਰ ਸਤਿਗੁਰੂ ਜੀ।

ਲੁਕਾਈ, ਜੰਗਾਂ ਯੁੱਧਾਂ ਤੇ ਮੌਤ ਦਾ ਨਾਉਂ ਸੁਣ ਕੇ ਭੈ ਖਾਂਦੀ ਹੈ। ਪਰ ਕਲਗੀਧਰ ਜੀ ਦੇ ਮਨ ਵਿੱਚ **ਧਰਮ ਚਲਾਵਨ ਸੰਤ ਉਬਾਰਨ ਦੁਸਟ ਸਭਨ ਕੋ ਮੂਲ ਉਪਾਰਨ** ਦੇ ਮਿਸ਼ਨ ਦੀ ਪ੍ਰਾਪਤੀ ਲਈ ਆਪਣੀ ਜ਼ਿੰਦਗੀ ਵਾਰਨ ਦਾ ਚਾਉ ਚੜ੍ਹਦਾ ਹੈ ਤੇ ਉਹ ਆਪਣੇ ਮਾਲਕ ਪ੍ਰਮਾਤਮਾ ਅੱਗੇ ਅਰਦਾਸ ਕਰਕੇ ਮੰਗ ਕਰਦੇ ਹਨ ਕਿ ਹੇ ਦਾਤਾ ! ਮੇਰਾ ਸਬੰਧ ਕਿਸੇ ਡਰਪੋਕ ਫਿਰਕੇ ਨਾਲ ਨਹੀਂ। ਮੈਂ ਛੱਤ੍ਰੀ ਦਾ ਪੁੱਤਰ ਹਾਂ ! ਜਿਸ ਦਾ ਕੰਮ ਗਊ ਗਰੀਬ ਤੇ ਦੇਸ਼ ਦੀ ਰੱਖਿਆ ਕਰਨਾ ਹੈ। ਮੈਂ ਕਿਸੇ ਬ੍ਰਾਹਮਣ ਦਾ ਪੁੱਤਰ ਨਹੀਂ। ਮੈਨੂੰ ਤਪ ਵੀ ਨਹੀਂ ਕਰਨਾ ਆਉਂਦਾ ਜੋ ਮੈਂ ਕਰ ਲਵਾਂ। ਹੇ ਦਾਤਾਰ ! ਮੈਂ ਤੈਨੂੰ ਛੱਡ ਕੇ ਘਰ ਦੇ ਜੰਜਾਲ ਵਿੱਚ ਵੀ ਚਿੱਤ ਨਹੀਂ ਜੋੜ ਸਕਦਾ। ਹੇ ਦਾਤਾ ! ਮੈਂ ਤੇਰੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਕਰਕੇ ਇੱਕ ਮੰਗ ਮੰਗਦਾ ਹਾਂ ! ਕਿਰਪਾ ਕਰਕੇ ਪ੍ਰਸੰਨ ਹੋ ਕੇ ਮੇਰੀ ਮੰਗ ਪੂਰੀ ਕਰੋ। ਹੇ ਦਾਤਾ ! ਮੇਰੀ ਮੰਗ ਹੈ ਜਦੋਂ ਮੇਰਾ ਅੰਤ ਸਮਾਂ ਆ ਜਾਵੇ ਉਸ ਸਮੇਂ ਮੈਂ ਬੜੇ ਚਾਉ ਨਾਲ ਭਾਰੇ ਸੰਗਰਾਮ ਵਿੱਚ ਯੁੱਧ ਕਰਦਾ ਹੋਇਆ ਸ਼ਹੀਦ ਹੋਵਾਂ।

**ਛਤ੍ਰੀ ਕੋ ਪੂਤ ਹੌ ਬਾਮਨ ਕੋ ਨਾਹਿ, ਕੈ ਤਪੁ ਆਵਤ ਹੌ ਜੁ ਕਰੋ।।**
**ਅਰੁ ਅਉਰ ਜੰਜਾਰ ਜਿਤੋ ਗ੍ਰਹ ਕੋ, ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ।।**
**ਅਬ ਰੀਝ ਕੈ ਦੇਹੁ ਵਹੈ ਹਮ ਕਉ, ਜੋਉ ਹਉ ਬਿਨਤੀ ਕਰ ਜੋਰ ਕਰੋ।।**
**ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈ ਤਬ ਜੂਝ ਮਰੋ।।੫੧੩।।**

ਕ੍ਰਿਸ਼ਨਾ ਅਵਤਾਰ (ਦਸਮ ਗ੍ਰੰਥ)

ਪ੍ਰਭੂ ਮਿਲਾਪ ਦੇ ਚਾਉ ਵਾਲਾ ਤਾਂ ਰਾਜ-ਭਾਗ ਤੇ ਮੁਕਤੀ ਨੂੰ ਵੀ ਠੁਕਰਾ ਕੇ, ਮਿਲਾਪ ਦੀ ਪ੍ਰੀਤ ਦਾ ਭੌਰਾ ਬਣ, ਪ੍ਰਭੂ ਚਰਨਾਂ ਦੀ ਪ੍ਰੀਤ ਹੀ ਪਿਆਰੇ ਪਾਸੋਂ ਮੰਗਦਾ ਹੈ ਤੇ ਪੁਕਾਰਦਾ ਹੈ ਦਾਤਾ—

[1]**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।।**
**ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ।।੧।।**

*ਦੇਵਗੰਧਾਰੀ, ੫, ਪੰਨਾ ੫੩੪*

ਚਾਉ-ਬੈਰਾਗੀ ਹੀ ਬੰਦ-ਬੰਦ ਕੱਟਵਾ ਸਕਦਾ ਹੈ, ਖੋਪਰੀ ਉਤਰਵਾ ਸਕਦਾ ਹੈ। ਚਾਉ ਬੈਰਾਗੀ ਹੀ ਚਰਖੜੀਆਂ ਤੇ ਚੜ੍ਹ ਸਕਦਾ ਹੈ। ਚਾਉ ਬੈਰਾਗੀ ਹੀ ਗੁਰੂ ਦਰਸ਼ਨਾਂ ਦੇ ਚਾਉ ਅਧੀਨ, ਜਿਉਂਦੇ ਜੀਅ ਜੰਡਾਂ ਨਾਲ ਬੰਨ ਕੇ ਸੜ ਸਕਦੇ ਹਨ। ਪਰ ਗੁਰੂ ਦਰਸ਼ਨਾਂ ਤੋਂ ਮੁੱਖ ਨਹੀਂ ਮੋੜਦੇ। ਇੰਝ ਕਹਿ ਲਈਏ ਤਾਂ ਕੋਈ ਅੱਤ

1. ਹੇ ਦਾਤਾਰ ਮੈਨੂੰ ਨਾ ਰਾਜ-ਭਾਗ ਚਾਹੀਦਾ ਹੈ, ਨਾ ਹੀ ਮੈਨੂੰ ਮੁਕਤੀ ਦੀ ਕੋਈ ਇੱਛਾ ਹੈ ਅਤੇ ਨਾ ਹੀ ਮੈਨੂੰ ਬ੍ਰਹਮ ਪੁਰੀ, ਸ਼ਿਵ ਪੁਰੀ, ਇੰਦਰ ਪੁਰੀ ਦੀ ਲਾਲਸਾ ਹੈ। ਨਾ ਹੀ ਮੈਨੂੰ ਰਿਧੀਆਂ ਸਿੱਧੀਆਂ ਦੀ ਲੋਚਾ ਹੈ। ਜੇ ਲੋਚਾ ਹੈ ਤਾਂ ਉਹ ਤੁਹਾਡੇ ਚਰਨਾਂ ਦੀ ਪ੍ਰੀਤ ਤੇ ਦਰਸ਼ਨਾਂ ਦੀ ਹੀ ਹੈ।



ਕਥਨੀ ਨਹੀਂ ਹੋਵੇਗੀ ਕਿ ਚਾਉ ਅਧੀਨ ਸਭ ਕੁਝ ਤਿਆਗਿਆ ਜਾ ਸਕਦਾ ਹੈ, ਪਰ ਸਭ ਕੁਝ ਅਧੀਨ, ਚਾਉ ਨਹੀਂ ਤਿਆਗਿਆ ਜਾਂਦਾ।

ਸੰਸਾਰਿਕ ਤਲ ਉੱਪਰ ਵੀ ਆਪਾਂ ਵੇਖਦੇ ਹਾਂ, ਮਿਲਾਪ ਦੇ ਚਾਉ ਅਧੀਨ, ਆਸ਼ਕਾਂ ਨੇ ਲੋਕਾਂ ਦੇ ਬੋਲ ਕਬੋਲ ਸਹੇ। ਰਾਤਾਂ ਝਾਗੀਆਂ ਤੇ ਦਰਿਆ ਵਿੱਚ ਕੱਚਿਆਂ ਘੜਿਆਂ ਨਾਲ ਤਰ ਕੇ ਮੌਤ ਦੇ ਖਤਰੇ ਨੂੰ ਪਰਵਾਨ ਕੀਤਾ, ਪਰ ਮਿਲਾਪ ਦਾ ਚਾਉ ਨਹੀਂ ਤਿਆਗਿਆ। ਅਜਿਹੇ ਦੁਨਿਆਵੀ ਤਲ ਦੇ ਪਿਆਰ ਬੈਰਾਗੀਆਂ ਦਾ ਜਿਕਰ, ਭਾਈ ਗੁਰਦਾਸ ਜੀ ਨੇ ਸਤਾਈਵੀਂ ਵਾਰ ਦੀ ਪਹਿਲੀ ਪੌੜੀ ਅੰਦਰ ਕਰਕੇ, ਸਿੱਖਾਂ ਨੂੰ ਪ੍ਰੇਰਨਾ ਦਿੱਤੀ ਹੈ ਕਿ ਜੇ ਇਨ੍ਹਾਂ ਦੁਨਿਆਵੀ ਹੱਡ ਚੰਮ ਦੇ ਪ੍ਰੇਮੀਆਂ ਨੇ ਸੰਸਾਰ ਦੇ ਬੋਲ-ਕਬੋਲ ਸਹਾਰ, ਖਤਰੇ ਮੁੱਲ ਲੈ ਕੇ ਮਿਲਾਪ ਚਾਉ ਵਿੱਚ ਫ਼ਰਕ ਨਹੀਂ ਪੈਣ ਦਿੱਤਾ। ਹੇ ਗੁਰ ਸਿੱਖ! ਤੇਰੀ ਤਾਂ ਪ੍ਰੀਤ ਹੀ ਗੁਰੂ ਦੇ ਨਾਲ ਬਹੁਤ ਸ੍ਰੇਸ਼ਠ ਹੈ। ਤੂੰ ਵੀ ਅੰਮ੍ਰਿਤ ਵੇਲੇ ਉੱਠ ਕੇ ਮਾਲਕ ਨੂੰ ਮਿਲਣ ਵਾਸਤੇ ਪੁਕਾਰ ਤੇ ਉਸ ਨੂੰ ਚੇਤੇ ਕਰ। ਭਾਈ ਸਾਹਿਬ ਦਾ ਫੁਰਮਾਨ ਹੈ—

**ਲੇਲੈ ਮਜਨੂੰ ਆਸ਼ਕੀ ਚਹੁੰ ਚਕੀ ਜਾਤੀ।।**
**ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।।**
**ਸਸੀ ਪੁੰਨੂੰ ਦੋਸਤੀ ਹੋਇ ਜਾਤਿ ਅਜਾਤੀ।।**
**ਮੇਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ।।**
**ਰਾਂਝਾ ਹੀਰ ਵਖਾਣੀਐ ਉਹੁ ਪਿਰਮ ਪਰਾਤੀ।।**
**ਪੀਰ ਮੁਰੀਦਾ ਪਿਰਹੜੀ ਗਾਵਨੁ ਪਰਭਾਤੀ।।੧।।** ਵਾਰ ੨੭, ਪਉੜੀ੧

ਲਾਵਾਂ ਉਪਰੰਤ ਵੀ ਅਕਸਰ ਅਸੀਂ ਸਾਰੇ ਵੇਖਦੇ ਹਾਂ। ਜਿਸ ਵੇਲੇ ਬੱਚੀ ਆਪਣੇ ਪਤੀ ਨਾਲ ਆਪਣੇ ਸਹੁਰੇ ਘਰ ਨੂੰ ਜਾਣ ਲਈ ਤਿਆਰ ਹੁੰਦੀ ਹੈ, ਘਰ ਵਿੱਚ ਉਸ ਬੱਚੀ ਦੀਆਂ ਸਖੀਆਂ-ਸਹੇਲੀਆਂ, ਭੈਣਾਂ-ਭਰਾ, ਮਾਤਾ-ਪਿਤਾ ਹੋਰ ਨਜ਼ਦੀਕੀ ਰਿਸ਼ਤੇਦਾਰ, ਉਸ ਬੱਚੀ ਦੇ ਗਲ ਲੱਗ-ਲੱਗ ਕੇ ਬੜਾ ਬੈਰਾਗ ਕਰਦੇ ਹਨ। ਬੱਚੀ ਵੀ ਉਨ੍ਹਾਂ ਦੇ ਪਿਆਰ ਵਿਛੋੜੇ ਕਾਰਨ ਰੋਂਦੀ ਹੈ। ਕਾਫੀ ਸਮਾਂ ਇਹ ਖੇਡ ਵਰਤਦੀ ਹੈ। ਬੱਚੀ ਇੱਕ ਪਾਸੇ ਸਖੀ-ਸਹੇਲੀਆਂ, ਭੈਣ-ਭਰਾ, ਮਾਂ-ਬਾਪ ਨਾਲੋਂ ਵਿਛੜਨ ਦਾ ਬੈਰਾਗ ਕਰਦੀ ਹੈ ਪਰ ਅਸਲੀ ਉਸ ਦੇ ਮਨ ਅੰਦਰ ਆਪਣੇ ਪਤੀ ਨਾਲ ਜਾਣ ਦਾ ਚਾਉ ਹੁੰਦਾ ਹੈ ਕਿ ਮੈਂ ਕਿਹੜੀ ਘੜੀ ਇਸ ਬੈਰਾਗ ਤੋਂ ਛੁੱਟ ਕੇ ਆਪਣੇ ਪਤੀ ਨਾਲ ਜਾਵਾਂ ਤੇ ਪਤੀ-ਮਿਲਾਪ ਦਾ ਆਨੰਦ ਮਾਣਾਂ। ਅਖੀਰ ਚਾਉ, ਵੈਰਾਗ ਉੱਪਰ

ਭਾਰੀ ਹੋ ਜਾਂਦਾ ਹੈ। ਬੱਚੀ ਆਪਣੇ ਭੈਣ-ਭਰਾ, ਮਾਤਾ-ਪਿਤਾ, ਸਹੇਲੀਆਂ ਨੂੰ ਤਿਆਗ, ਆਪਣੀਆਂ ਅੱਖਾਂ ਪੂੰਝਦੀ, ਪਤੀ ਦੇ ਨਾਲ ਤੁਰ ਜਾਂਦੀ ਹੈ ਤੇ ਉਸ ਦਾ ਵਿਛੋੜਾ-ਵੈਰਾਗ, ਖੁਸ਼ੀ ਵਿੱਚ ਬਦਲ ਜਾਂਦਾ ਹੈ।

ਕਦੀ ਇਹ ਨਹੀਂ ਵੇਖਿਆ ਕਿ ਜਿਸ ਬੱਚੀ ਨੇ ਅਨੰਦ ਕਾਰਜ ਕਰਵਾਇਆ ਹੋਵੇ ਉਹ ਸਹੁਰੇ ਘਰ ਜਾਣ ਵੇਲੇ ਮਾਤਾ-ਪਿਤਾ, ਭੈਣ-ਭਰਾ, ਰਿਸ਼ਤੇਦਾਰ ਤੇ ਸਖੀ-ਸਹੇਲੀਆਂ ਦੇ ਵੈਰਾਗ ਤੇ ਮੋਹ ਵਿੱਚ ਫਸ ਕੇ, ਪਤੀ ਨਾਲ ਜਾਣ ਤੋਂ ਨਾਂਹ ਕਰ ਦੇਵੇ। ਐਸਾ ਕਦੇ ਨਹੀਂ ਹੋਇਆ। ਕਦੇ ਚਾਉ ਉੱਪਰ ਬੈਰਾਗ ਭਾਰੂ ਨਹੀਂ ਹੋਇਆ। ਹਮੇਸ਼ਾ ਬੈਰਾਗ ਉੱਪਰ ਚਾਉ ਹੀ ਹਾਵੀ ਹੁੰਦਾ ਹੈ।

ਇਸੇ ਤਰ੍ਹਾਂ ਗੁਰੂ ਦੇ ਪਿਆਰੇ ਵੀ ਸੰਸਾਰ ਵੱਲੋਂ ਰਾਗ ਦ੍ਵੈਖ ਨਾਲੋਂ ਨਾਤਾ ਤੋੜ ਕੇ ਗੁਰੂ ਚਰਨਾਂ ਵਿੱਚ ਪੁਕਾਰਦੇ ਹਨ –

**[1]ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥**
**ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥**
**ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥**
**ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥**
**ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥**
**ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥੧॥**

*ਸੂਹੀ ਮ: ੧, ਪੰਨਾ ੭੬੪*

---

1. ਹੇ ਮੇਰੇ ਪਿਆਰੇ ਮਿੱਤਰ ਪ੍ਰਮਾਤਮਾ ਜੀ! ਤੁਸੀਂ ਮੇਰੇ ਹਿਰਦੇ ਅੰਦਰ ਪ੍ਰਗਟ ਹੋਵੋ, ਤਾਂ ਜੋ ਮੈਂ ਆਪ ਦੇ ਦਰਸ਼ਨ ਕਰ ਸਕਾਂ। ਮੈਂ ਆਪਣੇ ਹਿਰਦੇ ਘਰ ਵਿੱਚ ਤੁਹਾਨੂੰ ਤੱਕਣ ਵਾਸਤੇ ਉਡੀਕ ਕਰਦੀ ਹਾਂ। ਮੇਰੇ ਮਨ ਵਿੱਚ ਤੁਹਾਡੇ ਦਰਸ਼ਨ ਕਰਨ ਦਾ ਬਹੁਤ ਜ਼ਿਆਦਾ ਚਾਉ ਹੈ। ਜਿੱਥੇ ਮੇਰੇ ਮਨ ਅੰਦਰ ਤੁਹਾਡੇ ਦਰਸ਼ਨਾਂ ਲਈ ਅਤੀ ਤਾਂਘ ਹੈ, ਉੱਥੇ ਮੇਰੇ ਪਿਆਰੇ ਸਾਈਆਂ ! ਮੈਨੂੰ ਤੇਰਾ ਹੀ ਭਰੋਸਾ ਤੇ ਆਸਰਾ ਹੈ। ਹੇ ਮਾਲਕ! ਜਿਸ ਜੀਵ-ਆਤਮਾ ਨੂੰ ਤੁਹਾਡੇ ਦਰਸ਼ਨ ਪ੍ਰਾਪਤ ਹੋ ਗਏ ਉਹ ਮਾਇਆ ਦੇ ਮੋਹ ਤੋਂ ਨਿਰਲੇਪ ਹੋ ਗਈ ਤੇ ਉਸ ਦਾ ਜੰਮਣ-ਮਰਣ ਦਾ ਦੁੱਖ ਸਦਾ ਵਾਸਤੇ ਖ਼ਤਮ ਹੋ ਗਿਆ। ਹੇ ਵਾਹਿਗੁਰੂ! ਸਾਰਿਆਂ ਜੀਵਾਂ ਅੰਦਰ ਤੇਰੀ ਜੋਤ ਹੈ। ਉਸ ਜੋਤ ਵਿੱਚੋਂ ਹੀ ਤੁਸੀਂ ਪ੍ਰਗਟ ਹੁੰਦੇ ਹੋ। ਜਿਨ੍ਹਾਂ ਦੇ ਹਿਰਦੇ ਅੰਦਰ ''**ਗੁਰ ਸਾਖੀ ਜੋਤਿ ਪਰਗਟੁ ਹੋਇ**'' ਦੀ ਰਹਿਮਤ ਹੋ ਗਈ, ਉਹ ਹਿਰਦੇ ਆਪਣੇ ਮਾਲਕ ਤੋਂ ਬਲਿਹਾਰ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਹਿਰਦੇ ਰੂਪੀ ਘਰ ਵਿੱਚੋਂ ਹੀ ਸੱਜਣ-ਪ੍ਰਭੂ ਦਾ ਮਿਲਾਪ ਹੋ ਗਿਆ।



**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥**
**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥**

**ਅੱਖਰੀ ਅਰਥ :** ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਤੀਸਰੀ ਲਾਵ ਦਾ ਇਹ ਹੀ ਉਪਦੇਸ਼ ਹੈ ਜਿਨ੍ਹਾਂ ਨੇ ਸੰਸਾਰ ਦੇ ਰਾਗ[1] ਤੋਂ ਬੈਰਾਗ ਧਾਰਨ ਕਰ ਲਿਆ। ਉਨ੍ਹਾਂ ਦੇ ਮਨ ਵਿੱਚ ਆਪਣੇ ਪ੍ਰਮਾਤਮਾ ਨੂੰ ਮਿਲਣ ਦਾ ਚਾਉ (ਉਮਾਹ) ਪੈਦਾ ਹੋ ਗਿਆ। ਉਸ ਚਾਹ (ਉਮਾਹ) ਨੂੰ ਪੂਰਾ ਕਰਨ ਵਾਸਤੇ ਉਨ੍ਹਾਂ ਨੇ ਸੰਤ ਜਨਾਂ (ਗੁਰਮੁਖਾਂ) ਦੀ ਸੰਗਤ ਕੀਤੀ। ਸਤਿਸੰਗਤ ਕਰਨ ਤੇ ਨਾਮ ਜਪਣ ਦੀ ਬਰਕਤ ਨਾਲ ਉਨ੍ਹਾਂ ਵਡਭਾਗੀਆਂ ਨੂੰ ਪ੍ਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਗਿਆ।

## ਸੰਤ ਜਨਾ ਹਰਿ ਮੇਲੁ

**ਸੰਖੇਪ ਵਿਚਾਰ :** ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਸਾਰੀ ਉਮਰ ਰਾਗ-ਬਿਰਤੀ ਵਿੱਚ ਹੀ ਫਸਿਆ, ਇਸ ਸੰਸਾਰ ਤੋਂ ਤੁਰ ਜਾਂਦਾ ਹੈ ਪਰ ਜਿਨ੍ਹਾਂ ਨੂੰ ਸੰਸਾਰ ਵਿੱਚੋਂ ਮਨ ਦੀ ਸੰਤੁਸ਼ਟਤਾ ਪ੍ਰਾਪਤ ਨਹੀਂ ਹੁੰਦੀ, ਉਨ੍ਹਾਂ ਦੇ ਹਿਰਦੇ ਵਿੱਚ ਸੰਸਾਰ ਵੱਲੋਂ ਬੈਰਾਗ ਉਤਪੰਨ ਹੋ ਜਾਂਦਾ ਹੈ। ਗੁਰੂ ਮਿਹਰ ਨਾਲ ਜਿਹੜੇ ਗੁਰੂ ਮਿਲਾਪ ਦੀ ਖਿੱਚ ਅਧੀਨ ਚਾਉ ਬੈਰਾਗੀ ਬਣ ਜਾਂਦੇ ਹਨ, ਉਹ ਆਪਣੇ ਚਾਉ-ਉਮਾਹ ਨੂੰ ਪੂਰਾ ਕਰਨ ਵਾਸਤੇ ਪੁਕਾਰਦੇ ਹਨ, ਹੇ ਮੇਰੇ ਮਾਲਕ!

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥੩॥**

*ਮਾਝ ਮ: ੪, ਪੰਨਾ ੯੪*

ਇਸੇ ਚਾਉ ਬੈਰਾਗੀ ਬਿਰਤੀ ਅਧੀਨ ਉਹ ਟੋਲ-ਭਾਲ ਕਰਦੇ, ਪੁੱਗੀਆਂ ਹੋਈਆਂ ਆਤਮਾਵਾਂ ਪਾਸ ਪੁਕਾਰਦੇ ਹਨ –

**ਮੇਰੈ ਅੰਤਰਿ ਲੋਚਾ ਮਿਲਣ ਕੀ ਕਿਉ ਪਾਵਾ ਪ੍ਰਭ ਤੋਹਿ॥**
**ਕੋਈ ਐਸਾ ਸਜਣੁ ਲੋੜਿ ਲਹੁ ਜੋ ਮੇਲੇ ਪ੍ਰੀਤਮੁ ਮੋਹਿ॥** *ਮ: ੫, ਪੰਨਾ ੯੫੭*

ਚਾਉ-ਬੈਰਾਗੀ ਜਗਿਆਸੂ, ਪ੍ਰਭੂ ਪਿਆਰਿਆਂ ਪਾਸ ਬੇਨਤੀ ਕਰਦਾ ਤੇ ਆਪਣੇ ਮਨ ਦਾ ਬਿਰਹਾ ਪ੍ਰਗਟ ਕਰਦਾ ਹੈ। ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਜੈਤਸਰੀ ਵਾਰ ਅੰਦਰ ਫੁਰਮਾਨ ਕੀਤਾ ਹੈ :

**ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥**
**ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ[2] ਖੋਜੰਤੀਆ॥**

---

1. ਸੰਸਾਰ ਦੀ ਪਕੜ, ਪ੍ਰੀਤ 2. ਖੋਜਦਾ ਹਾਂ, ਟੋਲ ਭਾਲ ਕਰਦਾ ਹਾਂ

**[1]ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ[2] ਭੋਰੀ ਦਰਸਨੁ ਦੀਜੈ॥**
**ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ[3] ਤਿਲੁ ਭੀ ਨਾ ਧੀਰੀਜੈ॥**
**ਪ੍ਰਭ ਸਿਉ ਮਨੁ ਲੀਨਾ ਜਿਉ ਜਲ[4] ਮੀਨਾ ਚਾਤ੍ਰਿਕ[5] ਜਿਵੈ ਤਿਸੰਤੀਆ॥**
**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥੧॥**

*ਛੰਤ ਮ: ੫, ਪੰਨਾ ੭੦੩*

ਚਾਉ-ਬੈਰਾਗੀ ਤਾਂ ਪੁਕਾਰ-ਪੁਕਾਰ ਕੇ ਬੇਨਤੀ ਕਰਦਾ ਹੈ :

**ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ[6] ਵੇਚਾਈ॥੧॥**
**ਦਰਸਨੁ ਹਰਿ ਦੇਖਣ ਕੈ ਤਾਈ॥**
**ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥੧॥ ਰਹਾਉ॥**

*ਸੂਹੀ ਮ: ੪, ਪੰਨਾ ੭੫੭*

ਚਾਉ ਬੈਰਾਗੀ ਬਿਰਤੀ ਅਧੀਨ, ਟੋਲ-ਭਾਲ ਕਰਦਿਆਂ, ਖੋਜਦਿਆਂ-ਖੋਜਦਿਆਂ ਕੰਨਾਂ ਵਿੱਚ ਸੋਅ (ਖਬਰ) ਪਈ ਕਿ ਸਤਿਸੰਗਤ ਕੀਤੇ ਤੋਂ ਬਿਨਾਂ, ਅੱਜ ਤੱਕ ਨਾ ਕਿਸੇ ਨੂੰ ਪ੍ਰਭੂ ਮਿਲਾਪ ਹੋਇਆ ਅਤੇ ਨਾ ਹੀ ਜੀਵ ਆਤਮਾ ਦਾ ਨਿਸਤਾਰਾ ਹੀ ਹੋਇਆ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਅਟੱਲ ਫੈਸਲਾ ਹੈ :

**ਖੋਜਤ ਖੋਜਤ ਸੁਨੀ ਇਹ ਸੋਇ॥ ਸਾਧਸੰਗਤਿ ਬਿਨੁ ਤਰਿਓ ਨ ਕੋਇ॥**

*ਮ: ੫, ਪੰਨਾ ੩੭੩*

ਉੱਧਰੋਂ ਭਗਤ ਰਵਿਦਾਸ ਜੀ ਦਾ ਫੁਰਮਾਨ, ਜੋ ਉਨ੍ਹਾਂ ਸਵਾਲ ਕਰਕੇ ਆਪ ਹੀ ਉੱਤਰ ਪ੍ਰਦਾਨ ਕੀਤਾ ਹੈ, ਕੰਨਾਂ ਵਿੱਚ ਪਿਆ। ਉਹ ਫੁਰਮਾਨ ਕੀ ਹੈ ? ਮੈਂ ਆਪਣੇ ਪ੍ਰਾਣਾਂ ਤੋਂ ਪਿਆਰੇ ਪ੍ਰਮਾਤਮਾ ਨੂੰ ਮਿਲਣਾ ਚਾਹੁੰਦਾ ਹਾਂ। ਉਸ ਦੇ ਮਿਲਾਪ ਲਈ ਮੈਂ ਕਿਹੜੀ ਭਗਤੀ ਕਰਾਂ ? ਆਪ ਹੀ ਉੱਤਰ ਦਿੱਤਾ ਕਿ ਸਤਿਸੰਗਤ ਕਰਨੀ ਹੀ ਪ੍ਰਭੂ ਮਿਲਾਪ ਲਈ ਸਭ ਤੋਂ ਵੱਡੀ ਭਗਤੀ ਹੈ। ਜਿਸ-ਜਿਸ ਨੇ ਵੀ ਸਤਿਸੰਗਤ ਕੀਤੀ ਉਸ ਨੂੰ ਪ੍ਰਮਾਤਮਾ ਦਾ ਵਸਲ ਪ੍ਰਾਪਤ ਹੋ ਗਿਆ। ਆਪ ਦਾ ਮਲਾਰ ਰਾਗ ਅੰਦਰ ਬਚਨ ਹੈ।

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥**
**ਸਾਧਸੰਗਤਿ ਪਾਈ ਪਰਮ ਗਤੇ।ਰਹਾਉ॥** *ਪੰਨਾ ੧੩੯੩*

1. ਉਸ ਸਜਣ ਪਿਆਰੇ ਦਾ ਥਹੁ ਪਤਾ ਦੱਸ 2. ਥੋੜ੍ਹਾ ਜਿੰਨਾ 3. ਇੱਕ ਤਿੱਲ ਜਿੰਨਾ ਸਮਾਂ ਵੀ ਧੀਰਜ ਨਹੀਂ ਕਰਦਾ 4. ਜਿਵੇਂ ਪਾਣੀ ਤੋਂ ਬਿਨਾਂ ਮੱਛੀ 5. ਸਵਾਂਤੀ ਬੂੰਦ ਤੋਂ ਬਿਨਾਂ ਪਪੀਹਾ 6. ਆਪਣੇ ਆਪ ਨੂੰ ਵੇਚ ਦੇਵਾਂ।



ਚਾਉ ਬੈਰਾਗੀ ਨੂੰ ਰਸਤਾ ਮਿਲ ਗਿਆ ਕਿ ਜਿਸ-ਜਿਸ ਨੇ ਵੀ ਸਤਿਸੰਗਤ ਕੀਤੀ, ਪ੍ਰਮਾਤਮਾ ਨੇ ਉਸ ਦਾ ਨਿਸਤਾਰਾ ਕਰ ਦਿੱਤਾ ਅਤੇ ਉਸ ਦੀ ਆਤਮਾ ਵਿੱਚ ਚਾਉ ਉਤਪੰਨ ਕਰਕੇ ਆਪਣਾ ਮਿਲਾਪ ਪ੍ਰਦਾਨ ਕਰ ਦਿੱਤਾ। ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਬਚਨ ਅੰਕਤ ਹੈ—

**ਜਿਨਿ ਜਿਨਿ ਸਾਧਸੰਗੁ ਪਾਇਆ॥ ਸੋ ਪ੍ਰਭਿ ਆਪਿ ਤਰਾਇਆ॥**

*ਸੋਰਠਿ ਮ: ੫, ਪੰਨਾ ੬੨੨*

ਜਦੋਂ ਚਾਉ-ਬੈਰਾਗੀ ਦੇ ਕੰਨਾਂ ਵਿੱਚ ਸਤਿਗੁਰੂ ਰਾਮਦਾਸ ਜੀ ਦੇ ਪਾਵਨ ਬਚਨ ਪਏ ਤੇ ਉਨ੍ਹਾਂ ਵੀ ਆਖਿਆ ਭਾਈ! ਸਤਿਸੰਗਤ ਦਾ ਪਰਉਪਕਾਰ ਬਹੁਤ ਵੱਡਾ ਹੈ। ਜਿਸ ਨੂੰ ਦਰਸਾਇਆ ਨਹੀਂ ਜਾ ਸਕਦਾ। ਇੱਥੋਂ ਹੀ ਅੰਦਾਜ਼ਾ ਲਾ ਲਵੋ, ਜੇ ਇੱਕ ਵੇਸਵਾ ਥੋੜ੍ਹਾ ਸਮਾਂ ਸਾਧੂ ਦੀ ਸੰਗਤ ਕਰਨ ਨਾਲ ਤਰ ਸਕਦੀ ਹੈ ਤਾਂ ਤੂੰ ਕਿਉਂ ਨਿਰਾਸ਼ ਹੁੰਦਾ ਹੈ ? ਤੂੰ ਵੀ ਤਕੜਾ ਹੋ ਕੇ ਸਤਿਸੰਗਤ ਕਰ, ਤੇਰਾ ਵੀ ਨਿਸਤਾਰਾ ਹੋ ਜਾਵੇਗਾ। ਉਹ ਬਚਨ ਕੀ ਸਨ ?

**ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥**

*ਨਟ ਮ: ੪, ਪੰਨਾ ੯੮੧*

ਚਾਉ ਬੈਰਾਗੀ ਨੇ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਚੋਂ ਸਤਿਸੰਗਤ ਦੀ ਮਹਾਨਤਾ ਸੁਣੀ ਕਿ ਸਤਿ ਸੰਗਤ ਕਰਨ ਦੀ ਬਰਕਤ ਨਾਲ ਕੀੜੀ (ਨਿਮ੍ਰਤਾ) ਹਾਥੀ ਵਰਗੇ (ਅਹੰਕਾਰ) ਤੇ ਵਿਜੈ ਪ੍ਰਾਪਤ ਕਰ ਲੈਂਦੀ ਹੈ। ਭਗਤੀ ਤੇ ਪ੍ਰਸੰਨ ਹੋ ਕੇ ਜਿਸ ਮਨੁੱਖ ਨੂੰ ਪ੍ਰਭੂ ਜੀ ਨੇ ਆਪਣਾ ਬਣਾ ਲਿਆ, ਉਸ ਨੂੰ ਪ੍ਰਮਾਤਮਾ ਨੇ ਨਿਰਭੈਤਾ ਦੀ ਦਾਤ ਬਖਸ਼ਸ਼ ਕਰ ਦਿੱਤੀ। ਹੇ ਭਾਈ ! ਸਤਿ-ਸੰਗਤ ਦੀ ਬਰਕਤ ਨਾਲ ਸ਼ੇਰ (ਹੰਕਾਰ) ਬਿੱਲੀ (ਨਿੰਮ੍ਰਤਾ ਵਾਲਾ) ਬਣ ਗਿਆ। ਤੀਲਾ (ਗਰੀਬੀ ਸੁਭਾਅ) ਸੁਮੇਰ ਪਰਬਤ ਪ੍ਰਤੀਤ ਹੋਣ ਲੱਗ ਪਿਆ। ਗੁਰੂ ਸੰਗਤ ਦੀ ਬਰਕਤ ਨਾਲ ਉਹ ਮਨੁੱਖ, ਜਿਸ ਦਾ ਸੁਭਾਅ ਕੌਡੀ-ਕੌਡੀ ਮੰਗਣ ਵਾਲਾ ਸੀ (ਭਾਵ ਮੰਗਤਾ ਸੁਭਾਅ) ਮਾਇਆ ਵਲੋਂ ਸੰਤੋਖ ਧਾਰ ਕੇ, ਬੇ-ਪ੍ਰਵਾਹੀ ਵਾਲਾ ਬਣ ਗਿਆ। ਹੇ ਵੀਰ! ਸਤਿਸੰਗਤ ਵਿੱਚੋਂ ਮਿਲਦੇ ਹਰਿ ਨਾਮ ਦੀ, ਮੈਂ ਕਿਹੜੀ-ਕਿਹੜੀ ਵਡਿਆਈ ਦੱਸਾਂ? ਪ੍ਰਮਾਤਮਾ ਦਾ ਨਾਮ ਬੇਅੰਤ ਬਖਸ਼ੀਸ਼ਾਂ ਦਾ ਦਾਤਾ ਹੈ। ਇਸ ਲਈ ਹੇ ਪ੍ਰਭੂ! ਕਿਰਪਾ ਕਰਕੇ ਮੈਨੂੰ ਆਪਣੇ ਨਾਮ ਦੀ ਅਤੇ ਸੰਗਤ ਦੀ ਦਾਤ ਬਖਸ਼ਿਸ਼ ਕਰੋ। ਮੈਂ ਆਪ ਦੇ ਦਰ ਦਾ ਗੋਲਾ ਹਾਂ—

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥**
**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥**
**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥**

**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥ਰਹਾਉ॥**
**ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥**
**ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥੨॥**
**ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥**
**ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥੩॥**
**ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ॥**
**ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥੪॥੭॥੩੭॥**

*ਬਿਲਾਵਲੁ ਮਹਲਾ : ੫, ਪੰਨਾ ੮੦੯*

ਸਤਿਸੰਗਤ ਦੀ ਮਹਿਮਾ ਸੁਣ ਕੇ ਚਾਉ-ਬੈਰਾਗੀ ਜਗਿਆਸੂ ਸਤਿਸੰਗਤ ਵਿੱਚ ਆ ਗਿਆ। ਸਤਿਸੰਗਤ ਕਰਦਿਆਂ ਦ੍ਰਿੜ੍ਹਤਾ ਵਿੱਚ ਵਾਧਾ ਕਰਨ ਲਈ, ਗੁਰੂ ਅਰਜਨ ਦੇਵ ਜੀ ਦੇ ਜਗਿਆਸੂ ਨੂੰ ਦਿੱਤੇ ਗੁੰਟੀ ਵਾਲੇ ਬਚਨ ਕੰਨਾਂ ਵਿੱਚ ਪਏ ਕਿ ਹੇ ਜਗਿਆਸੂ! ਸਤਿਸੰਗਤ ਵਿੱਚ ਪ੍ਰਮਾਤਮਾ ਦੀ ਪੂਰਨ ਹੋਂਦ ਹੁੰਦੀ ਹੈ। ਇਸ ਲਈ ਜੇ ਤੂੰ ਵੱਡੇ ਭਾਗਾਂ ਨਾਲ ਸਤਿਸੰਗਤ ਵਿੱਚ ਆ ਗਿਆ ਹੈਂ, ਤਾਂ ਮਨ ਵਿੱਚ ਸ਼ੰਕਾ ਤੇ ਭਉ ਨਾ ਕਰੀਂ ਕਿ ਪਤਾ ਨਹੀਂ, ਮੇਰਾ ਨਿਸਤਾਰਾ ਹੋਣਾ ਹੈ ਕਿ ਨਹੀਂ ? ਨਿਹਚਾ ਕਰ, ਜੋ ਸਤਿਸੰਗਤ ਵਿੱਚ ਆ ਗਿਆ, ਉਸ ਨੇ ਅਵੱਸ਼ ਇਸ ਸੰਸਾਰ ਚੋਂ ਤਰ ਹੀ ਜਾਣਾ ਹੈ। ਆਪ ਦੇ ਬਚਨ ਹਨ :

**ਪ੍ਰਭ ਆਏ ਸਰਣਾ ਭਉ ਨਹੀ ਕਰਣਾ॥ ਸਾਧਸੰਗਤਿ ਨਿਹਚਉ ਹੈ ਤਰਣਾ॥**

*ਮ: ੫, ਪੰਨਾ ੧੦੭੧*

ਸਤਿਸੰਗਤ ਵਿੱਚ ਆਉਣ ਨਾਲ ਪਾਪਾਂ ਵੱਲ ਪ੍ਰੇਰਤ ਕਰਨ ਵਾਲੀ ਖੋਟੀ ਮੱਤ ਦੂਰ ਹੋ ਗਈ। ਮਨ ਪਵਿੱਤਰ ਹੋ ਗਿਆ ਤੇ ਪ੍ਰਭੂ ਦੇ ਨਾਮ ਦਾ ਨਿਵਾਸ ਹਿਰਦੇ ਵਿੱਚ ਹੋ ਗਿਆ। ਕਿਵੇਂ ? ਜਦੋਂ ਜਗਿਆਸੂ ਨੇ **'ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ'** ਦੀ ਕਾਰ ਕੀਤੀ ਤਾਂ ਸਤਿਗੁਰੂ ਜੀ ਨੇ **'ਹਰਿ ਕੈ ਨਾਮਿ ਨਿਵਾਸੁ'** ਦੀਆਂ ਦਾਤਾਂ ਪ੍ਰਦਾਨ ਕਰ ਦਿੱਤੀਆਂ। ਜਿਸ ਹਿਰਦੇ ਅੰਦਰ ਪ੍ਰਮਾਤਮਾ ਦਾ ਨਾਂ ਟਿੱਕ ਜਾਂਦਾ ਹੈ, ਉਸ ਜਗਿਆਸੂ ਦਾ ਦਸੋ-ਦਿਸ਼ਾ ਵਿੱਚ ਭਟਕਦਾ ਮਨ, ਗੁਰੂ ਮਿਹਰ ਨਾਲ **''ਮਨੁ ਚਲਤੌ ਭਇਆ [1]ਅਰੂੜਾ''** ਦੀ ਦਾਤ ਪ੍ਰਾਪਤ ਕਰ ਲੈਂਦਾ ਹੈ। ਜਿਸ ਵੇਲੇ ਮਨ ਥਿੱਰ ਹੋ ਗਿਆ, ਮਨ ਦੀ ਭਟਕਣਾ, ਮਨ ਦੇ ਫੁਰਨੇ ਰੁਕ ਗਏ ਤਾਂ [2]ਦੂੰਦਰ ਬੱਝਦੇ ਸਾਰ ਹੀ ਭਗਤ ਕਬੀਰ ਜੀ ਦਾ ਫੁਰਮਾਨ ਸਾਕਾਰ ਹੋ ਗਿਆ :

**ਹੈ ਹਜੂਰਿ ਕਤ ਦੂਰਿ ਬਤਾਵਹੁ॥**

---

1. ਥਿਰ ਹੋ ਜਾਂਦਾ 2. ਮਨ ਚੋਂ ਫੁਰਨਿਆਂ ਦਾ ਰੌਲਾ



**[1]ਦੂੰਦਰ ਬਾਧਹੁ ਸੁੰਦਰ ਪਾਵਹੁ॥੧॥ ਰਹਾਉ॥**

*ਭੈਰਉ ਕਬੀਰ ਜੀ ਪੰਨਾ ੧੧੬੦*

ਸੁੰਦਰ (ਪ੍ਰਭੂ) ਪਾਉਣ ਲਈ ਹੀ ਮਨੁੱਖਾ ਜੀਵਨ ਪ੍ਰਾਪਤ ਹੋਇਆ ਸੀ। ਚਾਉ-ਬੈਰਾਗੀ ਨੇ ਆਪਣੇ ਜੀਵਨ ਦੇ ਮੰਤਵ ਨੂੰ ਪੂਰਾ ਕਰ ਲਿਆ।

ਸੰਸਾਰ ਅੰਦਰ ਵੀ ਇਸਤ੍ਰੀ ਦੇ ਜੀਵਨ ਦਾ ਮੰਤਵ ਪਤੀ ਪ੍ਰਾਪਤੀ ਸੀ ਤਾਂ ਜੋ **'ਏਕ ਜੋਤਿ ਦੁਇ ਮੂਰਤੀ'** ਬਣ ਕੇ ਅਸੀਂ ਸੰਸਾਰ ਅੰਦਰ ਸੁਖੀ ਸੁਹੇਲਾ ਜੀਵਨ ਬਤੀਤ ਕਰ ਸਕੀਏ। ਸੋ ਕਾਰਜ ਹੋ ਗਿਆ।

**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥**
**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥**

**ਅੱਖਰੀ-ਅਰਥ :** ਜਗਿਆਸੂ ਨੇ ਪ੍ਰਮਾਤਮਾ ਨੂੰ ਕਿਵੇਂ ਪ੍ਰਾਪਤ ਕੀਤਾ ? ਸਤਿਸੰਗਤ ਵਿੱਚ ਜਾ ਕੇ ਪ੍ਰਮਾਤਮਾ ਦੇ ਗੁਣ ਗਾਏ ਤੇ ਰਸਨਾ ਨਾਲ ਪਰਮੇਸ਼ਰੀ ਬਾਣੀ ਦਾ ਉਚਾਰਣ ਕੀਤਾ। ਪ੍ਰਮਾਤਮਾ ਜੋ ਅਕੱਥ ਹੈ, ਉਸ ਦੇ ਅਕੱਥ ਗੁਣਾਂ ਦੀਆਂ ਵਡਿਆਈਆਂ, ਜਗਿਆਸੂ ਨੇ ਸੰਤ ਜਨਾਂ ਨਾਲ ਮਿਲ ਕੇ ਕੀਤੀਆਂ ਅਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਸਾਏ ਰਸਤੇ **''ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ''** ਦੇ ਮਾਰਗ ਨੂੰ ਆਪਣੇ ਜੀਵਨ ਅੰਦਰ ਧਾਰਨ ਕੀਤਾ।

## ਸੰਤ ਜਨਾ ਵਡਭਾਗੀ ਪਾਇਆ

**ਸੰਖੇਪ ਵਿਚਾਰ :** ਸਾਡੇ ਜੀਵਨ ਦਾ ਨਿਸ਼ਾਨਾ ਹੈ–

**ਮਿਲੁ ਜਗਦੀਸ ਮਿਲਨ ਕੀ ਬਰੀਆ॥**
**ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ॥** *ਮ: ੫, ਪੰਨਾ ੧੭੬*

ਜੀਵ ਆਤਮਾ ਦੇ ਪ੍ਰਭੂ ਮਿਲਾਪ ਲਈ, ਗੁਰਮੁਖ ਦੀ ਸੰਗਤ ਅਤੀ ਲੋੜੀਂਦੀ ਹੈ। ਗੁਰਮੁਖ ਦੀ ਸੰਗਤ ਗੁਰੂ ਨਾਲ ਜੋੜਦੀ ਹੈ। ਗੁਰੂ, ਜੀਵ-ਆਤਮਾ ਨੂੰ ਪਰਮਾਤਮਾ ਨਾਲ ਜੋੜਦਾ ਹੈ। ਸਤਿਗੁਰੂ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥**
**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥** *ਮ: ੫, ਪੰਨਾ ੯੫੭*

ਜਿੱਥੇ ਸਤਿਗੁਰੂ ਜੀ ਨੇ ਜਗਿਆਸੂ ਨੂੰ ਸਤਿਸੰਗਤ ਕਰਨ ਲਈ ਬਾਰੰਬਾਰ

---

1. ਮਨ ਚੋਂ ਫੁਰਨਿਆਂ ਦਾ ਰੌਲਾ

ਪ੍ਰੇਰਨਾ ਦਿੱਤੀ ਹੈ ਉੱਥੇ ਗੁਰਦੇਵ ਜੀ ਨੇ ਭੈੜੀ ਸੰਗਤ, ਜਿਸ ਨੂੰ ਕੁਸੰਗਤ ਕਿਹਾ ਜਾਂਦਾ ਹੈ, ਤੋਂ ਵੀ ਹਮੇਸ਼ਾ ਬੱਚ ਕੇ ਰਹਿਣ ਲਈ ਤਾਕੀਦ ਦਿੱਤੀ ਹੈ। ਕਿਉਂਕਿ ਸਤਿਸੰਗਤ ਦਾ ਅਸਰ ਸਹਿਜੇ ਸਹਿਜੇ ਹੁੰਦਾ ਹੈ ਪਰ ਕੁਸੰਗਤ ਦਾ ਅਸਰ ਇੱਕਦਮ ਹੁੰਦਾ ਹੈ। ਜਿਵੇਂ ਕਿਸੇ ਨੇ ਪਹਾੜ ਦੀ ਟੀਸੀ ਤੇ ਜਾਣਾ ਹੋਵੇ। ਟੀਸੀ ਤੇ ਚੜ੍ਹਨ ਲਈ ਜੋਰ ਵੀ ਤੇ ਸਮਾਂ ਵੀ ਜਿਆਦਾ ਲੱਗਦਾ ਹੈ। ਜੇ ਕਿਸੇ ਨੇ ਟੀਸੀ ਤੋਂ ਹੇਠਾਂ ਡਿੱਗਣਾ ਹੋਵੇ ਤਾਂ ਟੀਸੀ ਤੋਂ ਡਿੱਗਣ ਲੱਗਿਆਂ, ਘੰਟੇ ਜਾਂ ਦਿਨ ਨਹੀਂ ਲੱਗਦੇ, ਸਕਿੰਟਾਂ ਵਿੱਚ ਮਨੁੱਖ ਖੱਡ ਵਿੱਚ ਡਿੱਗ ਜਾਂਦਾ ਹੈ। ਸੰਸਾਰ ਵਿੱਚ ਵਿਚਰਦਿਆਂ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਸਤਿਸੰਗਤ ਕਿਤੇ ਵਿਰਲੀ ਮਿਲੇਗੀ ਪਰ ਕੁਸੰਗਤ ਤੁਹਾਨੂੰ ਥਾਂ-ਪੁਰ-ਥਾਂ ਮਿਲੇਗੀ। ਸਤਿਗੁਰੂ ਅਰਜਨ ਦੇਵ ਜੀ ਦਾ ਦੇਵਗੰਧਾਰੀ ਰਾਗ ਅੰਦਰ ਬਚਨ ਦਰਜ ਹੈ। ਹੇ ਮੇਰੇ ਮਨ! ਸਾਕਤ ਪੁਰਸ਼ ਦੀ ਸੰਗਤ ਵਿੱਚ ਨਾ ਜਾਵੀਂ। ਉਸ ਨਾਲੋਂ ਪ੍ਰੀਤੀ ਤੋੜ ਲੈ, ਕਿਉਂਕਿ ਸਾਕਤ ਪੁਰਸ਼ ਝੂਠ ਪਸਾਰੇ ਵਿੱਚ ਗਲਤਾਨ ਹੈ। ਸਾਕਤ ਦੀ ਪ੍ਰੀਤ ਵੀ ਝੂਠੀ ਤੇ ਮਤਲਬੀ ਹੈ। ਹੇ ਮਨ! ਜੇ ਤੂੰ ਸਾਕਤ ਪੁਰਸ਼ਾਂ ਦੀ ਸੰਗਤ ਕਰੇਗਾ, ਤਦ ਉਸ ਦੇ ਬੁਰੇ ਵਿਚਾਰਾਂ ਤੋਂ ਤੂੰ ਬਚ ਨਹੀਂ ਸਕੇਗਾ। ਜਿਵੇਂ ਕੋਈ ਕਮਰਾ ਕਾਲਖ ਨਾਲ ਭਰਿਆ ਹੋਵੇ, ਜਿਹੜਾ ਮਨੁੱਖ ਉਸ ਕਾਲਖ ਵਾਲੇ ਕਮਰੇ ਅੰਦਰ ਪ੍ਰਵੇਸ਼ ਕਰੇਗਾ ਉਹ ਅਵੱਸ਼ ਕਾਲਖ ਨਾਲ ਭਰ ਜਾਵੇਗਾ। ਇਵੇਂ ਮਾੜੇ ਸੰਸਕਾਰਾਂ ਵਾਲੀ ਸੰਗਤ ਵਿੱਚ ਬੈਠਣ ਨਾਲ, ਮਨੁੱਖ ਮਾੜੇ ਸੰਸਕਾਰਾਂ ਦਾ ਧਾਰਨੀ ਬਣ, ਮੰਦੇ ਕਰਮਾਂ ਵਿੱਚ ਪਰਵਿਰਤ ਹੋ ਆਪਣਾ ਅਮੋਲਕ ਮਨੁੱਖਾ ਜੀਵਨ ਬਰਬਾਦ ਕਰ ਲੈਂਦਾ ਹੈ। ਸਾਹਿਬਾਂ ਦਾ ਬਚਨ ਹੈ :

**ਉਲਟੀ ਰੇ ਮਨ ਉਲਟੀ ਰੇ।। ਸਾਕਤ ਸਿਉ ਕਰਿ ਉਲਟੀ ਰੇ।।**
**ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ।।੧ ।।**
**ਰਹਾਉ।। ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ।।**

*ਮ: ੫, ਪੰਨਾ ੫੩੫*

ਇਸੇ ਭਾਵ ਨੂੰ ਮੂਰਤੀਮਾਨ ਕਰਦਾ ਬਾਬਾ ਕਬੀਰ ਜੀ ਦਾ ਗੁਰਬਾਣੀ ਅੰਦਰ ਫੁਰਮਾਨ ਹੈ :

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ।।**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।। ੧੩੧ ।।**

*ਕਬੀਰ ਜੀ, ਪੰਨਾ ੧੩੭੧*

ਪ੍ਰਭੂ ਪ੍ਰਾਪਤੀ ਲਈ, ਜਿੱਥੇ ਸਤਿਸੰਗਤ ਕਰਨੀ ਲਾਜ਼ਮੀ ਹੈ ਉੱਥੇ ਕੁਸੰਗਤ ਤੋਂ ਬਚਣਾ, ਉਸ ਤੋਂ ਵੀ ਜ਼ਰੂਰੀ ਹੈ।



# ਹਰਿ ਗੁਣ ਗਾਇਆ

ਹਰੀ-ਪ੍ਰਮਾਤਮਾ ਦੇ ਗੁਣ ਗਾਉਣ ਅਤੇ ਹਰੀ-ਪ੍ਰਮਾਤਮਾ ਦਾ ਨਾਂ ਜਪਣ ਨਾਲ ਮਨ ਪਵਿੱਤਰ ਹੁੰਦਾ ਹੈ। ਜਨਮਾਂ-ਜਨਮਾਂ ਦੀ ਆਤਮਾ ਉੱਪਰ ਲੱਗੀ ਹੋਈ ਮਲੀਨਤਾਈ ਖ਼ਤਮ ਹੋ ਜਾਂਦੀ ਹੈ ਤੇ ਜੀਵ-ਆਤਮਾ ਪ੍ਰਮਾਤਮਾ ਵਿੱਚ ਲੀਨ ਹੋ ਜਾਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਹੈ–

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ।।**
**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ।।** *ਸੁਖਮਨੀ ਮ: ੫, ਪੰਨਾ ੨੬੩*

ਅਤੇ : **ਭਰੀਐ ਮਤਿ ਪਾਪਾ ਕੈ ਸੰਗਿ।। ਓਹੁ ਧੋਪੈ ਨਾਵੈ ਕੈ ਰੰਗਿ।।**

*ਜਪੁਜੀ, ਪੰਨਾ ੪*

ਭਗਤ ਕਬੀਰ ਜੀ ਦਾ ਮਨ ਨੂੰ ਨਿਰਮਲ ਕਰਨ ਦਾ, ਨਿੱਜੀ ਤਜਰਬਾ ਜੋ ਉਨ੍ਹਾਂ ਗੁਰਬਾਣੀ ਅੰਦਰ ਅੰਕਤ ਕੀਤਾ ਹੈ ਉਹ ਪੜ੍ਹਨ-ਯੋਗ ਹੈ। ਆਪ ਜੀ ਫੁਰਮਾਨ ਕਰਦੇ ਹਨ ਕਿ ਮੇਰੇ ਮਨ ਵਿੱਚ ਪ੍ਰਮਾਤਮਾ ਦੇ ਮਿਲਾਪ ਲਈ ਲੋਚਾ ਸੀ ਪਰ ਮੇਰੇ ਮਨ ਉੱਪਰ ਜਨਮਾਂ-ਜਨਮਾਂਤਰਾਂ ਦੇ ਸੰਸਕਾਰਾਂ ਦੀ ਧੂੜ, ਮੈਲ ਦੇ ਰੂਪ ਵਿੱਚ ਲੱਗੀ ਹੋਈ ਸੀ। ਮੇਰੇ ਗੁਰਦੇਵ ਨੇ, ਮੈਨੂੰ ਰਸਤਾ ਦਰਸਾ ਦਿੱਤਾ ਤੇ ਕਿਹਾ '**'ਉਠ ਰਾਮ ਕੇ ਰਾਮ ਕਹੁ'**' ਬਸ ਉਸ ਦਿਨ ਤੋਂ ਮੈਂ ਪ੍ਰਮਾਤਮਾ ਦਾ ਨਾਮ ਜਪਣਾ ਅਰੰਭ ਕੀਤਾ ਤੇ ਨਾਮ ਜਪ ਵੱਲੋਂ ਗਾਫਲ ਹੋ, ਸੌਂ ਕੇ, ਭਉ-ਚਉ ਕੇ ਸਮਾਂ ਬਤੀਤ ਨਹੀਂ ਕੀਤਾ ਤੇ ਭਾਵਨੀ ਇਹ ਰੱਖੀ ਕਿ ਨਾਮ ਜਪਦਿਆਂ-ਜਪਦਿਆਂ ਪ੍ਰਮਾਤਮਾ ਮੇਰੀ ਕਦੇ ਤਾਂ ਪੁਕਾਰ ਜ਼ਰੂਰ ਸੁਣੇਗਾ। ਆਪ ਜੀ ਦਾ ਸਲੋਕਾਂ ਦੀ ਬਾਣੀ ਅੰਦਰ ਫੁਰਮਾਨ ਹੈ:-

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ।।**
**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ।।੧੨੩।।**

*ਸਲੋਕ ਕਬੀਰ ਜੀ, ਪੰਨਾ ੧੩੭੬*

ਆਪ ਦੱਸਦੇ ਹਨ ਕਿ ਮਨ ਨੂੰ ਪਵਿੱਤਰ ਕਰਨ ਦੀ ਭਾਵਨਾ ਨਾਲ ਮੈਂ ਨਾਮ ਜਪਣਾ ਅਰੰਭ ਕੀਤਾ। ਨਾਮ ਜਪ ਨੇ ਮੇਰੀ ਆਤਮਾ ਗੰਗਾ ਦੇ ਜਲ ਵਾਂਗ ਪਵਿੱਤਰ ਕਰ ਦਿੱਤੀ। ਹੁਣ ਮੈਨੂੰ ਪ੍ਰਮਾਤਮਾ ਨੂੰ ਯਾਦ ਨਹੀਂ ਕਰਨਾ ਪੈਂਦਾ ਹੁਣ ਮੈਨੂੰ ਮਹਿਸੂਸ ਹੁੰਦਾ ਕਿ ਪ੍ਰਮਾਤਮਾ ਮੈਨੂੰ ਅਵਾਜ਼ਾਂ ਮਾਰਦਾ ਹੈ। ਆਪਦਾ ਬੜਾ ਪਿਆਰਾ ਬਚਨ ਹੈ :

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ ੪੪ ॥**

*ਸਲੋਕ ਕਬੀਰ ਜੀ, ਪੰਨਾ ੧੩੬੭*

ਮਨ ਦੀ ਪਵਿੱਤਰਤਾ ਉਪਰੰਤ ਹੁਣ ਮੈਂ ਰੱਬ ਦੇ ਸਿੰਘਾਸਣ ਤੇ ਚੜ੍ਹ ਗਿਆ। ਮੈਨੂੰ ਪ੍ਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਗਿਆ। ਮੈਂ ਕਬੀਰ, ਪ੍ਰਮਾਤਮਾ ਵਿੱਚ ਇਸ ਤਰ੍ਹਾਂ ਅਭੇਦ ਹੋ ਗਿਆ, ਜਿਸ ਤਰ੍ਹਾਂ ਇੱਕ ਪਾਣੀ ਦੂਸਰੇ ਪਾਣੀ ਵਿੱਚ ਪਾ ਦਿੱਤਾ ਜਾਵੇ। ਦੋਵਾਂ ਦੀ ਪਛਾਣ ਖ਼ਤਮ ਹੋ ਜਾਂਦੀ ਹੈ ਕਿ ਪਹਿਲਾ ਪਾਣੀ ਕਿਹੜਾ ਸੀ ਤੇ ਹੁਣ ਵਾਲਾ ਕਿਹੜਾ ਹੈ :-

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥**

*ਕਬੀਰ ਜੀ, ਪੰਨਾ ੯੬੯*

ਅਤੇ :-

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥**

*ਕਬੀਰ ਜੀ, ਪੰਨਾ ੬੯੨*

## ਮੁਖਿ ਬੋਲੀ ਹਰਿ ਬਾਣੀ

ਨਾਮ ਦੀ ਤਰ੍ਹਾਂ, ਪਰਮੇਸ਼ਰੀ ਬਾਣੀ, ਜਿਸ ਨੂੰ ਸਤਿਗੁਰਾਂ ''ਖਸਮ ਕੀ ਬਾਣੀ'' ਕਹਿ ਕੇ ਸਨਮਾਨਿਆ ਤੇ ਗੁਰੂ ਅਰਜਨ ਦੇਵ ਜੀ ਨੇ ''ਧੁਰ ਕੀ ਬਾਣੀ'' ਦਰਸਾ ਕੇ ਮਾਣ ਸਤਿਕਾਰ ਦਿੱਤਾ ਹੈ। ਗੁਰਬਾਣੀ ਪ੍ਰਤੀ ਸਤਿਗੁਰਾਂ ਦਾ ਫੁਰਮਾਨ ਹੈ :

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

*ਮ: ੧, ਪੰਨਾ ੭੨੨*

ਅਤੇ – **ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥**

*ਸੋਰਠਿ ਮ: ੫, ਪੰਨਾ ੬੨੮*

ਗੁਰਬਾਣੀ ਹੀ ਸਤਿ ਸਰੂਪ ਪ੍ਰਮਾਤਮਾ ਦਾ ਰੂਪ ਹੈ। ਸਤਿਗੁਰੂ ਰਾਮਦਾਸ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**

*ਮ:੪, ਪੰਨਾ ੩੦੪*

ਗੁਰਬਾਣੀ ਹੀ ਗੁਰੂ ਰੂਪ ਹੈ। ਸਾਰੀ ਗੁਰੂ ਦੀ ਬਾਣੀ ਅੰਦਰ ਨਾਮ ਰੂਪ ਅੰਮ੍ਰਿਤ ਭਰਪੂਰ ਹੈ। ਜਿਹੜਾ ਗੁਰਸਿੱਖ ਜੋ ਗੁਰਬਾਣੀ ਕਹਿੰਦੀ ਹੈ, ਉਹ ਕਰਮ ਕਰਦਾ ਹੈ।



ਜੋ ਗੁਰਬਾਣੀ, ਕੁਕਰਮ ਛੱਡਣ ਲਈ ਪ੍ਰੇਰਨਾ ਦਿੰਦੀ ਹੈ, ਉਨ੍ਹਾਂ ਮੰਦ ਕਰਮਾਂ ਦਾ ਤਿਆਗੀ ਬਣ ਜਾਂਦਾ ਹੈ, ਫਿਰ ਗੁਰਬਾਣੀ ਅਨੁਸਾਰ ਚੱਲਣ ਦੀ ਬਰਕਤ ਨਾਲ ਗੁਰਸਿੱਖ ਦਾ ਪਾਰ ਉਤਾਰਾ ਵੀ ਹੋ ਜਾਂਦਾ ਹੈ ਤੇ ਗੁਰਬਾਣੀ ਵਿੱਚੋਂ ਪ੍ਰਤੱਖ ਗੁਰੂ ਦੀ ਹੋਂਦ ਵੀ ਪ੍ਰਗਟ ਹੋ ਜਾਂਦੀ ਹੈ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥**

*ਨਟ ਮ:੪ ਪੰਨਾ ੯੮੨*

ਗੁਰਬਾਣੀ ਪੜ੍ਹਨ, ਸੁਣਨ, ਵਿਚਾਰਨ ਤੇ ਕਮਾਉਣ ਨਾਲ ਜਗਿਆਸੂ ਦਾ ਨਿੱਜ ਘਰ ਦੇ ਅੰਦਰ ਨਿਵਾਸ ਹੋ ਜਾਂਦਾ ਹੈ। ਐਸੀ ਹੈ ਗੁਰਬਾਣੀ ਦੀ ਸ਼ਕਤੀ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ:

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥** *ਮ:੧, ਪੰਨਾ ੯੩੫*

ਭਗਤ ਕਬੀਰ ਜੀ ਦੇ ਫੁਰਮਾਨ ਅਨੁਸਾਰ, ਇਸ ਪ੍ਰਮੇਸ਼ਰੀ ਬਾਣੀ ਨੂੰ ਕੋਈ ਵੀ ਪ੍ਰੇਮ ਨਾਲ ਪੜ੍ਹੇ, ਕੋਈ ਪਿਆਰ ਵਿੱਚ ਭਿੱਜ ਕੇ ਕੀਰਤਨ ਕਰੇ, ਕੋਈ ਪੜ੍ਹੀ ਜਾ ਰਹੀ ਬਾਣੀ ਜਾਂ ਕੀਰਤਨ ਨੂੰ ਇੱਕਾਗਰ ਚਿਤ ਹੋ ਕੇ ਸ੍ਰਵਣ ਕਰੇ। ਇਸ ਵਿੱਚ ਭੋਰਾ ਜਿੰਨਾ ਵੀ ਸ਼ੱਕ ਨਹੀਂ, ਪੜ੍ਹਨ ਵਾਲੇ, ਗਾਉਣ ਵਾਲੇ, ਸੁਣਨ ਵਾਲੇ ਸਾਰਿਆਂ ਦਾ, ਗੁਰਬਾਣੀ ਪਾਰ ਉਤਾਰਾ ਕਰਕੇ ਪਰਮਗਤੀ ਦੀ ਦਾਤ ਪ੍ਰਦਾਨ ਕਰ ਦਿੰਦੀ ਹੈ। ਬਾਬਾ ਜੀ ਦਾ ਫੁਰਮਾਨ ਹੈ :

**ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥**
**ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥**

*ਗਉੜੀ ਕਬੀਰ ਜੀ, ਪੰਨਾ ੩੩੫*

ਸਤਿਗੁਰੂ ਰਾਮ ਦਾਸ ਜੀ ਦਾ ਕਾਨੜਾ ਰਾਗ ਅੰਦਰ ਫੁਰਮਾਨ ਹੈ। ਗੁਰਬਾਣੀ ਨੂੰ ਪਿਆਰ ਵਿੱਚ ਭਿੱਜ ਕੇ ਸੁਣਨ ਨਾਲ ਮਨ ਪ੍ਰਮਾਤਮਾ ਦੇ ਪਿਆਰ ਵਿੱਚ ਦ੍ਰਵ ਜਾਂਦਾ ਹੈ। ਅਜਿਹੇ ਪਿਆਰ ਵਿੱਚ ਦ੍ਰਵੇ ਮਨ ਨੂੰ ਨਿੱਜ ਘਰ ਦੇ ਵਿੱਚ ਪ੍ਰਮਾਤਮਾ ਨਿਵਾਸ ਪ੍ਰਦਾਨ ਕਰਵਾ ਦਿੰਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥**

*ਕਾਨੜਾ ਮ: ੪, ਪੰਨਾ ੧੩੦੮*

ਜਦੋਂ ਗੁਰਬਾਣੀ, ਪੜ੍ਹ ਸੁਣ ਕੇ ਮਨ ਨਿੱਜ ਘਰ ਵਿੱਚ ਨਿਵਾਸ ਕਰ ਗਿਆ। ਬਸ, ਪ੍ਰਭੂ ਮਿਲਾਪ ਦੀ ਪ੍ਰਾਪਤੀ ਹੋ ਗਈ। ਆਵਾਗਾਉਣ ਦਾ ਚੱਕਰ ਵੀ, ਨਿੱਜ ਘਰ

ਵਿੱਚ ਨਿਵਾਸ ਦੀ ਬਦੌਲਤ ਖ਼ਤਮ ਹੋ ਜਾਂਦਾ ਹੈ।

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥**

*ਗਉੜੀ ਪੂਰਬੀ ਮ: ੪, ਪੰਨਾ ੧੩*

ਸੋ ਆਪਾਂ ਨੂੰ ਵੀ ਆਵਾਗਉਣ ਦੇ ਚੱਕਰਾਂ ਤੋਂ ਛੁਟਕਾਰੇ ਤੇ ਨਿੱਜ ਘਰ ਵਿੱਚ ਨਿਵਾਸ ਪਾਉਣ ਤੇ ਪ੍ਰਭੂ ਮਿਲਾਪ ਦੀ ਪ੍ਰਾਪਤੀ ਵਾਸਤੇ ਹਮੇਸ਼ਾ ਸਤਿਸੰਗਤ ਕਰਨੀ, ਤੇ ਕੁਸੰਗਤ ਤੋਂ ਬੱਚਣਾ ਚਾਹੀਦਾ ਹੈ ਅਤੇ ''**ਆਇਓ ਸੁਨਨ ਪੜਨ ਕਉ ਬਾਣੀ**'' ਦੀ ਕਾਰ ਕਰਦਿਆਂ ਹਰ ਸਮੇਂ ਗੁਰਬਾਣੀ, ਪੜ੍ਹਨ ਤੇ ਸੁਣਨ ਵੱਲ ਵਧੇਰੇ ਧਿਆਨ ਦੇਣ ਉਪਰੰਤ–

**ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥**

*ਆਸਾ ਮ: ੫, ਪੰਨਾ ੩੮੬*

ਦੇ ਮਾਰਗ ਉੱਪਰ ਚੱਲ ਕੇ ''**ਜਾ ਕਉ ਆਏ ਸੋਈ ਬਿਹਾਝਹੁ** ਦੇ ਜੀਵਨ ਦੇ ਮੰਤਵ ਦੀ ਪ੍ਰਾਪਤੀ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ॥**

**ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥੩॥**

**ਅੱਖਰੀ ਅਰਥ** : ਸਤਿਗੁਰੂ ਰਾਮਦਾਸ ਜੀ ਨੇ ਤੀਸਰੀ ਲਾਵ ਦੀਆਂ ਆਖ਼ਰੀ ਪੰਕਤੀਆਂ ਅੰਦਰ ਫੁਰਮਾਨ ਕੀਤਾ ਹੈ ਕਿ ਬਹੁਤ ਹੀ ਉੱਤਮ ਭਾਗਾਂ ਦੀ ਬਰਕਤ ਨਾਲ ਜਗਿਆਸੂ ਦੇ ਹਿਰਦੇ ਵਿੱਚ ਬੈਰਾਗ ਪੈਦਾ ਹੁੰਦਾ ਹੈ ਤੇ ਜਗਿਆਸੂ ਪ੍ਰਭੂ ਨਾਮ ਨੂੰ ਜਪਣਾ ਅਰੰਭ ਕਰਦਾ ਹੈ। ਨਾਮ ਜਪਦਿਆਂ ਜਪਦਿਆਂ ਜਗਿਆਸੂ ਦੇ ਹਿਰਦੇ ਅੰਦਰ ਨਾਮ ਦੀ ਲਗਾਤਾਰ ਧੁੰਨ ਪੈਦਾ ਹੋ, ਅਜਪਾ ਜਾਪ ਦਾੜ ਰੂਪ ਧਾਰ ਲੈਂਦੀ ਹੈ।

## ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ

**ਸੰਖੇਪ ਵਿਚਾਰ** : ਜਿਸ ਵਡਭਾਗੇ ਜੀਵ ਦਾ ਰਾਗ (ਸੰਸਾਰੀ ਪ੍ਰੀਤ) ਨਾਲੋਂ ਸਬੰਧ ਟੁੱਟ ਕੇ ਬੈਰਾਗ ਨਾਲ ਜੁੜ ਜਾਂਦਾ ਹੈ। ਬੈਰਾਗੀ ਅਵਸਥਾ ਅਧੀਨ ਉਹ ਜਗਿਆਸੂ ਪ੍ਰਮਾਤਮਾ ਦੇ ਨਾਮ ਦਾ ਜਪ ਅਰੰਭ ਕਰਦਾ ਹੈ। ਜਪ ਕਰਦਿਆਂ-ਕਰਦਿਆਂ ਗੁਰਮੁਖ ਦੇ ਹਿਰਦੇ ਅੰਦਰ ਇਹ ਜਪ, ਅਜਪਾ-ਜਾਪ ਦਾ ਰੂਪ ਧਾਰਨ ਕਰ ਲੈਂਦਾ ਹੈ। ਫਿਰ ਜਗਿਆਸੂ ਪ੍ਰਮਾਤਮਾ ਨੂੰ ਇੱਕ ਜੀਭ ਨਾਲ ਹੀ ਨਹੀਂ



ਧਿਆਉਂਦਾ, ਗੁਰਮੁਖ ਜਗਿਆਸੂ ਦਾ ਇੱਕ-ਇੱਕ ਰੋਮ ਜਿਹਵਾ ਦਾ ਕੰਮ ਕਰਨ ਲੱਗ ਜਾਂਦਾ ਹੈ ਤੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ–

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥**

**ਨਾਨਕ ਗੁਰਮੁਖਿ ਸਾਚਿ ਸਮਾਵੈ॥੨੭॥** *ਮ: ੧, ਪੰਨਾ ੯੪੧*

ਦਾ ਧਾਰਨੀ ਬਣ ਜਾਂਦਾ ਹੈ।

ਗੁਰਮੁਖ ਦੇ ਹਿਰਦੇ ਅੰਦਰ ਸਮਾਂ ਪਾ ਕੇ ''**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ**'' ਦੀ ਬਖਸ਼ਿਸ਼ ਗੁਰੂ ਰਹਿਮਤ ਨਾਲ ਹੋ ਜਾਂਦੀ ਹੈ। ਇਹ ਧੁਨੀ ਇੰਨੀ ਵਿਸ਼ਾਲ ਤੇ ਵਿਰਾਟ ਰੂਪ ਧਾਰਨ ਕਰ ਲੈਂਦੀ ਹੈ ਕਿ ਉਨ੍ਹਾਂ ਨੂੰ ਹਰ ਅਵਾਜ਼, ਹਰ ਆਹਟ, ਚਾਹੇ ਮਿਰਗ ਬੋਲੇ ਜਾਂ ਮਛਲੀ ਕਲੋਲ ਕਰੇ, ਜਾਂ ਪੰਛੀ ਚਹਿਚਹਾਉਣ, ਜਾਨਵਰਾਂ ਦੇ ਦਹਾੜਣ ਦੀਆਂ ਅਵਾਜ਼ਾਂ ਵਿੱਚੋਂ ਵੀ ਉਨ੍ਹਾਂ ਨੂੰ ਪ੍ਰਮਾਤਮਾ ਦੇ ਨਾਮ ਦੀ ਧੁਨੀ ਹੀ ਸੁਣਾਈ ਦਿੰਦੀ ਹੈ। ਸਾਹਿਬ ਗੁਰੂ ਰਾਮਦਾਸ ਜੀ ਅਜਿਹੇ ਗੁਰਮੁਖ ਪਿਆਰਿਆਂ ਦੀ ਅਵਸਥਾ ਬਿਆਨ ਕਰਦੇ, ਮਲਾਰ ਰਾਗ ਅੰਦਰ ਫੁਰਮਾਉਂਦੇ ਹਨ :

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥੩॥**

*ਮ: ੪, ਪੰਨਾ ੧੨੬੫*

ਅਜਿਹੀ ਅਵਸਥਾ ਦੇ ਮਾਲਕ ਨੂੰ ਤਾਂ ਹਰਟ ਦੇ ਕੁੱਤੇ ਦੀ ਅਵਾਜ਼ ਵੀ ਪ੍ਰਮਾਤਮਾ ਦਾ ਸਿਮਰਨ ਕਰਦੀ ਸੁਣਾਈ ਦਿੰਦੀ ਹੈ ਤੇ ਉਹ [1]ਹਰਟ ਦੇ [2]ਕੁੱਤੇ ਨੂੰ ਵੀ ਸੰਬੋਧਨ ਕਰਕੇ ਸਮਝਾਉਂਦਾ ਹੈ, ਕਿ ਹੇ ਹਰਟ ਦੇ ਕੁੱਤੇ! ਤੂੰ ਉੱਚੀ-ਉੱਚੀ ਪ੍ਰਮਾਤਮਾ ਦਾ ਜਾਪ ਤੂੰ-ਤੂੰ-ਤੂੰ ਦੇ ਰੂਪ ਵਿੱਚ ਕਿਉਂ ਕਰਦਾ ਹੈ ? ਪ੍ਰਮਾਤਮਾ ਕਿਤੇ ਦੂਰ ਨਹੀਂ, ਜਿਸ ਨੂੰ ਤੂੰ ਉੱਚੀ ਅਵਾਜ਼ਾਂ ਮਾਰ ਕੇ ਸੁਣਾਉਂਦਾ ਹੈਂ। ਪ੍ਰਮਾਤਮਾ ਤਾਂ ਸਦਾ ਹਰ ਥਾਂ ਹਾਜ਼ਰ ਨਾਜ਼ਰ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਸਲੋਕ ਵਾਰਾਂ ਤੇ ਵਧੀਕ ਅੰਦਰ ਫੁਰਮਾਨ ਹੈ :

**ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥**

**ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ॥੬੩॥**

*ਮ: ੧, ਪੰਨਾ ੧੪੨੦*

ਜਗਤ ਜਲੰਦੇ ਦਾ ਉਧਾਰ ਕਰਨ ਹਿੱਤ ਜਾਂਦੇ, ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸਫ਼ਰ ਦੌਰਾਨ ਜੰਗਲ ਵਿੱਚ ਪੜਾਉ ਕੀਤਾ। ਅੰਮ੍ਰਿਤ ਵੇਲਾ ਹੋਇਆ, ਬੜੀ

---

1. ਪੁਰਾਣੇ ਸਮੇਂ ਪਸ਼ੂਆਂ ਦੁਆਰਾ ਖੂਹ ਚੋਂ ਪਾਣੀ ਕਢਣ ਦੇ ਸਾਧਨ ਦਾ ਯੰਤਰ (ਹਲਟ) ੨. ਖੂਹ ਗੇੜਨ ਸਮੇਂ, ਉਸਦੀ ਚੱਕਲੀ ਦੇ ਬੁੜੀਏ ਤੇ ਵੱਜ ਕੇ ਟਿੱਕ ਟਿੱਕ ਦੀ ਅਵਾਜ਼ ਕਰਦੀ ਲੋਹੇ ਦੀ ਮੋਟੀ ਪੱਤੀ।

ਸੁੰਦਰ ਪਉਣ ਵਗ ਰਹੀ ਹੈ ਅਤੇ ਨਾਲ ਹੀ ਦਰਿਆ ਦੇ ਪਾਣੀ ਦਾ ਸੰਗੀਤ ਹੋ ਰਿਹਾ ਹੈ। ਦਰਖ਼ਤਾਂ ਦੇ ਪੱਤਿਆਂ ਵਿੱਚੋਂ ਹਵਾ ਦੀ ਛਾਂ-ਛਾਂ ਦੀ ਅਵਾਜ਼ ਮਨ ਨੂੰ ਮੋਹ ਕੇ ਸਤਿਗੁਰਾਂ ਨੂੰ '**'ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥**'' ਦਾ ਅਨੰਦ ਪ੍ਰਦਾਨ ਕਰ ਗਈ। ਮਨ ਵਿੱਚ ਉਮਾਹ ਪੈਦਾ ਹੋਇਆ। ਮਰਦਾਨਾ ਅਰਾਮ ਕਰ ਰਿਹਾ ਸੀ। ਸਤਿਗੁਰੂ, ਮਰਦਾਨੇ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਮਰਦਾਨਿਆ! ਇਹ ਆਰਾਮ ਕਰਨ ਦਾ ਸਮਾਂ ਨਹੀਂ। ਉੱਠ ਵੇਖ ਤੇ ਸੁਣ, ਆਹ ਜੰਗਲ ਕੀਰਤਨ ਕਰ ਰਿਹਾ ਹੈ। ਮਰਦਾਨਿਆਂ ! ਦਰਖ਼ਤਾਂ ਦੇ ਪੱਤੇ ਤੇ ਘਾਹ ਵੀ ਪ੍ਰਭੂ ਦੀ ਕੀਰਤੀ ਕਰਕੇ ਪ੍ਰਮਾਤਮਾ ਨੂੰ ਯਾਦ ਕਰ ਰਹੇ ਹਨ। ਆਹ ਵੇਖ! ਪਉਣ ਵੀ ਪਾਣੀ ਵੀ, ਅੱਗ ਵੀ ਉਸ ਮਾਲਕ ਦੀ ਕੀਰਤੀ ਕਰ ਰਹੇ ਹਨ। ਉੱਠ ਤੂੰ ਵੀ ਰਬਾਬ ਸੁਰ ਕਰ ਅਸੀਂ ਵੀ ਪ੍ਰਮਾਤਮਾ ਦਾ ਜਸ ਕਰੀਏ। ਮਰਦਾਨੇ ਉੱਤਰ ਦਿੱਤਾ ਪਾਤਸ਼ਾਹ ! ਅਸੀਂ ਘੋਰ ਜੰਗਲ ਵਿੱਚ ਬੈਠੇ ਹਾਂ। ਇੱਥੇ ਕੋਈ ਸਾਜ ਨਹੀਂ ਵਜ ਰਿਹਾ। ਕੋਈ ਕੀਰਤਨ ਦੀ ਅਵਾਜ਼ ਨਹੀਂ ਆ ਰਹੀ। ਸਾਹਿਬ ਗੁਰੂ ਨਾਨਕ ਦੇਵ ਜੀ ਕਹਿਣ ਲੱਗੇ ਮਰਦਾਨਿਆਂ! ਮਨ ਨੂੰ ਅੰਤਰ ਮੁਖੀ ਕਰ, ਧਿਆਨ ਨਾਲ ਇੱਕਾਗਰ ਚਿੱਤ ਹੋ ਕੇ ਸੁਣ, ਸਾਰੀ ਕਾਇਨਾਤ ਪ੍ਰਮਾਤਮਾ ਨੂੰ ਗਾ ਰਹੀ ਹੈ। ਸਤਿਗੁਰਾਂ ਫੁਰਮਾਨ ਕੀਤਾ, ਮਰਦਾਨਿਆ !

**ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ॥**

*ਮ: ੧, ਪੰਨਾ ੧੪੨੦*

**ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ॥੧॥ ਰਹਾਉ॥**

*ਮ:੧, ਪੰਨਾ ੭੩੦*

ਮਰਦਾਨਿਆ! ਧਿਆਨ ਨਾਲ ਤੂੰ ਭੀ ਸੁਣਨ ਦਾ ਯਤਨ ਕਰ। ਮੈਨੂੰ ਤਾਂ ਪਉਣ ਵੀ, ਪਾਣੀ ਵੀ, ਅੱਗ ਵੀ, ਧਰਮ ਰਾਜਾ ਵੀ, ਇੰਦ੍ਰ ਤੇ ਦੇਵਤੇ ਵੀ, ਸਾਰੀ ਕਾਇਨਾਤ ਹੀ ਉਸ ਮਾਲਕ ਨੂੰ ਗਾਉਂਦੀ ਸੁਣਾਈ ਦੇ ਰਹੀ ਹੈ। ਜਿੰਨੇ ਕੁ ਗਾਉਂਦੇ ਮੈਨੂੰ ਸੁਣਾਈ ਦੇ ਰਹੇ ਹਨ, ਮੈਂ ਉਨ੍ਹਾਂ ਦੇ ਨਾਉਂ ਤੈਨੂੰ ਦੱਸ ਦਿੰਦਾ ਹਾਂ। ਇਸ ਤੋਂ ਇਲਾਵਾ ਹੋਰ ਕਿੰਨੇ ਕੁ ਉਸ ਪ੍ਰਮਾਤਮਾ ਨੂੰ ਗਾ ਰਹੇ ਹਨ, ਉਹ ਸ਼ਾਇਦ ਮੇਰੀ ਸਿਮ੍ਰਤੀ ਵਿੱਚ ਨਾ ਆਏ ਹੋਣ। ਉਨ੍ਹਾਂ ਬਾਰੇ ਮੈਂ ਕੁਝ ਵੀ ਨਹੀਂ ਕਹਿ ਸਕਦਾ। ਜੋ ਗਾ ਰਹੇ ਮੈਨੂੰ ਪ੍ਰਤੀਤ ਹੋ ਰਹੇ ਹਨ, ਉਨ੍ਹਾਂ ਦੇ ਨਾਉਂ ਤੂੰ ਸੁਣ ਤੇ ਉਨ੍ਹਾਂ ਨੂੰ ਗਾਉਂਦਿਆਂ ਵੇਖ ਕੇ ਤੂੰ ਭੀ ਉਸ ਪ੍ਰਭੂ ਨੂੰ ਗਾਉਣ ਲਈ ਤਿਆਰ ਹੋ। ਸਾਹਿਬਾਂ, ਆਸਾ ਰਾਗ ਅੰਦਰ ਫੁਰਮਾਨ ਕੀਤਾ, ਮਰਦਾਨਿਆਂ ! ਸੁਣ ਉਸ ਮਾਲਕ ਨੂੰ ਕੌਣ-ਕੌਣ ਗਾ ਰਿਹਾ ਹੈ :

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥**



**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ॥**
**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥**
**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥**
**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ॥**
**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥**
**ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥**
**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥**
**ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥**
**ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ॥**
**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥**
**ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥**
**ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥**

*ਆਸਾ ਮ: ੧, ਪੰਨਾ ੮*

ਸਤਿਗੁਰੂ ਰਾਮਦਾਸ ਜੀ ਦਾ ਬਿਹਾਗੜਾ ਰਾਗ ਅੰਦਰ ਦਰਜ ਫੁਰਮਾਨ ਵੀ ਪੜ੍ਹਨ ਯੋਗ ਹੈ। ਆਪ ਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਦ੍ਰਿਸ਼ਟੀ ਦੀ ਪ੍ਰੋੜਤਾ ਹਿੱਤ ਫੁਰਮਾਨ ਕੀਤਾ ਹੈ। ਹੇ ਸੰਸਾਰ ਦੇ ਲੋਕੋ ! ਇਸ ਵਿੱਚ ਰੰਚਕ ਮਾਤਰ ਵੀ ਝੂਠ ਨਹੀਂ, ਪ੍ਰਮਾਤਮਾ ਨੂੰ, ਧਰਤੀ, ਆਕਾਸ਼, ਪਤਾਲ, ਪਉਣ, ਪਾਣੀ, ਅਗਨੀ, ਜੰਗਲ ਵਣ, ਬੀਆਬਾਨ, ਇੱਥੋਂ ਤੱਕ ਕਿ ਘਾਹ ਦੇ ਤੀਲੇ ਵੀ ਉਸ ਪ੍ਰਮਾਤਮਾ ਨੂੰ ਗਾ ਰਹੇ ਹਨ। ਆਪ ਦਾ ਫੁਰਮਾਨ ਹੈ :

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥**
**ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥**
**ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥**

*ਬਿਹਾਗੜਾ ਮ: ੪, ਪੰਨਾ ੫੪੦*

ਪ੍ਰਮਾਤਮਾ ਨੂੰ ਧਿਆਉਣ ਦਾ, ਗਾਉਣ ਦਾ ਚਾਉ ਵੀ ਉਸੇ ਦੇ ਹਿਰਦੇ ਵਿੱਚ ਪੈਦਾ ਹੁੰਦਾ ਹੈ, ਜਿਸ ਦੇ ਹਿਰਦੇ ਵਿੱਚ ਪ੍ਰਭੂ ਨੂੰ ਪਾਉਣ ਲਈ ਬੈਰਾਗ ਪੈਦਾ ਹੋ ਜਾਂਦਾ ਹੈ। ਅਜਿਹਾ ਚਾਉ-ਬੈਰਾਗੀ ਪ੍ਰਮਾਤਮਾ ਨੂੰ ਪਾਉਣ ਲਈ ਵੀ ਗਾਉਂਦਾ ਹੈ, ਪ੍ਰਭੂ ਨੂੰ ਪਾ ਕੇ, ਉਸ ਦੇ ਮਿਲਾਪ ਰਸ ਅਧੀਨ ਸ਼ੁਕਰਾਨੇ ਤੇ ਧੰਨਵਾਦ ਅਧੀਨ ਗਾ-ਗਾ ਕੇ ਅਰਜ਼ੋਈਆਂ ਕਰਦਾ ਹੈ। ਹੇ ਪ੍ਰਮਾਤਮਾ! ਆਪ ਜੀ ਦੇ ਦਰਸ਼ਨ ਕਰਕੇ ਮੇਰੇ ਨੇਤ੍ਰ ਪਵਿੱਤਰ ਹੋ ਗਏ ਹਨ। ਕ੍ਰਿਪਾ ਕਰੋ, ਆਪ ਜੀ ਹੁਣ ਮੇਰੇ ਹਿਰਦੇ ਵਿੱਚ ਹੀ

ਹਮੇਸ਼ਾ ਨਿਵਾਸ ਕਰੀ ਰੱਖੋ ਤਾਂ ਜੋ ਮੈਂ ਹਮੇਸ਼ਾ ਤੁਹਾਡੀਆਂ ਬਖਸ਼ਿਸ਼ਾਂ ਨੂੰ ਯਾਦ ਕਰਕੇ ਤੁਹਾਡੇ ਪਿਆਰ ਵਿੱਚ ਗੜੂੰਦ ਹੋ ਕੇ ਹਮੇਸ਼ਾ ਤੁਹਾਡਾ ਜਸ ਕਰਦਾ ਰਹਾਂ। ਹੇ ਸੁੰਦਰਤਾ ਦੇ ਮਾਲਕ, ਖੁਸ਼ੀਆਂ ਖੇੜਿਆਂ ਦੇ ਸੋਮੇ, ਮਿਹਰਾਂ ਦੇ ਸਾਈਂ, ਤੁਸੀਂ ਹੀ ਇਸ ਸੰਸਾਰ ਵਿੱਚ ਤੇ ਪ੍ਰਲੋਕ ਵਿੱਚ ਰੱਖਿਆ ਕਰਨ ਵਾਲੇ ਹੋ। ਮੈਂ ਆਪਣੇ ਹਿਰਦੇ ਵਿੱਚ, ਤੁਹਾਡੇ ਪਾਰ ਉਤਾਰਾ ਕਰਨ ਤੇ ਮਹਾਨ ਖੁਸ਼ੀਆਂ ਪ੍ਰਦਾਨ ਕਰਨ ਵਾਲੇ ਬਚਨ, ਧਾਰਨ ਕਰ ਲਏ ਹਨ। ਉਹ ਕਿਵੇਂ ਗਾਉਂਦੇ ਹਨ ? ਸਤਿਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

**ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ।।**
**ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ।।੧।।**
**ਤੁਮ ਤਉ ਰਾਖਨਹਾਰ ਦਇਆਲ।।**
**ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ।।੧।। ਰਹਾਉ।।**
**ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ।।**
**ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ।।੨।।੭।।**

*ਮ: ੫, ਪੰਨਾ ੬੮੦*

ਇਹ ਸਮੁੱਚੀ ਖੇਡ "**ਚਾਉ ਬੈਰਾਗੀ**" ਦੀ ਅਵਸਥਾ ਹਿਰਦੇ ਵਿੱਚ ਧਾਰਕੇ "**ਸੰਤ ਜਨਾ**" ਦੇ ਮੇਲ ਵਿੱਚ ਬੈਠ "**ਹਰਿ ਗੁਣ ਗਾਇਆ**" ਅਤੇ "**ਮੁਖਿ ਬੋਲੀ ਹਰਿ ਬਾਣੀ**" ਦੀ ਕਾਰ ਕਰਨ ਉਪਰੰਤ "**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ**" ਦੀ ਖੇਡ ਪ੍ਰਗਟ ਹੋਣ ਤੋਂ ਬਾਅਦ ਹੀ ਮਾਣੀ ਜਾ ਸਕਦੀ ਹੈ।



# ਚੌਥੀ ਲਾਵ

## (ਮੂਲ ਤੇ ਪਦ-ਅਰਥ)

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ।।**
**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ।।**
**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ।।**
**ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ।।**
**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ।।**
**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ।।੪।। ੨।।**

**ਪਦ-ਅਰਥ :** **ਸਹਜੁ**—ਚੌਥਾ ਪਦ, ਟਿਕਾਉ, ਆਤਮਿਕ ਅਡੋਲਤਾ ਵਾਲੀ ਅਵਸਥਾ **ਸੁਭਾਇ**—ਸਹਿਜੇ, ਪ੍ਰੇਮ ਵਿੱਚ ਭਿੱਜ ਕੇ **ਅਨਦਿਨੁ**—ਦਿਨ-ਰਾਤ **ਮਨ ਚਿੰਦਿਆ**—ਮਨ ਵਾਂਛਤ **ਧਨ**—ਜੀਵ-ਇਸਤਰੀ **ਵਿਗਾਸੀ**—ਅਨੰਦ ਵਿੱਚ, ਖ਼ੁਸ਼ੀ ਵਿੱਚ ਭਰਪੂਰ ਹੋ ਗਈ **ਅਵਿਨਾਸੀ**—ਨਾਸ਼ ਤੋਂ ਰਹਿਤ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ।।**
**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ।।**

**ਅੱਖਰੀ ਅਰਥ :** ਚੌਥੀ ਲਾਵ ਵਿੱਚ ਸਤਿਗੁਰੂ ਰਾਮਦਾਸ ਜੀ ਫੁਰਮਾਨ ਕਰਦੇ ਹਨ ਕਿ ਚੌਥੇ ਪਦ ਵਿੱਚ ਜੀਵ ਆਤਮਾ ਦੇ ਪ੍ਰਵੇਸ਼ ਕਰਨ ਨਾਲ ਜੀਵ-ਆਤਮਾ ਨੂੰ ਪ੍ਰਭੂ ਦੀ ਪ੍ਰਾਪਤੀ ਹੋ ਗਈ। ਪ੍ਰਭੂ ਪ੍ਰਾਪਤੀ ਹੁੰਦੇ ਸਾਰ ਆਤਮਾ, ਸਹਿਜ ਅਵਸਥਾ ਵਿੱਚ ਟਿੱਕ ਗਈ। ਪ੍ਰਮਾਤਮਾ ਅਤੇ ਸਹਿਜ ਅਵਸਥਾ ਦੀ ਪ੍ਰਾਪਤੀ ਲਈ ਗੁਰਮੁਖ ਨੂੰ ਕੋਈ ਕਠਿਨ ਸਾਧਨ ਨਹੀਂ ਕਰਨੇ ਪਏ। ਸਹਿਜ ਸੁਭਾਅ ਸੰਸਾਰ ਵਿੱਚ ਰਹਿੰਦਿਆਂ, ਸੁਖ ਮਾਣਦਿਆਂ ਗੁਰੂ ਦਰਸਾਏ ਮਾਰਗ ਦੇ ਧਾਰਨੀ ਬਣਨ ਨਾਲ, ਪ੍ਰਮਾਤਮਾ ਮਨ ਤਨ ਕਰਕੇ ਮਿੱਠਾ ਲਗਣ ਲੱਗ ਪਿਆ। ਗੁਰੂ ਨੇ ਪ੍ਰਸੰਨ ਹੋ ਕੇ ਸਹਿਜ ਅਵਸਥਾ (ਆਤਮਿਕ ਅਡੋਲਤਾ) ਦੀ ਦਾਤ ਪ੍ਰਦਾਨ ਕਰ ਦਿੱਤੀ।

# ਮਨਿ ਸਹਿਜੁ ਭਇਆ ਹਰਿ ਪਾਇਆ
# (ਚੌਥੀ ਲਾਵ ਦਾ ਸਾਰ)

**ਸੰਖੇਪ ਵਿਚਾਰ :** ਚੌਥੀ ਲਾਵ ਵਿੱਚ, ਜਿੱਥੇ ਸਤਿਗੁਰੂ ਜੀ ਨੇ ਆਤਮਾ ਦੇ ਪ੍ਰਮਾਤਮਾ ਨਾਲ ਸੰਜੋਗ ਹੋਣ ਦੀ ਗੱਲ ਕੀਤੀ ਹੈ, ਉੱਥੇ ਸੰਸਾਰਿਕ ਤਲ ਉੱਪਰ ਵੀ ਚੌਥੀ ਲਾਵ ਸੰਪੂਰਨ ਹੋਣ ਨਾਲ ਇਸਤਰੀ ਨੂੰ ਪਤੀ ਤੇ ਪਤੀ ਨੂੰ ਇਸਤਰੀ ਪ੍ਰਾਪਤੀ ਹੁੰਦੀ ਹੈ। ਮਤਾ ਕੋਈ, ਇੱਕ ਲਾਵ ਜਾਂ ਦੋ ਜਾਂ ਤਿੰਨ ਲਾਵਾਂ ਲੈ ਕੇ ਕੋਈ ਪਤੀ ਕਹਿ ਦੇਵੇ ਕਿ ਇਹ ਬੱਚੀ ਮੇਰੀ ਪਤਨੀ ਬਣ ਗਈ ਹੈ ਜਾਂ ਕੋਈ ਬੱਚੀ ਦੂਸਰੀ ਲਾਵ ਲੈ ਕੇ ਹੀ ਦਾਅਵਾ ਕਰੇ ਕਿ ਮੇਰੇ ਨਾਲ ਸਤਿਗੁਰਾਂ ਦੇ ਸਨਮੁਖ ਬੈਠਾ ਮੇਰਾ ਸਾਥੀ ਮੇਰਾ ਪਤੀ ਬਣ ਗਿਆ ਹੈ। ਦੋ ਲਾਵਾਂ ਤੋਂ ਬਾਅਦ ਹੀ ਮੇਰਾ ਪਤੀ ਨਾਲ ਮਿਲਾਪ ਹੋ ਜਾਵੇਗਾ। ਐਸਾ ਨਾ ਕਦੀ ਹੋਇਆ ਅਤੇ ਨਾ ਹੋਵੇਗਾ ਹੀ, ਜਦੋਂ ਚੌਥੀ ਲਾਵ ਸੰਪੂਰਨ ਹੋ ਕੇ ਪੜ੍ਹਿਆ ਜਾਵੇਗਾ ਕਿ **ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ** ਚੌਥੀ ਲਾਵ ਦੀ ਸੰਪੂਰਨਤਾ ਹੁੰਦੇ ਹੀ, ਆਪਣੇ ਆਪ ਬੱਚੇ-ਬੱਚੀ, ਪਤੀ-ਪਤਨੀ ਦੇ ਹੱਕ-ਹਕੂਕ ਧਾਰਨ ਕਰ ਲੈਂਦੇ ਹਨ ਤੇ ਦੋਵੇਂ ਪਰਿਵਾਰ, **ਮਨਿ ਵਜੀਆ ਵਧਾਈਆ** ਦੀ ਇੱਕ ਦੂਜੇ ਨਾਲ ਸਾਂਝ ਕਰਨ ਲੱਗ ਜਾਂਦੇ ਹਨ। ਬੱਚੀ-ਬੱਚੇ ਤੋਂ ਪਤੀ-ਪਤਨੀ ਦਾ ਰਿਸ਼ਤਾ ਬਣਨ ਲਈ ਸਤਿਗੁਰੂ ਜੀ ਦਾ ਅਰਦਾਸ ਰਾਹੀਂ ਸ਼ੁਕਰਾਨਾ ਕਰਨ ਉਪਰੰਤ ਖੁਸ਼ੀ ਹਿੱਤ ''ਗੁਰੂ ਦਾ ਪ੍ਰਸਾਦਿ'' ਵਰਤਾਇਆ ਜਾਂਦਾ ਹੈ ।

ਜੀਵ ਆਤਮਾ ਦਾ ਪ੍ਰਮਾਤਮਾ ਨਾਲ ਵੀ ਚੌਥੀ ਲਾਵ (ਚੌਥੀ ਭੂਮਿਕਾ) ਤੋਂ ਬਾਅਦ ਹੀ, ਰਿਸ਼ਤਾ ਜੁੜਦਾ ਤੇ ਮਿਲਾਪ ਹੁੰਦਾ ਹੈ। ਜਿਵੇਂ ਭਗਤ ਕਬੀਰ ਜੀ ਨੇ ਕੇਦਾਰਾ ਰਾਗ ਅੰਦਰ ਸੰਕੇਤ ਦਿੱਤਾ ਹੈ :

**[1]ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥**
**ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ਹ ਹੀ ਪਰਮ ਪਦੁ ਪਾਇਆ॥**
*ਕਬੀਰ ਜੀ, ਪੰਨਾ ੧੧੨੩*

---

1. ਹੇ ਪ੍ਰਮਾਤਮਾ ! ਸੰਸਾਰ ਵਿੱਚ ਵਿਚਰਦਿਆਂ ਮਨੁੱਖ ਦੀ ਬਿਰਤੀ ਉੱਪਰ ਕਦੇ ਲੈਣ ਬਿਰਤੀ ਭਾਰੂ ਹੋ ਜਾਂਦੀ ਹੈ ਤੇ ਕਦੇ ਕ੍ਰੋਧੀ ਬਿਰਤੀ ਵਿੱਚ ਫਸ ਕੇ ਮਨੁੱਖ ਲੜਾਈ ਝਗੜੇ ਕਰਦਾ ਹੈ। ਕਦੇ ਸਤੋਗੁਣ ਅਧੀਨ, ਸ਼ਾਂਤੀ, ਦਇਆ, ਖਿਮਾਂ ਪਰਉਪਕਾਰ ਕਰਦਾ ਹੈ। ਪਰ ਇਹ ਸਾਰਾ ਪਸਾਰਾ ਤੇਰੀ ਮਾਇਆ ਦਾ ਹੀ ਹੈ ! ਜਿਸ ਮਨੁੱਖ ਦੀ ਬਿਰਤੀ ਤਿੰਨਾਂ ਗੁਣਾਂ ਤੋਂ ਉੱਪਰ ਉੱਠ ਜਾਂਦੀ ਹੈ, ਉਸ ਨੂੰ ਹੀ ਪਰਮ-ਪਦ (ਸਹਿਜ ਅਵਸਥਾ) ਨਸੀਬ ਹੁੰਦਾ ਹੈ।



ਸਤਿਗੁਰੂ, ਗੁਰੂ ਅਮਰਦਾਸ ਜੀ ਦਾ ਸਿਰੀ ਰਾਗ ਅੰਦਰ ਫੁਰਮਾਨ ਹੈ, ਜਿੰਨਾ ਚਿਰ ਮਨੁੱਖ ਦੀ ਬਿਰਤੀ ਰਜੋ ਤਮੋ ਸਤੋ ਗੁਣਾਂ ਅਧੀਨ ਵਿਚਰਦੀ ਹੈ। ਤਿੰਨਾਂ ਗੁਣਾਂ ਵਿੱਚ ਵਿਚਰਨ ਵਾਲੀ ਆਤਮਾ ਨੂੰ ਸਹਿਜ ਅਵਸਥਾ ਤੇ ਪ੍ਰਭੂ ਮਿਲਾਪ ਪ੍ਰਾਪਤ ਨਹੀਂ ਹੋ ਸਕਦਾ। ਤਿੰਨਾਂ ਗੁਣਾਂ ਵਿੱਚ ਵਿਚਰਨ ਵਾਲਾ, ਪੜ੍ਹ ਕੇ ਸੁਣ ਕੇ ਜਿੰਨਾ ਮਰਜੀ ਗਿਆਨ ਪ੍ਰਾਪਤ ਕਰ ਲਵੇ, ਪਰ ਗਿਆਨ ਪ੍ਰਾਪਤੀ ਨਾਲ ਨਾ ਸਹਿਜ ਪਦ ਨਾ ਪ੍ਰਭੂ ਮਿਲਾਪ ਪ੍ਰਾਪਤ ਹੁੰਦਾ ਹੈ। ਤਿੰਨਾਂ ਗੁਣਾਂ ਤੋਂ ਉਲੰਘ ਕੇ ਚਉਥੇ ਪਦ ਵਿੱਚ ਸੁਰਤ ਟਿਕਣ ਨਾਲ ਪਰਮਪਦ ਤੇ ਪ੍ਰਭੂ ਮਿਲਾਪ ਸੰਭਵ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ–

**ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ॥**
**ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ॥**
**ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥੬॥** *ਮ: ੩, ਪੰਨਾ ੬੮*

ਜਿਸ ਵੇਲੇ, ਗੁਰੂ ਅਗਵਾਈ ਵਿੱਚ ਚੱਲ ਕੇ, ਨਾਮ ਜਪ ਦੁਆਰਾ ਆਤਮਾ ਆਪਣੇ ਅਸਲੀ ਰੂਪ ਵਿੱਚ ਨਿਖਰ ਜਾਂਦੀ ਹੈ ਤਾਂ ਫਿਰ ਸੁਤੇ ਹੀ, ਆਤਮਾ ਸਮਬਿਰਤੀ ਦੀ ਧਾਰਨੀ ਬਣ ਜਾਂਦੀ ਹੈ। ਫਿਰ ਨਾ ਉੱਥੇ ਦੁੱਖ ਦਾ ਅਸਰ ਨਾ ਸੁੱਖ ਦੀ ਲਾਲਸਾ। ਉੱਥੇ ਦੁਨਿਆਵੀ ਭੁੱਖ ਵੀ ਖਤਮ ਹੋ ਜਾਂਦੀ ਹੈ। ਉੱਥੇ ਤਾਂ **''ਸਾਚੈ ਨਾਮ ਕੀ ਲਾਗੈ ਭੂਖ''** ਦੀ ਅਵਸਥਾ ਬਣ ਜਾਂਦੀ ਹੈ। ਉਸ ਅਵਸਥਾ ਵਿੱਚ ਜਾ ਕੇ ਤਾਂ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਸਾਕਾਰ ਹੋਣ ਲੱਗ ਜਾਂਦਾ ਹੈ। ਜੋ ਗੁਣ ਪ੍ਰਮਾਤਮਾ ਦੇ ਹਨ, ਉਹ ਗੁਣ ਹੀ ਨਾਮੀ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਸਾਹਿਬਾਂ ਦਾ ਫੁਰਮਾਨ ਹੈ–

**ਨਾ ਓਹੁ ਮਰਤਾ ਨਾ ਹਮ ਡਰਿਆ॥ ਨਾ ਓਹੁ ਬਿਨਸੈ ਨਾ ਹਮ ਕੜਿਆ॥**
**ਨਾ ਓਹੁ ਨਿਰਧਨੁ ਨਾ ਹਮ ਭੂਖੇ॥ ਨਾ ਓਸੁ ਦੂਖੁ ਨ ਹਮ ਕਉ ਦੂਖੇ॥੧॥**
**ਅਵਰੁ ਨ ਕੋਊ ਮਾਰਨਵਾਰਾ॥ ਜੀਅਉ ਹਮਾਰਾ ਜੀਉ ਦੇਨਹਾਰਾ॥੧॥ ਰਹਾਉ॥**
**ਨਾ ਉਸੁ ਬੰਧਨ ਨਾ ਹਮ ਬਾਧੇ॥ ਨਾ ਉਸੁ ਧੰਧਾ ਨਾ ਹਮ ਧਾਧੇ॥**
**ਨਾ ਉਸੁ ਮੈਲੁ ਨ ਹਮ ਕਉ ਮੈਲਾ॥ ਓਸੁ ਅਨੰਦੁ ਤ ਹਮ ਸਦ ਕੇਲਾ॥੨॥**
**ਨਾ ਉਸੁ ਸੋਚੁ ਨ ਹਮ ਕਉ ਸੋਚਾ॥ ਨਾ ਉਸੁ ਲੇਪੁ ਨ ਹਮ ਕਉ ਪੋਚਾ॥**
**ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ॥੩॥**
**ਹਮ ਕਿਛੁ ਨਾਹੀ ਏਕੈ ਓਹੀ॥ ਆਗੈ ਪਾਛੈ ਏਕੋ ਸੋਈ॥**
**ਨਾਨਕ ਗੁਰਿ ਖੋਏ ਭ੍ਰਮ ਭੰਗਾ॥ ਹਮ ਓਇ ਮਿਲਿ ਹੋਏ ਇਕ ਰੰਗਾ॥੪॥੩੨॥**
*ਆਸਾ ਮ: ੫, ਪੰਨਾ ੩੯੧*

ਹੇ ਭਾਈ! ਪ੍ਰਮਾਤਮਾ ਨਾ ਮਰਦਾ ਹੈ ਅਤੇ ਨਾ ਹੀ ਉਸ ਦਾ ਸੇਵਕ ਮੌਤ ਤੋਂ

ਡਰਦਾ ਹੈ। ਪ੍ਰਮਾਤਮਾ ਕਦੇ ਨਾਸ਼ ਨਹੀਂ ਹੁੰਦਾ, ਇਸ ਕਰਕੇ ਉਸ ਦੇ ਸੇਵਕ ਨੂੰ ਵੀ ਭੋਰਾ ਜਿੰਨਾ ਫਿਕਰ ਨਹੀਂ ਹੁੰਦਾ। ਨਾ ਪ੍ਰਭੂ ਧਨ ਹੀਣ ਹੁੰਦਾ ਹੈ, ਉਸ ਦਾ ਸੇਵਕ ਵੀ ਕਦੇ ਭੁੱਖਾ ਨਹੀਂ ਰਹਿੰਦਾ। ਨਾ ਪ੍ਰਮਾਤਮਾ ਨੂੰ ਕਿਸੇ ਪ੍ਰਕਾਰ ਦਾ ਦੁੱਖ ਹੈ ਅਤੇ ਉਸ ਦੇ ਸੇਵਕ ਨੂੰ ਵੀ ਦੁੱਖ ਪੋਹ ਨਹੀਂ ਸਕਦਾ। ਪ੍ਰਭੂ ਸੇਵਕਾਂ ਨੂੰ ਪੂਰਨ ਭਰੋਸਾ ਹੁੰਦਾ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਮਾਰਨ ਵਾਲਾ ਨਹੀਂ। ਜੀਵਨ ਦੇਣ ਵਾਲਾ ਵੀ ਉਹ ਆਪ ਹੀ ਹੈ। ਪ੍ਰਮਾਤਮਾ ਮਾਇਆ ਦੇ ਬੰਧਨਾਂ ਤੋਂ ਮੁਕਤ ਹੈ, ਉਸਦਾ ਸੇਵਕ ਵੀ ਮਾਇਆ ਦੇ ਬੰਧਨਾਂ ਤੋਂ ਸੁਤੰਤਰ ਹੁੰਦਾ ਹੈ। ਪ੍ਰਮਾਤਮਾ ਨੂੰ ਕਿਸੇ ਪ੍ਰਕਾਰ ਦੇ ਧੰਧਿਆਂ ਦਾ ਜੰਜਾਲ ਨਹੀਂ, ਉਸ ਦੇ ਸੇਵਕ ਵੀ ਮਾਇਕੀ ਜੰਜਾਲ ਤੋਂ ਰਹਿਤ ਹਨ। ਪ੍ਰਮਾਤਮਾ ਮਲ-ਦ੍ਵੈਖ ਤੋਂ ਰਹਿਤ ਹੈ, ਉਸਦੇ ਸੇਵਕ ਵੀ ਵਿਕਾਰਾਂ ਦੀ ਮੈਲ ਤੋਂ ਰਹਿਤ ਹਨ। ਪ੍ਰਮਾਤਮਾ ਅਨੰਦ ਸਰੂਪ ਹੈ, ਉਸ ਦੇ ਸੇਵਕ ਵੀ ਦਿਨ ਰਾਤ ਅਨੰਦ ਰਹਿੰਦੇ ਹਨ। ਨਾ ਪ੍ਰਮਾਤਮਾ ਨੂੰ ਚਿੰਤਾ ਹੈ, ਉਸ ਦੇ ਸੇਵਕ ਵੀ ਨਿਸਚਿੰਤ ਜੀਵਨ ਜਿਉਂਦੇ ਹਨ। ਪ੍ਰਭੂ ਮਾਇਆ ਤੋਂ ਨਿਰਲੇਪ ਹੈ, ਉਸ ਦੇ ਸੇਵਕਾਂ ਉੱਪਰ ਵੀ ਮਾਇਆ ਅਸਰ ਨਹੀਂ ਪਾ ਸਕਦੀ। ਨਾ ਪ੍ਰਮਾਤਮਾ ਨੂੰ ਕਿਸੇ ਪਦਾਰਥ ਦੀ ਭੁੱਖ ਹੈ, ਉਸ ਦੇ ਸੇਵਕ ਵੀ ਤ੍ਰਿਸ਼ਨਾ ਰਹਿਤ ਹਨ। ਪ੍ਰਮਾਤਮਾ ਪਵਿੱਤਰ ਸਰੂਪ ਹੈ, ਉਸਦੇ ਸੇਵਕ ਵੀ ਪ੍ਰਭੂ ਵਾਂਗ ਨਿਰਮਲ ਹਨ। ਇੰਝ ਕਹਿ ਲਵੋ, ਸਭ ਪ੍ਰਮਾਤਮਾ ਹੀ ਪ੍ਰਮਾਤਮਾ ਹੈ, ਸਾਡੀ ਹੋਂਦ ਕੁੱਝ ਵੀ ਨਹੀਂ ਹੈ। ਇਸ ਲੋਕ ਵਿੱਚ ਤੇ ਪ੍ਰਲੋਕ ਵਿੱਚ, ਇੱਕ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਪਰ ਇਹ ਅਵਸਥਾ ਤਦੋਂ ਪ੍ਰਾਪਤ ਹੁੰਦੀ ਹੈ, ਜਦੋਂ ਪ੍ਰਮਾਤਮਾ ਅਗਿਆਨ ਭ੍ਰਮ ਖ਼ਤਮ ਕਰ ਦਿੰਦਾ ਹੈ। ਫਿਰ ਤਾਂ ਪ੍ਰਮਾਤਮਾ ਤੇ ਪ੍ਰਮਾਤਮਾ ਦੇ ਸੇਵਕ, ਇੱਕ ਰੂਪ ਹੋ ਜਾਂਦੇ ਹਨ। ਫਿਰ ਤਾਂ ਬਾਬਾ ਕਬੀਰ ਜੀ ਦਾ ਫੁਰਮਾਨ ਉਨ੍ਹਾਂ ਉੱਪਰ ਪੂਰਨ ਤੌਰ ਤੇ ਲਾਗੂ ਹੋ ਜਾਂਦਾ ਹੈ :

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ।।**

*ਰਾਮਕਲੀ ਕਬੀਰ ਜੀ ਪੰਨਾ ੯੬੯*

ਜਿੱਥੇ ਪਰਮਾਰਥਿਕ ਬਿਰਤੀ ਵਿੱਚ ਸਹਿਜ ਦੀ ਅਤਿ ਮਹੱਤਤਾ ਹੈ ਉੱਥੇ ਸੰਸਾਰ ਵਿੱਚ ਵੀ ਸੁਖੀ ਸੁਹੇਲਾ ਸ਼ਾਂਤੀ ਵਾਲਾ ਜੀਵਨ ਬਤੀਤ ਕਰਨ ਲਈ ਸਹਿਜ ਦੀ ਅਤਿ ਲੋੜ ਹੈ। ਜਿਸ ਵੇਲੇ ਦੋਹਾਂ ਜੀਵਾਂ ਵਿੱਚੋਂ ਇੱਕ ਨੇ ਵੀ ਸਹਿਜ ਨੂੰ ਪਿੱਠ ਕਰ ਦਿੱਤੀ, ਉਸ ਸਮੇਂ ਹੀ ਘਰ ਵਿੱਚ ਤਕਰਾਰ, ਬਦ-ਕਲਾਮੀ, ਗਾਲੀ ਗਲੋਚ, ਹੱਥੋਂ ਪਾਈ ਹੋਣ ਲੱਗ ਪੈਂਦੀ ਹੈ ਤੇ ਘਰ, ਸਹਿਜ ਵੱਲ ਪਿੱਠ ਕਰਨ ਦੀ ਬਦੌਲਤ ਸਵਰਗ ਤੋਂ ਨਰਕ ਦਾ ਰੂਪ ਧਾਰਨ ਕਰ ਜਾਂਦਾ ਹੈ।

ਮਿਸਾਲ ਦੇ ਤੌਰ ਤੇ, ਪਤੀ ਬਾਹਰੋਂ ਕਾਰ ਵਿਹਾਰ ਤੋਂ ਵਾਪਸ ਆਇਆ,



ਪਤਨੀ ਘਰ ਦੇ ਕੰਮਾਂ ਕਾਰਾਂ ਵਿੱਚ ਮਸਰੂਫ਼ ਹੈ। ਪਤੀ ਨੇ ਬਹਿੰਦੇ ਸਾਰ ਅਵਾਜ਼ ਮਾਰ ਕੇ ਪਾਣੀ ਦਾ ਗਲਾਸ ਮੰਗਿਆ। ਪਤਨੀ ਨੇ ਸਹਿਜ ਨੂੰ ਪਿੱਠ ਦੇ ਕੇ ਅੱਗੋਂ ਉੱਤਰ ਦਿੱਤਾ, ਮੈਂ ਕੰਮ ਵਿੱਚ ਰੁੱਝੀ ਹੋਈ ਹਾਂ, ਤੇਰੇ ਹੱਥ ਟੁੱਟੇ ਹੋਏ ਹਨ, ਪਾਣੀ ਦਾ ਗਿਲਾਸ ਭਰ ਕੇ ਪੀ ਲੈ। ਉੱਧਰ ਪਤੀ ਵੀ ਸਹਿਜ ਤੋਂ ਸੱਖਣਾ ਹੋਣ ਕਰਕੇ, ਪਾਣੀ ਪੀਣ ਦੀ ਥਾਂ ਸਿੱਧਾ ਪਤਨੀ ਕੋਲ ਗਿਆ। ਗਾਲੀ ਗਲੋਚ ਕੀਤਾ, ਮਾਰ ਕੁੱਟ ਤੱਕ ਨੌਬਤ ਪੁੱਜ ਗਈ। ਘਰ ਵਿੱਚ ਸੁੱਖ-ਸ਼ਾਂਤੀ, ਖੁਸ਼ੀ ਦੀ ਥਾਂ ਚੀਕ ਚਿਹਾੜਾ ਪੈ ਗਿਆ। ਸੋਚੀਏ! ਜੇ ਪਤਨੀ ਹੀ ਸਹਿਜ ਤੋਂ ਕੰਮ ਲੈਂਦੀ ਕਿ ਇਹ ਜਿਹੜਾ ਮੈਂ ਕੰਮ ਕਰ ਰਹੀ ਹਾਂ, ਇਹ ਮੈਂ ਸਾਰੇ ਪਰਿਵਾਰ ਤੇ ਆਪਣੇ ਘਰ ਵਾਸਤੇ ਕਰ ਰਹੀ ਹਾਂ। ਪਤੀ ਮੇਰਾ ਬਾਹਰੋਂ ਕੰਮ ਕਰਕੇ ਆਇਆ, ਉਹ ਵੀ ਘਰ ਲਈ ਤੇ ਪ੍ਰਵਾਰ ਲਈ ਕੰਮ ਕਰਕੇ ਆਇਆ ਹੈ। ਸਾਡਾ ਦੋਵਾਂ ਦਾ ਮਿਸ਼ਨ ਇੱਕ ਹੈ। ਜੇ ਮੈਂ ਪਤੀ ਨੂੰ ਪਿਆਰ ਨਾਲ ਪਾਣੀ ਦਾ ਗਿਲਾਸ ਦੇ ਦੇਵਾਂ, ਇਸ ਤਰ੍ਹਾਂ ਪਤੀ ਨੂੰ ਪਾਣੀ ਦੇਣ ਲਈ ਜਿੰਨਾ ਸਮਾਂ ਲੱਗਣਾ ਹੈ ਉਸ ਸਮੇਂ ਦੇ ਮੇਰੇ ਪੈਸੇ ਤਾਂ ਕਿਸੇ ਨੇ ਕਟ ਨਹੀਂ ਲੈਣੇ ? ਪਤੀ ਦੀ ਪ੍ਰਸੰਨਤਾ ਮੈਂ ਵਾਧੇ ਵਿੱਚ ਲੈ ਲੈਣੀ ਹੈ। ਦੂਸਰੇ, ਜੇ ਇੱਕ ਨੇ ਸਹਿਜ ਨੂੰ ਨਜ਼ਰ ਅੰਦਾਜ਼ ਕੀਤਾ, ਦੂਸਰਾ ਹੀ ਸਹਿਜ ਵਿੱਚ ਰਹਿ ਕੇ ਪਾਣੀ ਦਾ ਗਲਾਸ ਭਰ ਕੇ ਪੀ ਲੈਂਦਾ ਹੈ। ਕੁਝ ਸਮੇਂ ਪਿੱਛੋਂ ਪਤਨੀ ਨੇ ਆਪੇ ਪਸ਼ਚਾਤਾਪ ਕਰਨਾ ਸੀ। ਦੂਸਰਾ, ਜਿੰਨਾ ਜ਼ੋਰ ਗਾਲੀ ਗਲੋਚ ਤੇ ਮਾਰ ਕੁੱਟ ਤੇ ਕੀਤਾ, ਇਸ ਨਾਲੋਂ ਕਿਤੇ ਘੱਟ, ਜੋਰ ਪਾਣੀ ਦਾ ਗਿਲਾਸ ਲੈ ਕੇ ਪੀਣ ਵਿੱਚ ਲੱਗਣਾ ਸੀ।

**ਮੂਸਾ ਜੀ ਦੇ ਜੀਵਨ ਦੀ ਇੱਕ ਘਟਨਾ**–, ਜਿਸ ਨੂੰ ਪ੍ਰਿੰਸੀਪਲ ਸਤਬੀਰ ਸਿੰਘ ਜੀ ਦੇ ਲੈਕਚਰਾਂ ਵਿੱਚ ਸੰਪਾਦਕ ਨੇ ਦਰਜ ਕੀਤਾ ਹੈ, ਲਿਖਣੀ ਲਾਹੇਵੰਦ ਰਹੇਗੀ। ਆਪ ਲਿਖਦੇ ਹਨ ਕਿ ਮੂਸਾ ਜੀ ਦਾ ਆਪਣੀ ਜ਼ਿੰਦਗੀ ਦਾ ਨੇਮ ਸੀ, ਉਹ ਇਬਾਦਤ ਕਰਕੇ ਘਰੋਂ ਬਾਹਰ ਚਲੇ ਜਾਂਦੇ, ਜੋ ਵੀ ਰਾਹੀ ਮੁਸਾਫਰ ਉਨ੍ਹਾਂ ਨੂੰ ਰਸਤੇ ਵਿੱਚ ਮਿਲ ਪਵੇ, ਉਸ ਨੂੰ ਆਪਣੇ ਘਰ ਲਿਆਉਂਦੇ ਪਿਆਰ ਨਾਲ ਖਾਤਰਦਾਰੀ ਕਰ ਪ੍ਰਸ਼ਾਦਾ ਛਕਾਉਂਦੇ, ਅਤਿਥੀ ਦੇ ਲੰਗਰ ਛੱਕਣ ਉਪਰੰਤ ਆਪ ਭੋਜਨ ਛਕਦੇ। ਜਿੱਥੇ ਮੂਸਾ ਜੀ ਅਵਤਾਰੀ ਪੁਰਸ਼ ਤੇ ਸਹਿਜ ਦੇ ਧਾਰਨੀ ਸਨ, ਉੱਥੇ ਉਨ੍ਹਾਂ ਦੇ ਘਰੋਂ ਬੀਬੀ ਬੜੀ ਮੂੰਹ ਫੱਟ ਤੇ ਬੱਦ-ਕਲਾਮਣ ਸੀ। ਇੱਕ ਦਿਨ ਮੂਸਾ ਜੀ ਆਪਣੇ ਰੋਜ਼ ਦੇ ਨੇਮ ਅਨੁਸਾਰ ਇਬਾਦਤ ਕਰ, ਪਿੰਡੋਂ ਬਾਹਰ ਕਿਸੇ ਲੋੜਵੰਦ ਨੂੰ ਪ੍ਰਸ਼ਾਦਾ ਛਕਾਉਣ ਲਈ ਲੈਣ ਗਏ। ਦੇਵ ਨੇਤ ਨਾਲ ਮੂਸਾ ਜੀ ਨੂੰ ਪੰਜ ਬੰਦੇ ਇੱਕੱਠੇ ਤੁਰੇ ਆਉਂਦੇ ਨਜ਼ਰ ਪਏ। ਆਪ ਜੀ ਉਨ੍ਹਾਂ ਨੂੰ ਅੱਗੇ ਹੋ ਕੇ ਮਿਲੇ ਤੇ ਬੇਨਤੀ ਕੀਤੀ ਕਿ ਮੇਰਾ ਨਿਯਮ ਹੈ, ਮੈਂ ਆਪ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਕਿਸੇ ਨੂੰ ਖੁਆ

ਕੇ ਫਿਰ ਆਪ ਛਕਦਾ ਹਾਂ। ਧੰਨਭਾਗ ਮੇਰੇ, ਤੁਸੀਂ ਮੇਰੇ ਨਾਲ ਘਰ ਚਲੋਂ, ਪ੍ਰਸ਼ਾਦਾ ਛਕ ਕੇ ਫਿਰ ਅੱਗੇ ਚਲੇ ਜਾਣਾ। ਉਹ ਵੀ ਲੋੜਵੰਦ ਸਨ ਉਨ੍ਹਾਂ ਵੀ ਉੱਤਰ ਦਿੱਤਾ, ਮੂਸਾ ਜੀ ! ਭੁੱਖ ਤਾਂ ਸਾਨੂੰ ਲੱਗੀ ਹੋਈ ਹੈ। ਜੇ ਤੁਸੀਂ ਸਾਨੂੰ ਪ੍ਰਸ਼ਾਦਾ ਛਕਾ ਦਿਉ, ਤੁਹਾਡਾ ਵੀ ਪ੍ਰਣ ਪੂਰਾ ਹੋ ਜਾਵੇਗਾ, ਸਾਡੀ ਵੀ ਭੁੱਖ ਦੂਰ ਹੋ ਜਾਵੇਗੀ। ਇਹ ਉੱਤਰ ਸੁਣ ਕੇ ਮੂਸਾ ਜੀ ਅੱਗੇ-ਅੱਗੇ ਚੱਲ ਪਏ ਤੇ ਅਤਿਥੀ, ਮੂਸਾ ਜੀ ਦੇ ਪਿੱਛੇ-ਪਿੱਛੇ ਚੱਲਦੇ ਮੂਸਾ ਜੀ ਦੇ ਘਰ ਪੁੱਜ ਗਏ। ਮੂਸਾ ਜੀ ਨੇ ਬੜੀ ਖੁਸ਼ੀ ਵਿੱਚ ਆਪਣੀ ਘਰ ਵਾਲੀ ਨੂੰ ਅਵਾਜ਼ ਦਿੱਤੀ ਭਾਗਵਾਨੇ ! ਛੇਤੀ ਪ੍ਰਸ਼ਾਦਾ ਤਿਆਰ ਕਰ, ਅੱਜ ਖ਼ੁਦਾ ਸਾਡੇ ਤੇ ਤਰਸਵਾਨ ਹੋਇਆ ਹੈ। ਉਸ ਨੇ ਸਾਡੇ ਘਰ ਇੱਕ ਦੀ ਥਾਂ ਪੰਜ ਲੋੜਵੰਦ ਭੇਜ ਦਿੱਤੇ ਹਨ। ਮੂਸਾ ਜੀ ਦੀ ਅਵਾਜ਼ ਸੁਣ ਕੇ ਉਨ੍ਹਾਂ ਦੇ ਘਰੋਂ ਸਾਹਮਣੇ ਆਈ ਤੇ ਬੜੇ ਰੋਹ ਤੇ ਰੁੱਖੇ ਸ਼ਬਦਾਂ ਵਿੱਚ ਆਪਣੇ ਪਤੀ ਮੂਸਾ ਜੀ ਨੂੰ ਕਹਿਣ ਲੱਗੀ ! ਇਹ ਬੰਦਿਆਂ ਦੀ ਹੇੜ (ਡਾਰ) ਕਿੱਥੋਂ ਘੇਰ ਲਿਆਇਆ ਹੈਂ। ਮੈਥੋਂ ਨਹੀਂ ਇਨ੍ਹਾਂ ਵਾਸਤੇ ਪ੍ਰਸ਼ਾਦੇ ਪਕਦੇ। ਜੇ ਤੈਨੂੰ ਬਹੁਤਾ ਹੀ ਚਾਅ ਹੈ ਤਾਂ ਤੂੰ ਆਪ ਹੀ ਇਨ੍ਹਾਂ ਨੂੰ ਨਾਲ ਲੈ ਕੇ ਪ੍ਰਸ਼ਾਦੇ ਬਣਾ ਲੈ।

ਮੂਸਾ ਜੀ ਦੀ ਘਰਵਾਲੀ ਦਾ ਉੱਤਰ ਸੁਣ ਕੇ, ਮੂਸਾ ਜੀ ਨਾਲ ਆਏ ਅਤਿਥੀ ਖਲੋਤੇ ਹੀ ਰਹਿ ਗਏ ਤੇ ਉਨ੍ਹਾਂ ਨੇ ਆਪਣੀ ਬੇਇਜ਼ਤੀ ਮਹਿਸੂਸ ਕੀਤੀ ਤੇ ਕਹਿਣ ਲੱਗੇ ਮੂਸਾ ਜੀ! ਸਾਡੇ ਕਰਕੇ ਤੁਹਾਨੂੰ ਵੀ ਬਦ-ਕਲਾਮੀ ਦਾ ਸ਼ਿਕਾਰ ਹੋਣਾ ਪਿਆ, ਤੁਸੀਂ ਸਾਨੂੰ ਆਗਿਆ ਬਖਸ਼ੋ ਅਸੀਂ ਚੱਲਦੇ ਹਾਂ। ਜਿੱਥੇ ਸਾਡੀ ਪ੍ਰਾਲੱਬਧ ਹੋਈ, ਰਿਜ਼ਕ ਮਿਲ ਜਾਵੇਗਾ। ਮੂਸਾ ਜੀ ਨੇ ਉਨ੍ਹਾਂ ਅੱਗੇ ਹੱਥ ਜੋੜੇ ਤੇ ਕਹਿਣ ਲੱਗੇ, ਤੁਸੀਂ ਥੋੜ੍ਹਾ ਚਿਰ ਹੋਰ ਬੈਠੋ, ਦੇਖੋ, ਤੁਹਾਨੂੰ ਹੁਣੇ ਹੀ ਗਰਮ-ਗਰਮ ਪ੍ਰਸ਼ਾਦੇ ਮਿਲ ਜਾਣੇ ਹਨ। ਮੂਸਾ ਜੀ ਦੇ ਮਜ਼ਬੂਰ ਕਰਨ ਤੇ ਉਹ ਅਤਿਥੀ ਬੈਠ ਗਏ।

ਅਤਿਥੀਆਂ ਦੇ ਸਨਮੁਖ ਬੈਠਿਆਂ, ਮੂਸਾ ਜੀ ਨੇ ਗੱਲ ਅਰੰਭ ਕੀਤੀ। ਆਪ ਕਹਿਣ ਲੱਗੇ! ਮੇਰੇ ਘਰ ਵਾਲੀ ਵਿੱਚ ਬਹੁਤ ਗੁਣ ਹਨ। ਸਾਰਾ ਦਿਨ ਘਰ ਦੀ ਸਾਫ਼ ਸਫਾਈ ਬੜੀ ਮਿਹਨਤ ਨਾਲ ਕਰਦੀ ਰਹਿੰਦੀ ਹੈ। ਮੇਰੇ ਕੱਪੜੇ ਧੋ ਕੇ ਮੈਨੂੰ ਪਹਿਨਣ ਲਈ ਦਿੰਦੀ ਆ, ਸਵੇਰੇ ਸ਼ਾਮ ਜਦੋਂ ਵੀ ਮੈਂ ਆਖਾਂ ਮੈਨੂੰ ਖਾਣ ਲਈ ਖਾਣਾ ਬਣਾ ਕੇ ਦਿੰਦੀ ਹੈ। ਇਸ ਤੋਂ ਇਲਾਵਾ ਮੈਨੂੰ ਕਾਮ ਪੂਰਤੀ ਵਿੱਚ ਸਹਾਇੱਕ ਹੁੰਦੀ ਹੈ। ਪੰਜਵਾਂ ਸਮੇਂ-ਸਮੇਂ ਮੇਰੇ ਸਹਿਜ ਨੂੰ ਪਰਖਣ ਵਾਸਤੇ ਇਹ ਪਰਚਾ ਵੀ ਪਾਉਂਦੀ ਹੈ ਕਿ ਮੇਰਾ ਪਤੀ ਸਹਿਜ ਵਿੱਚ ਹੀ ਹੈ ਜਾਂ ਰਜੋ, ਤਮੋ, ਸਤੋ ਵਿੱਚ ਆ ਗਿਆ ਹੈ। ਕਦੇ-ਕਦੇ ਆਪਣੇ ਸੁਭਾਅ ਮੁਤਾਬਕ ਸਹਿਜ ਨੂੰ ਪਿੱਠ ਦੇ ਦਿੰਦੀ ਹੈ, ਜਿਸ ਕਰਕੇ ਇਸ ਪਾਸੋਂ ਕਈ ਵਾਰੀ ਗੁੱਸੇ ਵਿੱਚ ਰੁੱਖੇ ਸ਼ਬਦ ਮੂੰਹ 'ਚੋਂ ਨਿਕਲ ਜਾਂਦੇ ਹਨ।



ਇਹ ਇਸ ਦਾ ਸੁਭਾਅ ਹੈ। ਤੁਸੀਂ ਮਹਿਸੂਸ ਨਾ ਕਰਨਾ, ਇਸ ਤਰ੍ਹਾਂ ਗੱਲਾਂ-ਬਾਤਾਂ ਕਰਦਿਆਂ, ਮੂਸਾ ਜੀ ਦੇ ਘਰ ਵਾਲੀ ਨੇ ਪ੍ਰਸ਼ਾਦਾ ਤਿਆਰ ਕਰਕੇ ਅਵਾਜ਼ ਦੇ ਦਿੱਤੀ ਕਿ ਪ੍ਰਸ਼ਾਦਾ ਤਿਆਰ ਹੈ। ਮੂਸਾ ਜੀ ਨੇ ਪ੍ਰੇਮ ਨਾਲ ਸਾਰਿਆਂ ਅਤਿਥੀਆਂ ਨੂੰ ਪ੍ਰਸ਼ਾਦਾ ਛਕਾ ਕੇ ਵਿਦਾ ਕੀਤਾ।

ਆਪਾਂ ਨੇ ਉੱਪਰ ਲਿਖੀ ਮੂਸਾ ਜੀ ਦੀ ਸਾਖੀ ਵਾਚੀ ਹੈ। ਘਰ ਵਾਲੀ ਦੇ ਅਤਿਥੀਆਂ ਨੂੰ ਪ੍ਰਸ਼ਾਦਾ ਛਕਾਉਣ ਤੋਂ ਨਾਂਹ ਕਰਨ ਤੇ ਬਦ-ਸ਼ਬਦ ਬੋਲਣ ਤੇ ਜੇ ਮੂਸਾ ਜੀ ਵੀ ਆਪਣਾ ਸਹਿਜ ਤਿਆਗ ਦਿੰਦੇ ਤੇ ਘਰ ਵਾਲੀ ਨੂੰ ਉਸ ਦੇ ਕਹੇ ਬਦ-ਸ਼ਬਦਾਂ ਤੋਂ ਚਾਰ ਗੁਣਾਂ ਜ਼ਿਆਦਾ ਅਪ-ਸ਼ਬਦ ਬੋਲਦੇ ਤੇ ਗੁੱਸੇ ਅਧੀਨ ਚਾਰ-ਪੰਜ ਲਫੇੜੇ ਜਾਂ ਸੋਟੀਆਂ ਮਾਰ ਕੇ ਆਪਣਾ ਗੁੱਸਾ ਸ਼ਾਂਤ ਕਰਦੇ, ਤਦ ਮੂਸਾ ਜੀ ਦਾ ਘਰ ਅਤਿਥੀ ਨਿਵਾਜ਼ ਦੀ ਥਾਂ ਯੁੱਧ ਦਾ ਅਖਾੜਾ ਬਣ ਜਾਣਾ ਸੀ। ਮਹਿਮਾਨਾਂ ਨੇ ਵੀ ਭੱਜ ਜਾਣਾ ਸੀ। ਮੂਸਾ ਜੀ ਨੇ ਵੀ ਆਪਣਾ ਸਹਿਜ ਗੁਆ ਦੇਣਾ ਸੀ। ਪਤੀ ਦੇ ਵੀ ਕੋਈ ਨਾ ਕੋਈ ਸੱਟ ਚੋਟ ਲੱਗ ਜਾਣੀ ਸੀ। ਮਨ ਦੀ ਪਰੇਸ਼ਾਨੀ ਵਾਧੇ ਵਿੱਚ ਭੁਗਤਣੀ ਪੈਣੀ ਸੀ। ਜਿਸ ਘਰ ਵਿੱਚ ਪਤੀ-ਪਤਨੀ ਦੋਵੇਂ ਸਹਿਜ-ਧੀਰਜ ਦੇ ਧਾਰਨੀ ਹੋਣ, ਉਹ ਘਰ ਸਵਰਗ ਦਾ ਭੁਲੇਵਾਂ ਪਾਉਂਦਾ ਹੈ। ਪਰ ਜਿਸ ਘਰ ਵਿੱਚ, ਇੱਕ ਵੀ ਜੀਵ, ਪਤੀ ਜਾਂ ਪਤਨੀ ਸਹਿਜ ਦਾ ਧਾਰਨੀ ਹੋਵੇ, ਉਹ ਘਰ ਵੀ ਯੁੱਧ ਦਾ ਅਖਾੜਾ ਨਹੀਂ ਬਣਦਾ। ਯੁੱਧ ਵਿੱਚੋਂ ਕਦੇ ਵੀ ਸੁੱਖ ਤੇ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ।

ਸਤਿਗੁਰੂ ਜੀ ਦੇ ਚਰਨਾਂ ਵਿੱਚ, ਹਰ ਪ੍ਰਾਣੀ ਨੂੰ ਸਹਿਜ ਤੇ ਸਹਿਨਸ਼ੀਲਤਾ ਦੀ ਦਾਤ ਪ੍ਰਾਪਤ ਕਰਨ ਲਈ ਅਰਦਾਸ ਵੀ ਕਰਨੀ ਚਾਹੀਦੀ ਹੈ ਤੇ ਆਪਣਾ ਯਤਨ ਵੀ ਕਰਨਾ ਚਾਹੀਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਰੀ ਰਾਗ ਅੰਦਰ ਬੜਾ ਪਿਆਰਾ ਬਚਨ ਦਰਜ ਹੈ। ਆਪ ਫੁਰਮਾਉਂਦੇ ਹਨ, ਸਿਦਕ, ਸਬਰ-ਸੰਤੋਖ ਤੇ ਸਹਿਨਸ਼ੀਲਤਾ, ਰੱਬੀ ਫਕੀਰਾਂ ਦਾ ਖਜ਼ਾਨਾ ਹੈ। ਸਬਰ-ਸੰਤੋਖ ਤੇ ਸਹਿਨਸ਼ੀਲਤਾ ਧਾਰਨ ਕੀਤੇ ਤੋਂ ਬਿਨਾਂ, ਨਾ ਇਸ ਸੰਸਾਰ ਵਿੱਚ ਸੁੱਖ ਅਤੇ ਨਾ ਹੀ ਪ੍ਰਭੂ ਦੀ ਦਰਗਾਹ ਵਿੱਚ ਕਿਸੇ ਨੂੰ ਥਾਂ ਮਿਲੇਗੀ। ਸਾਹਿਬਾਂ ਦਾ ਬਚਨ ਹੈ :

**ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ।।**
**ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ।।੨।।** *ਮ: ੧, ਪੰਨਾ ੮੩*

ਸਬਰ-ਸੰਤੋਖ, ਸਹਿਨਸ਼ੀਲਤਾ ਨਿਰਾ ਰੱਬੀ ਫਕੀਰਾਂ ਦਾ ਹੀ [1]ਤੋਸਾ ਨਹੀਂ। ਗ੍ਰਹਿਸਤ ਤੇ ਸੰਸਾਰ ਵਿੱਚ ਵਿਚਰਨ ਲਈ ਗ੍ਰਹਿਸਤੀਆਂ ਨੂੰ ਸਗੋਂ ਜ਼ਿਆਦਾ ਸਬਰ

1. ਸਫ਼ਰ ਲਈ ਖਰਚ ਤੇ ਖੁਰਾਕ

ਸੰਤੋਖ ਤੇ ਸਹਿਨਸ਼ੀਲਤਾ ਦੇ ਤੋਸੇ ਦੀ ਲੋੜ ਹੈ। ਕਿਉਂਕਿ ਫਕੀਰ ਦੀ ਜ਼ਿੰਦਗੀ ਵਿੱਚ ਤਾਂ ਕਿਤੇ-ਕਿਤੇ ਅਜਿਹੇ ਸਮੇਂ ਆਉਣਗੇ, ਪਰ ਗ੍ਰਹਿਸਤੀ ਨੂੰ ਤਾਂ ਹਰ ਸਮੇਂ ਸੰਸਾਰ ਸੰਗਰਾਮ ਵਿੱਚ ਜੂਝਦਿਆਂ ਸਹਿਜ, ਸਬਰ, ਸੰਤੋਖ ਤੇ ਸਹਿਨਸ਼ੀਲਤਾ ਦੀ ਹਰ ਪਲ ਹਰ ਛਿੰਨ ਲੋੜ ਹੈ। ਜਿਹੜਾ ਗ੍ਰਹਿਸਤੀ, ਗੁਰੂ ਨਾਨਕ ਪਾਤਸ਼ਾਹ ਜੀ ਦੇ ਉੱਪਰ ਦਰਸਾਏ ਗੁਣਾਂ ਨੂੰ ਧਾਰਨ ਕਰੇਗਾ, ਉਸ ਦਾ ਜੀਵਨ ਤਾਂ ਸੁੱਖ ਸ਼ਾਂਤੀ ਤੇ ਸਹਿਜ ਵਿੱਚ ਬਤੀਤ ਹੋਵੇਗਾ। ਜੇ ਸਬਰ-ਸੰਤੋਖ, ਸਹਿਨਸ਼ੀਲਤਾ ਤੋਂ ਮੁੱਖ ਮੋੜੀ ਰੱਖੇਗਾ, ਉਸ ਦਾ ਸਾਰਾ ਜੀਵਨ ਰੋਂਦਿਆਂ, ਉਲਾਂਭੇ ਦਿੰਦਿਆਂ, ਟਕਰਾਉ ਤੇ ਲੜਾਈ ਝਗੜੇ ਵਿੱਚ ਅਸ਼ਾਂਤ ਬਤੀਤ ਹੋਵੇਗਾ।

ਜਿਵੇਂ ਸਿਆਣਿਆਂ ਦਾ ਫੁਰਮਾਨ ਹੈ ਕਿ ਪੱਥਰ ਤੇ ਪੱਥਰ ਮਾਰਿਆਂ ਅੱਗ ਹੀ ਨਿਕਲਦੀ ਹੈ। ਦੂਸਰੇ ਪਾਸੇ, ਜੇ ਪੱਥਰ ਜ਼ਮੀਨ ਤੇ ਮਾਰਿਆ ਜਾਵੇ, ਪੱਥਰ ਭਾਵੇਂ ਕੁਰੱਖਤ ਹੈ, ਟਕਰਾਓ ਵਾਲੇ ਸੁਭਾਅ ਦਾ ਧਾਰਨੀ ਹੈ, ਪਰ ਦੂਜੇ ਪਾਸੇ ਧਰਤੀ ਸਹਿਨਸ਼ੀਲਤਾ ਤੇ ਸਬਰ ਸੰਤੋਖ ਦੀ ਮਿਸਾਲ ਹੋਣ ਕਰਕੇ, ਪੱਥਰ ਜ਼ਮੀਨ ਤੇ ਮਾਰਿਆਂ ਅੱਗ ਨਹੀਂ ਨਿਕਲਦੀ, ਸਗੋਂ ਧਰਤੀ ਪੱਥਰ ਨੂੰ ਆਪਣੇ ਵਿੱਚ ਸਮਾਈ ਦੇ ਕੇ ਆਪਣਾ ਧਰਮ ਪਾਲ ਕੇ ਨਿਵਾਜਦੀ ਹੈ। ਭਗਤ ਫਰੀਦ ਜੀ ਨੇ ਆਪਣੇ ਜੀਵਨ ਦੇ ਨਿੱਜੀ ਤਜ਼ਰਬੇ ਦੇ ਅਧਾਰਤ, ਦੋ ਸਲੋਕ ਆਪਣੀ ਬਾਣੀ ਅੰਦਰ ਅੰਕਤ ਕੀਤੇ ਹਨ। ਜਿਨ੍ਹਾਂ ਦੁਆਰਾ, ਸੰਸਾਰਿਕ ਤੇ ਪਰਮਾਰਥ ਪੱਖ ਦੋਵਾਂ ਵੱਲੋਂ ਬਹੁਤ ਨਿੱਗਰ ਸੇਧ ਮਿਲਦੀ ਹੈ। ਪਹਿਲੇ ਸਲੋਕ ਵਿੱਚ, ਆਪ ਜੀ ਨੇ ਜਗਿਆਸੂ ਵੱਲੋਂ ਸਵਾਲ ਕੀਤਾ ਹੈ ਕਿ ਹੇ ਗੁਰਮੁਖ ਜਨੋਂ ! ਮੈਂ ਕਿਹੋ ਜਿਹੇ ਅੱਖਰ ਮੂੰਹ ਵਿੱਚੋਂ ਬੋਲਾਂ ? ਜ਼ਿੰਦਗੀ ਅੰਦਰ ਕਿਹੜਾ ਗੁਣ ਧਾਰਨ ਕਰਾਂ ? ਕਿਹੜਾ ਮੰਤਰ ਜਪਾਂ ਤਾਂ ਜੋ ਮੇਰਾ ਮਾਲਕ ਪ੍ਰਭੂ ਮੇਰੇ ਵਸ ਵਿੱਚ ਆ ਜਾਵੇ। ਆਪ ਦਾ ਫੁਰਮਾਨ ਹੈ–

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥੧੨੬॥**

ਫਰੀਦ ਜੀ, *ਪੰਨਾ ੧੩੮੪*

ਪਤੀ ਨੂੰ ਵਸ ਵਿੱਚ ਕਰਨ ਦੀ ਵਿਧੀ ਅਗਲੇ ਸਲੋਕ ਅੰਦਰ ਆਪ ਜੀ ਨੇ ਦਰਸਾਈ ਹੈ। ਹੇ ਜੀਵ ਰੂਪ ਇਸਤਰੀ! ਜੇ ਤੈਨੂੰ ਆਪਣੇ, ਸੰਸਾਰਿਕ ਤੇ ਪ੍ਰਮਾਤਮਾ ਪਤੀ ਨੂੰ ਵੱਸ ਕਰਨ ਦੀ ਚਾਹਨਾ ਹੈ, ਤਦ ਤੂੰ ਸਭ ਤੋਂ ਪਹਿਲਾਂ ਆਪਣੇ ਜੀਵਨ ਵਿੱਚ ਨਿਮਰਤਾ ਧਾਰਨ ਕਰ। ਦੂਸਰੇ, ਜੇ ਕੋਈ ਤੇਰੇ ਨਾਲ ਵਧੀਕੀ ਵੀ ਕਰਦਾ ਹੈ ਤਦ ਤੂੰ ਉਸ ਦਾ ਉੱਤਰ ਆਪਣੀ ਵੱਲੋਂ ਵਧੀਕੀ ਨਾਲ ਨਾ ਦੇਹ, ਸਗੋਂ ਖਿਮਾਂ ਗੁਣ ਅਧੀਨ, ਉਸ ਦੇ ਬੋਲ-ਕਬੋਲ ਤੇ ਵਧੀਕੀ ਨੂੰ ਸਹਾਰ ਲੈ। ਪ੍ਰਮਾਤਮਾ ਨੇ ਤੈਨੂੰ



ਜੀਭ ਦਿੱਤੀ ਹੈ, ਇਸ ਨਾਲ ਪ੍ਰਮਾਤਮਾ ਦਾ ਨਾਮ ਰੂਪੀ ਮੰਤਰ ਜਪਿਆ ਕਰ। ਤੀਸਰੇ, ਇਸ ਜੀਭ ਦੁਆਰਾ ਹਰ ਇੱਕ ਨਾਲ ਮਿੱਠੇ ਬੋਲ ਬੋਲਿਆ ਕਰ। ਇਸ ਜੀਭ ਨਾਲ, ਕੌੜਾ ਫਿੱਕਾ, ਅਨਰਥ ਤੇ ਅਕਾਰਥ ਬੋਲ ਨਾ ਬੋਲਿਆ ਕਰ। ਜੇ ਤੂੰ ਇਨ੍ਹਾਂ ਤਿੰਨਾਂ ਗੁਣਾਂ ਦੀ ਧਾਰਨੀ ਬਣ ਜਾਵੇ, ਤਦ ਪ੍ਰਤੱਖ ਸੰਸਾਰ ਦਾ ਪਤੀ ਵੀ ਤੇਰੇ ਵਸ ਵਿੱਚ ਆ ਜਾਵੇਗਾ ਤੇ ਪਰਮੇਸ਼ਰਪਤੀ, ਜਿਸ ਪ੍ਰਥਾਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਫੁਰਮਾਨ ਦਰਜ਼ ਹੈ –

**ਠਾਕੁਰੁ ਏਕੁ ਸਬਾਈ ਨਾਰਿ॥** *ਮ: ੧, ਪੰਨਾ ੯੩੩*

ਪ੍ਰਮਾਤਮਾ ਪਤੀ ਵੀ ਤੇਰੇ ਵਸ ਵਿੱਚ ਆ ਜਾਵੇਗਾ। ਬਾਬਾ ਫਰੀਦ ਜੀ ਦਾ ਫੁਰਮਾਨ ਹੈ –

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥੧੨੭॥** *ਪੰਨਾ ੧੩੮੪*

# ਨਿਵਣੁ ਸੁ ਅਖਰੁ

ਪਹਿਲਾ ਗੁਣ ਹੈ ਮਨ ਨੀਵਾਂ ਭਾਵ ਨਿਮਰਤਾ ਹਿਰਦੇ ਵਿੱਚ ਧਾਰਨ ਕਰਨੀ। ਨਿਮਰਤਾ ਕਿੰਨਾ ਵੱਡਾ ਗੁਣ ਹੈ? ਇੱਕ ਸਮੇਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ, ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਸੁਣ ਕੇ ਸ੍ਰੀ ਅੰਮ੍ਰਿਤਸਰ ਸਾਹਿਬ, ਆਪ ਦੇ ਦਰਸ਼ਨਾਂ ਨੂੰ ਆਏ। ਗੁਰੂ ਰਾਮਦਾਸ ਜੀ ਨੂੰ ਜਦੋਂ ਪਤਾ ਚੱਲਿਆ, ਆਪ ਜੀ ਆਪਣੇ ਨਿਮਰਤਾ ਸੁਭਾਅ ਅਨੁਸਾਰ, ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਜਾਣ, ਸਤਿਕਾਰ ਕਰਨ ਹਿੱਤ ਅੱਗੋਂ ਹੋ ਮਿਲੇ ਤੇ ਬਾਬਾ ਸ੍ਰੀ ਚੰਦ ਜੀ ਨੂੰ ਵੱਡਾ ਆਦਰ ਦਿੱਤਾ। ਬਾਬਾ ਜੀ ਨੇ ਜਦੋਂ ਗੁਰੂ ਰਾਮਦਾਸ ਜੀ ਦਾ ਨੂਰਾਨੀ ਚਿਹਰਾ ਤੇ ਭਰਵਾਂ-ਲੰਬਾ ਦਾੜ੍ਹਾ ਵੇਖਿਆ, ਤਦ ਆਪ ਜੀ ਬੜੇ ਪ੍ਰਭਾਵਤ ਹੋਏ। ਪਰਖ ਕਰਨ ਹਿੱਤ ਆਪ ਜੀ ਨੇ ਗੁਰੂ ਰਾਮਦਾਸ ਜੀ ਨੂੰ ਸਵਾਲ ਕਰ ਦਿੱਤਾ, ਪੁਰਖਾ! ਇਤਨਾ ਸੁੰਦਰ ਲੰਬਾ ਦਾੜ੍ਹਾ ਕੇਸ ਬਧਾਯੋ ? ਨਿਮਰਤਾ ਦੀ ਮੂਰਤ ਗੁਰੂ ਰਾਮਦਾਸ ਜੀ ਨੇ ਉੱਤਰ ਦਿੱਤਾ ! ਆਪ ਜੈਸੇ ਮਹਾਂਪੁਰਖਾਂ ਦੇ ਚਰਨ ਝਾੜਨ ਵਾਸਤੇ, ਇਤਨਾ ਕਹਿ ਕੇ ਗੁਰੂ ਰਾਮਦਾਸ ਜੀ, ਨਿਵ ਕੇ ਬਾਬਾ ਸ੍ਰੀ ਚੰਦ ਜੀ ਦੇ ਚਰਨਾਂ ਵੱਲ ਨੂੰ ਵਧੇ। ਬਾਬਾ ਸ੍ਰੀ ਚੰਦ ਜੀ ਨੇ ਖੁਸ਼ੀ ਵਿੱਚ ਆ ਕੇ ਬਚਨ ਕੀਤਾ। ਗੁਰੂ ਅੰਗਦ ਦੇਵ ਜੀ ਸੇਵਾ ਕਰਕੇ ਲੈ ਗਏ। ਤੁਸੀਂ ਨਿਮਰਤਾ ਤੇ ਪ੍ਰੇਮ ਦੀ ਮੂਰਤ ਹੋਣ ਕਰ ਪਾਈ ਹੈ। ਤੁਹਾਡੀ ਮਹਿਮਾ ਅੱਗੇ ਸੁਣੀ ਹੈ, ਜਿਸ ਬਾਰੇ ਕੋਈ ਸ਼ਬਦ ਕਿਹਾ ਥੋੜ੍ਹਾ ਹੈ। ਆਪ ਜੀ ਦੇ ਤਿਆਰ ਕੀਤੇ ਸਰੋਵਰ ਵਿੱਚ ਕੋਈ ਪਾਪੀ ਵੀ

ਇਸ਼ਨਾਨ ਕਰੇਗਾ, ਉਸਦੀ ਵੀ ਗਤੀ ਹੋਵੇਗੀ।

**ਦੇਖ ਨਿਮ੍ਰਤਾ ਗੁਰੂ ਕੀ, ਸ੍ਰੀ ਚੰਦ ਭਏ ਪ੍ਰਸੰਨ।।**
**ਅੰਗਦ ਲੀਨੀ ਸੇਵ ਕਰਿ, ਤੁਮਰੋ ਪ੍ਰੇਮ ਅਨੰਨ।।੭੯।।**
**ਤੁਮਰੀ ਮਹਿਮਾ ਅਧਿਕ ਹੈ, ਕਹੀਏ ਕਾਹਿ ਬਨਾਏ।।**
**ਤੁਮਰੇ ਸਰ ਮੈਂ ਜੋ ਮਜਹਿ, ਪਾਪੀ ਭੀ ਗਤ ਪਾਹਿ।।੮੦।।**

*ਸੂਰਜ ਪ੍ਰਕਾਸ਼, ਰਾਸ ਦੂਜੀ, ਅੰਸ ੨੫*

ਗੁਰੂ ਰਾਮਦਾਸ ਮਹਾਰਾਜ ਜੀ ਨੇ, ਗੁਰੂ ਸੁਤ ਘਰ ਆਇਆ ਜਾਣ, ਪੰਜ ਸੌ ਰੁਪੈ, ਇੱਕ ਘੋੜਾ ਭੇਟਾ ਕਰ ਵਿਦਾਇਗੀ ਦਿੱਤੀ। ਕਿੰਨਾ ਵੱਡਾ ਗੁਣ ਹੈ ਨਿਮਰਤਾ ਵਿੱਚ।

## ਖਵਣੁ ਗੁਣੁ

ਦੂਸਰਾ, ਗੁਣ ਹੈ ਖਿਮਾ ਦਾ ਗੁਣ ਅਥਵਾ ਹਿਰਦੇ ਵਿੱਚ ਸ਼ਹਿਣਸ਼ਲਿਤਾ ਧਾਰ ਕੇ ਵਿਚਰਨਾ। ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ, ਹਾਜੀਆਂ ਵਾਲਾ ਭੇਸ ਬਣਾ ਕੇ ਮੱਕੇ ਵਿੱਚ ਗਏ। ਮੁਸਲਮਾਨਾਂ ਦੀ ਮਨੌਤ ਕਿ ਖੁਦਾ ਮੱਕੇ ਵਿੱਚ ਤੇ ਪੱਛਮ ਦਿਸ਼ਾ ਵਿੱਚ ਹੀ ਨਿਵਾਸ ਕਰਦਾ ਹੈ, ਉਨ੍ਹਾਂ ਦਾ ਭਰਮ ਤੋੜਨ ਵਾਸਤੇ, ਸਤਿਗੁਰੂ ਜੀ ਰਾਤ ਸਮੇਂ ਮੱਕੇ ਦੇ ਮਹਿਰਾਬੇ ਵੱਲ ਨੂੰ ਪੈਰ ਕਰਕੇ ਆਰਾਮ ਕਰਨ ਲੱਗ ਪਏ। ਅੰਮ੍ਰਿਤ ਵੇਲਾ ਹੋਇਆ, ਜੀਵਨ ਮੁੱਲਾਂ ਨੇ ਵੇਖਿਆ ਕਿ ਬਾਕੀ ਸਾਰੇ ਹਾਜੀ ਤਾਂ ਮਹਿਰਾਬੇ ਵਾਲੇ ਪਾਸੇ ਸਿਰ ਕਰਕੇ ਸੁੱਤੇ ਹਨ ਤੇ ਇੱਕ ਹਾਜੀ (ਗੁਰੂ ਨਾਨਕ ਦੇਵ ਜੀ) ਮੱਕੇ ਵੱਲ ਪੈਰ ਕਰਕੇ ਸੁੱਤਾ ਪਿਆ ਹੈ। ਮਜਹਬ ਦੇ ਜਨੂੰਨ ਵਿੱਚ, ਜੀਵਨ ਗੁੱਸੇ ਵਿੱਚ ਆਇਆ ਤੇ ਗੁਰੂ ਨਾਨਕ ਦੇਵ ਜੀ ਨੂੰ ਜ਼ੋਰ ਦੀ ਲੱਤ ਮਾਰੀ ਤੇ ਨਾਲ ਕਬੋਲ ਸ਼ਬਦ ਬੋਲੇ ਤੇ ਕਿਹਾ ਤੂੰ ਕਿਹੜਾ ਕਾਫ਼ਰ ਹੈ, ਜੋ ਪਾਪ ਦਾ ਭਾਗੀ ਬਣਨ ਵਾਸਤੇ ਖ਼ੁਦਾ ਦੇ ਘਰ ਵੱਲ ਨੂੰ ਲੱਤਾਂ ਕਰਕੇ ਸੁੱਤਾ ਪਿਆ ਹੈਂ ? ਗੁਰੂ ਨਾਨਕ ਦੇਵ ਜੀ ਨੇ ਜੀਵਨ ਮੁੱਲਾਂ ਦੇ ਲੱਤ ਮਾਰਨ ਦਾ ਤੇ ਕਬੋਲ ਬੋਲਣ ਦਾ ਗੁੱਸਾ ਨਹੀਂ ਕੀਤਾ ਤੇ ਪਿਆਰ ਨਾਲ ਕਿਹਾ, ਭਾਈ! ਜਿੱਧਰ ਖ਼ੁਦਾ ਦਾ ਘਰ ਨਹੀਂ, ਉੱਧਰ ਮੇਰੀਆਂ ਲੱਤਾਂ ਕਰ ਦੇਹ। ਜੀਵਨ ਨੇ ਗੁੱਸੇ ਵਿੱਚ ਆ ਕੇ ਲੱਤਾਂ ਤੋਂ ਫੜ ਘਸੀਟ ਕੇ ਦੂਸਰੇ ਪਾਸੇ ਗੁਰੂ ਬਾਬੇ ਜੀ ਦੇ ਪੈਰ ਕਰ ਦਿੱਤੇ। ਜਿੱਧਰ-ਜਿੱਧਰ ਵੀ ਜੀਵਨ ਆਪ ਜੀ ਦੇ ਪੈਰ ਕਰਦਾ ਹੈ, ਕਾਹਬੇ ਦਾ ਮਹਿਰਾਬ ਉੱਧਰ ਹੀ ਘੁੰਮ ਜਾਂਦਾ ਵੇਖ, ਆਖ਼ਰ ਸੱਚਾਈ ਤੇ ਗੁਰੂ ਨਾਨਕ ਪਾਤਸ਼ਾਹ ਜੀ ਦੀ ਸਹਿਨਸ਼ੀਲਤਾ ਅੱਗੇ ਸਾਰਿਆਂ ਨੂੰ ਸਿਰ ਨਿਵਾਉਣਾ ਪਿਆ। ਸਾਰੇ ਹੈਰਾਨ ਹੋ ਕੇ, ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਉਚਾਰਨ ਲੱਗ ਪਏ। ਭਾਈ ਗੁਰਦਾਸ ਜੀ ਦਾ ਫੁਰਮਾਨ ਪੜ੍ਹੀਏ :

**ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।।**



**ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।।**
**ਬੈਠਾ ਜਾਇ ਮਸੀਤ ਵਿਚਿ ਜਿੱਥੈ ਹਾਜੀ ਹਜਿ ਗੁਜਾਰੀ।।**
**ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।।**
**ਜੀਵਣਿ ਮਾਰੀ ਲਤਿ ਦੀ ਕਿਹੜਾ ਸੁੱਤਾ ਕੁਫਰ ਕੁਫਾਰੀ।।**
**ਲਤਾਂ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।।**
**ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।।**
**ਹੋਇ ਹੈਰਾਨ ਕਰੇਨ ਜੁਹਾਰੀ।।੩੨।।** ਵਾਰ੧ ਪਉੜੀ ੩੨

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ। ਜਿਹੜੀ ਜੀਵ ਇਸਤਰੀ ਆਪਣੇ ਜੀਵਨ ਵਿੱਚ ਖਿਮਾ ਨੂੰ ਸੀਗਾਰ ਵਜੋਂ ਅਪਣਾ ਲੈਂਦੀ ਹੈ। ਭਾਵ ਖਿਮਾਂ ਦੀ ਧਾਰਨੀ ਬਣ ਜਾਂਦੀ ਉਹ ਜੀਵ ਆਤਮਾ, ਪ੍ਰਮਾਤਮਾ ਨੂੰ ਪ੍ਰਾਪਤ ਕਰ ਲੈਂਦੀ ਹੈ। ਆਪ ਦਾ ਫੁਰਮਾਨ ਹੈ :

**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ।।**

*ਮ: ੧, ਪੰਨਾ ੩੫੯*

ਬਾਬਾ ਕਬੀਰ ਜੀ ਦਾ ਸਲੋਕਾਂ ਅੰਦਰ ਬਚਨ ਹੈ। ਜਿਹੜਾ ਜਗਿਆਸੂ ਖਿਮਾ ਦਾ ਧਾਰਨੀ ਬਣ ਜਾਂਦਾ ਹੈ, ਉਸ ਹਿਰਦੇ ਵਿੱਚ ਪ੍ਰਮਾਤਮਾ ਦਾ ਖ਼ੁਦ ਨਿਵਾਸ ਹੁੰਦਾ ਹੈ। ਆਪ ਦਾ ਫੁਰਮਾਨ ਹੈ :

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ।।**
**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।੧੫੫।।**

*ਸਲੋਕ ਕਬੀਰ ਜੀ ਪੰਨਾ, ੧੩੭੨*

## ਜਿਹਵਾ ਮਣੀਆ ਮੰਤੁ

ਤੀਸਰਾ ਗੁਣ ਹੈ **ਜਿਹਵਾ ਮਣੀਆ ਮੰਤੁ,** ਨਾਮ ਸਿਮਰਨ ਵਿੱਚ ਬਹੁਤ ਬਰਕਤ ਹੈ। ਜਿਵੇਂ ਆਪਾਂ ਪਹਿਲੀ ਲਾਂਵ ਵਿੱਚ ਨਾਮ ਜਪ ਦੀ ਸੰਖੇਪ ਵਿਆਖਿਆ ਪੜ੍ਹੀ ਹੈ। ਜਿੱਥੇ ਨਾਮ, ਪਾਪ ਕਰਮਾਂ ਦਾ ਨਾਸ਼ ਕਰਕੇ ਮਨ ਨੂੰ ਪਵਿੱਤਰਤਾ ਪ੍ਰਦਾਨ ਕਰਦਾ ਹੈ ਉੱਥੇ ਨਾਮ ਜਪਣ ਵਾਲੇ ਨੂੰ ਅਕਹਿ ਰਸ ਦੀ ਬਖਸ਼ਿਸ਼ ਹੋ ਜਾਂਦੀ ਹੈ। ਨਾਮ ਜਪਣ ਵਾਲੇ ਦਾ, ਨਾਮੀ ਪ੍ਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ। ਜਿੱਥੇ ਜਪਣ ਵਾਲੇ ਨੂੰ ਸਹਿਜ ਅਵਸਥਾ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਉੱਥੇ ਪ੍ਰਭੂ ਨਾਮ ਜਪਣ ਵਾਲਾ ਮਿੱਠ ਬੋਲੜੇ ਸੁਭਾਅ ਦਾ ਧਾਰਨੀ ਬਣ ਜਾਂਦਾ ਹੈ। ਮਿੱਠ ਬੋਲੜਾ ਗੁਰਮੁਖ ਕਿਸੇ ਦੇ ਮਨ ਨੂੰ ਠੇਸ ਪਹੁੰਚਾਉਣ ਵਾਲੇ ਬੋਲ ਨਹੀਂ ਬੋਲਦਾ, ਕਿਉਂਕਿ ਉਸ ਨੂੰ ਇਹ ਲਖਤਾ

ਹੁੰਦੀ ਹੈ ਕਿ ਸਭਨਾਂ ਦੇ ਮਨ ਮੋਤੀਆਂ ਨਾਲੋਂ ਵੀ ਕੀਮਤੀ ਹਨ ਤੇ ਸਾਰਿਆਂ ਦੇ ਹਿਰਦਿਆਂ ਅੰਦਰ ਪ੍ਰਮਾਤਮਾ ਦਾ ਨਿਵਾਸ ਹੈ। ਜੇ ਮੈਂ ਕਿਸੇ ਦੇ ਮਨ ਨੂੰ ਕੌੜਾ ਫਿੱਕਾ ਬੋਲ ਕੇ ਠੇਸ ਪਹੁੰਚਾਵਾਂਗਾ, ਮੇਰੇ ਕੌੜਾ ਫਿੱਕਾ ਬੋਲਣ ਨਾਲ ਮਨੁੱਖ ਨਹੀਂ, ਮਨੁੱਖ ਦੇ ਹਿਰਦੇ ਵਿੱਚ ਵੱਸਦਾ ਪ੍ਰਮਾਤਮਾ ਦੁਖੀ ਹੋਵੇਗਾ ਕਿਉਂਕਿ, ਸਤਿਗੁਰੂ ਨੌਵੇਂ ਪਾਤਸ਼ਾਹ ਜੀ ਨੇ ਅਸਲੀਅਤ ਦਰਸਾਈ ਹੈ ਕਿ ਪ੍ਰਮਾਤਮਾ ਸਾਰੇ ਘਟਾਂ ਘਟਾਂ ਅੰਦਰ ਨਿਵਾਸ ਕਰਦਾ ਹੈਃ

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥** *ਪੰਨਾ ੧੪੨੭*

ਉਹ ਮਨੁੱਖ ਹਮੇਸ਼ਾ ਬਾਬਾ ਫਰੀਦ ਜੀ ਦੇ ਫੁਰਮਾਨ ਨੂੰ ਸਨਮੁਖ ਰੱਖ ਕੇ ਜੀਵਨ ਜਿਉਂਦਾ ਹੈ। ਆਪ ਦਾ ਫੁਰਮਾਨ ਹੈ –

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥੧੩੦॥**

*ਫਰੀਦ ਜੀ, ਪੰਨਾ ੧੩੮੪*

ਨਾਲ ਹੀ ਉਹ ਗੁਰੂ ਨਾਨਕ ਪਾਤਸ਼ਾਹ ਜੀ ਦੇ, ਆਸਾ ਜੀ ਦੀ ਵਾਰ ਅੰਦਰ ਅੰਕਤ ਕੀਤੇ ਉਹ ਬਚਨ, ਜੋ ਫਿੱਕਾ ਬੋਲਣ ਵਾਲੇ ਨੂੰ ਨੁਕਸਾਨ ਤੇ ਸਜਾ ਦਿਵਾਉਂਦੇ ਹਨ, ਹਮੇਸ਼ਾਂ ਯਾਦ ਰੱਖਦਾ ਹੈ। ਆਪ ਦੇ ਬਚਨ ਹਨ :

**ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥**
**ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥**[1]
**ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥**
**ਫਿਕਾ ਮੂਰਖੁ ਆਖੀਐ [2]ਪਾਣਾ ਲਹੈ ਸਜਾਇ॥੧॥**

*ਸਲੋਕ ਮਃ ੧, ਪੰਨਾ ੪੭੩*

ਸਾਰੇ ਗੁਣਾਂ ਤੇ ਸਾਰੀਆਂ ਚੰਗਿਆਈਆਂ ਦਾ ਤੱਤ, ਮਨ ਵਿੱਚ ਨਿਮ੍ਰਤਾ ਰੱਖ ਕੇ ਮਿੱਠ ਬੋਲੜੇ ਸੁਭਾਅ ਦੇ ਧਾਰਨੀ ਬਣਨਾ, ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਦਰਸਾਇਆ ਹੈ। ਆਪ ਜੀ ਦਾ ਆਸਾ ਜੀ ਦੀ ਵਾਰ ਅੰਦਰ ਫੁਰਮਾਨ ਹੈ :

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥** *ਮਃ ੧, ਪੰਨਾ ੪੭੦*

ਪੁਰਾਤਨ ਗ੍ਰੰਥਾਂ ਅੰਦਰ ਇੱਕ ਗਾਥਾ ਆਉਂਦੀ ਹੈ। ਜਿਸ ਵੇਲੇ ਰਾਮਚੰਦਰ ਜੀ ਬਨਵਾਸ ਕੱਟਣ ਵਾਸਤੇ ਜੰਗਲ ਵਿੱਚ ਪੁੱਜੇ। ਰਾਮ, ਲਛਮਣ ਤੇ ਸੀਤਾ ਜੀ ਨੇ ਵਿਚਾਰ ਅਰੰਭ ਕੀਤੀ ਕਿ ਅਸੀਂ ਕੋਈ ਥੋੜ੍ਹੇ ਦਿਨ ਬਨਵਾਸ ਨਹੀਂ ਕੱਟਣਾ, ਚੌਦਾਂ ਸਾਲ ਦਾ ਲੰਮੇਰਾ ਸਮਾਂ ਬਤੀਤ ਕਿਵੇਂ ਤੇ ਕਿੱਥੇ ਕਰਨਾ ਹੈ ? ਆਪਸੀ ਸਲਾਹ

1. ਸੋਅ 2. ਜੁੱਤੀਆਂ ਮਾਰਨ ਦੀ ਸਜਾ



ਮਸ਼ਵਰਾ ਕਰਨ ਉਪਰੰਤ, ਰਾਮ ਚੰਦਰ ਜੀ ਨੇ ਆਪਣੇ ਭਰਾਤਾ ਲੱਛਮਣ ਨੂੰ ਕਿਹਾ, ਕਿ ਔਹ ਥੋੜ੍ਹੀ ਦੂਰ ਇੱਕ ਸਾਧੂ ਧੂਆਂ ਲਾ ਕੇ ਤੱਪ ਕਰਦਾ ਹੈ, ਪਤਾ ਨਹੀਂ ਉਹ ਕਦੋਂ ਦਾ ਇਸ ਜੰਗਲ ਵਿੱਚ ਰਹਿ ਰਿਹਾ ਹੈ। ਉਸ ਨੂੰ ਇੱਕਾਂਤ ਵਿੱਚ ਕਿਵੇਂ ਰਹਿਣਾ ਹੈ ਤੇ ਜੰਗਲ ਦਾ ਸਾਰਾ ਭੇਤ ਹੋਵੇਗਾ ? ਤੂੰ ਜਾ ਕੇ ਉਸ ਸਾਧੂ ਨੂੰ ਪੁੱਛ ਕੇ ਆ। ਬਚਨ ਮੰਨ ਕੇ ਲੱਛਮਣ ਜੀ, ਉਸ ਸਾਧੂ ਪਾਸ ਗਏ ਤੇ ਸਾਧੂ ਦੇ ਸਨਮੁਖ ਖਲੋ ਕੇ ਬੇਨਤੀ ਕੀਤੀ, ਸਾਧੂ ਜੀ ਮਹਾਰਾਜ ! ਮੈਂ ਰਾਮ ਚੰਦਰ ਜੀ ਦਾ ਭਰਾਤਾ ਹਾਂ। ਸਾਨੂੰ ਚੌਦਾਂ ਸਾਲ ਦਾ ਬਨਵਾਸ ਪਿਤਾ ਨੇ ਦਿੱਤਾ ਹੈ। ਅਸੀਂ ਰਾਜ-ਮਹਿਲਾਂ ਵਿੱਚ ਸਮਾਂ ਗੁਜਾਰਨ ਵਾਲੇ ਹਾਂ। ਸਾਨੂੰ ਪਤਾ ਨਹੀਂ ਕਿ ਜੰਗਲ ਵਿੱਚ ਕਿਵੇਂ ਤੇ ਕਿਸ ਤਰ੍ਹਾਂ ਰਹਿਣਾ ਹੈ ? ਕ੍ਰਿਪਾ ਕਰਕੇ ਤੁਸੀਂ ਸਾਨੂੰ ਕੋਈ ਰਸਤਾ ਦਰਸਾਉ।

ਉਸ ਨਾਂਗੇ ਸਾਧੂ ਨੇ ਲਛਮਣ ਜੀ ਦੀ ਬੇਨਤੀ ਸ੍ਵਣ ਕੀਤੀ ਅਤੇ ਸੱਜੇ ਹੱਥ ਨਾਲ ਆਪਣੀ ਜੀਭ ਪਕੜ ਲਈ, ਖੱਬੇ ਹੱਥ ਨਾਲ ਆਪਣੀ ਕਾਮ ਇੰਦ੍ਰੀ ਪਕੜ ਲਈ ਤੇ ਆਪਣੇ ਅੱਗੇ ਲੱਗੇ ਧੂਏਂ ਦੀ ਪਰਕਰਮਾ ਕੀਤੀ ਤੇ ਬੈਠ ਗਿਆ। ਮੂੰਹ ਚੋਂ ਕੋਈ ਬਚਨ ਨਹੀਂ ਕੀਤਾ। ਸਾਧੂ ਅੱਖਾਂ ਮੀਟ ਆਪਣੇ ਭਜਨ ਕਰਨ ਵਿੱਚ ਇਸਥਿੱਤ ਹੋ ਗਿਆ। ਲੱਛਮਣ ਜੀ ਕੁਝ ਸਮਾਂ ਸਾਧੂ ਪਾਸ ਖਲੋ ਕੇ, ਵਾਪਸ ਆਪਣੇ ਭਰਾਤਾ ਰਾਮ ਜੀ ਪਾਸ ਆ ਗਏ। ਰਾਮ ਚੰਦਰ ਜੀ ਨੇ ਲਛਮਣ ਨੂੰ ਪੁੱਛਿਆ ਕਿ ਸਾਧੂ ਜੀ ਨੇ ਕੀ ਮਾਰਗ-ਦਰਸਾਇਆ ਹੈ ? ਲਛਮਣ ਜੀ ਕਹਿਣ ਲੱਗੇ ਮਹਾਰਾਜ! ਮੈਂ ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ ਸੀ, ਪਰ ਉਹ ਕੁਝ ਨਹੀਂ ਬੋਲੇ ਮੈਂ ਥੋੜ੍ਹਾ ਚਿਰ ਖਲੋ ਕੇ ਤੁਹਾਡੇ ਪਾਸ ਆ ਗਿਆ ਹਾਂ।

ਰਾਮ ਚੰਦਰ ਜੀ ਕਹਿਣ ਲੱਗੇ, ਹੇ ਲਛਮਣ! ਉਨ੍ਹਾਂ ਨੇ ਕੁਝ ਤੇ ਇਸ਼ਾਰਾ ਕੀਤਾ ਹੀ ਹੋਵੇਗਾ। ਲਛਮਣ ਜੀ ਕਹਿਣ ਲੱਗੇ, ਭਰਾਤਾ ਜੀ! ਜਦੋਂ ਮੈਂ ਉਨ੍ਹਾਂ ਦੇ ਸਨਮੁੱਖ ਬੇਨਤੀ ਕੀਤੀ, ਉਹ ਆਪਣੇ ਆਸਣ ਤੋਂ ਉੱਠੇ, ਉਨ੍ਹਾਂ ਆਪਣੇ ਸੱਜੇ ਹੱਥ ਨਾਲ ਆਪਣੀ ਜ਼ੁਬਾਨ ਪਕੜ ਲਈ ਖੱਬੇ ਹੱਥ ਨਾਲ ਕਾਮ-ਇੰਦਰੀ ਪਕੜ ਕੇ, ਆਪਣੇ ਧੂਏਂ ਦੀ ਪ੍ਰਕਰਮਾ ਕੀਤੀ ਤੇ ਬੈਠ ਗਏ। ਮੂੰਹ ਵਿੱਚੋਂ ਕੋਈ ਬਚਨ ਨਹੀਂ ਕੀਤਾ। ਰਾਮਚੰਦਰ ਜੀ, ਲਛਮਣ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਲਛਮਣ ! ਉਸ ਸਾਧੂ ਨੇ ਆਪਣੀ ਬੋਲੀ ਰਾਹੀਂ ਤੈਨੂੰ ਸਭ ਕੁੱਝ ਦਰਸਾ ਦਿੱਤਾ, ਪਰ ਤੂੰ ਉਸ ਸਾਧੂ ਦੀ ਬੋਲੀ ਨਹੀਂ ਸਮਝ ਸਕਿਆ। ਲਛਮਣ ਜੀ ਕਹਿਣ ਲੱਗੇ, ਮਹਾਰਾਜ ! ਸਾਧੂ ਤਾਂ ਬੋਲਿਆ ਵੀ ਨਹੀਂ, ਮੈਂ ਉਸ ਦੀ ਗੱਲ ਕਿਵੇਂ ਸਮਝਦਾ? ਰਾਮਚੰਦਰ ਜੀ ਕਹਿਣ ਲੱਗੇ, ਲਛਮਣ ! ਉਸ ਸਾਧੂ ਨੇ ਸਾਨੂੰ ਇਹ ਦਰਸਾਇਆ ਹੈ ਕਿ ਇੱਕ ਤੁਸੀਂ ਆਪਣੀ ਜੁਬਾਨ ਆਪਣੇ ਕਾਬੂ ਵਿੱਚ ਕਰ ਲਵੋ, ਦੂਸਰੇ ਆਪਣਾ ਆਚਰਣ

ਆਪਣੇ ਹੱਥ ਵਿੱਚ ਰੱਖੋ। ਇਨ੍ਹਾਂ ਦੋਵਾਂ ਇੰਦਰੀਆਂ ਨੂੰ ਕਾਬੂ ਕਰਕੇ, ਤੁਸੀਂ ਜਿੱਥੇ ਮਰਜ਼ੀ ਭ੍ਰਮਣ ਕਰੋ, ਸਾਰੀ ਧਰਤੀ ਤੁਹਾਡੀ ਹੀ ਹੈ। ਦੋਵੇਂ ਇੰਦ੍ਰੇ ਵੱਸ ਵਿੱਚ ਹੋ ਜਾਣ, ਹਰ ਥਾਂ ਹਰ ਜਗ੍ਹਾ ਤੁਹਾਡਾ ਮਾਣ ਸਤਿਕਾਰ ਹੋਵੇਗਾ। ਸੰਸਾਰ ਵਿੱਚ ਵੀ ਆਪਾਂ ਵੇਖਦੇ ਹਾਂ। ਸਾਰੇ ਪੁਆੜੇ-ਝਗੜੇ ਜ਼ੁਬਾਨ ਦੇ ਜਾਂ ਕਾਮ ਦੇ ਹਨ। ਜਿਸ ਬੰਦੇ ਦੀ ਜ਼ੁਬਾਨ ਤੇ ਕਾਮ ਕਾਬੂ ਵਿੱਚ ਆ ਗਏ ਉਸ ਨੂੰ ਕਿਸੇ ਪ੍ਰਕਾਰ ਦੀ ਪਰੇਸ਼ਾਨੀ ਨਹੀਂ ਬਿਆਪਦੀ।

ਜਿੱਥੇ ਇਸ ਸੰਸਾਰ ਵਿੱਚ, ਗ੍ਰਿਹਿਸਤ ਵਿੱਚ "ਸਹਿਜ" ਦੀ ਅਤਿਅੰਤ ਮਹੱਤਤਾ ਹੈ ਉੱਥੇ ਪਰਮਾਰਥ ਵਿੱਚ ਤਾਂ ਇਸ ਅਵਸਥਾ ਦੀ ਜੋ ਵਡਿਆਈ ਹੈ ਉਹ ਅਕਥਨੀਜ ਹੈ।

**ਸਹਜ ਕੀ ਅਕਥ ਕਥਾ ਹੈ ਨਿਰਾਰੀ।।**
**[1]ਤੁਲਿ ਨਹੀ ਚਢੈ ਜਾਇ ਨ ਮੁਕਾਤੀ[2] ਹਲੁਕੀ ਲਗੈ ਨ ਭਾਰੀ[3] ।।੧।। ਰਹਾਉ।।**

*ਕਬੀਰ ਜੀ, ਪੰਨਾ ੩੩੩*

ਭਾਵ ਕਿ ਇਹ "ਸਹਿਜ" ਅਵਸਥਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਇਹ ਆਪਣੇ ਵਰਗੀ ਆਪ ਹੀ ਹੈ। ਇਹ ਅਵਸਥਾ ਕਿਸੇ ਚੰਗੇ ਤੋਂ ਚੰਗੇ ਸੁੱਖ ਨਾਲ ਵੀ ਸਾਂਵੀ ਤੋਲੀ ਮਿਣੀ ਨਹੀਂ ਜਾ ਸਕਦੀ। ਦੁਨੀਆਂ ਦਾ ਕੋਈ ਵੀ ਐਸਾ ਸੁੱਖ ਨਹੀਂ ਹੈ ਜਿਸ ਦੇ ਟਾਕਰੇ ਇਹ ਆਖਿਆ ਜਾ ਸਕੇ ਕਿ "ਸਹਿਜ" ਅਵਸਥਾ ਇਸ ਤੋਂ ਵਧੀਆ ਹੈ ਜਾਂ ਘਟੀਆ ਭਾਵ ਇਸ ਅਵਸਥਾ ਦਾ ਟਾਕਰਾ ਕਰਨ ਲਈ ਕੁੱਝ ਹੋਰ ਹੈ ਹੀ ਨਹੀਂ।

ਪ੍ਰਮਾਤਮਾ ਅਡੋਲ ਹੈ ਤੇ ਟਿਕਾਉ ਵਿੱਚ ਹੈ। ਜਿਸਦਾ ਮਿਲਾਪ ਪ੍ਰਮਾਤਮਾ ਨਾਲ ਹੋ ਜਾਂਦਾ ਹੈ, ਉਹ ਵੀ ਅਡੋਲ ਟਿਕਾਉ ਵਾਲੀ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਪ੍ਰਾਪਤੀ ਤੋਂ ਬਿਨਾਂ, ਨਿਰਾ ਕਰਮਕਾਂਡ ਤੇ ਗਿਆਨ ਜਾਂ ਗੱਲਾਂ ਨਾਲ ਸਹਿਜ ਅਵਸਥਾ ਪ੍ਰਾਪਤ ਨਹੀਂ ਹੁੰਦੀ। ਸਤਿਗੁਰੂ ਅਮਰਦਾਸ ਜੀ ਦਾ ਅਨੰਦ ਬਾਣੀ ਅੰਦਰ ਫੁਰਮਾਨ ਹੈ–

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ।।** *ਪੰਨਾ ੯੧੯*

ਸਹਿਜ ਅਵਸਥਾ ਦੀ ਕਿਵੇਂ ਪ੍ਰਾਪਤੀ ਹੁੰਦੀ ਹੈ ?

ਜਗਿਆਸੂ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਮਨ ਨੂੰ ਪਵਿੱਤਰ ਕਰ ਲਵੇ। ਮਨ ਪਵਿੱਤਰ ਹੋਣ ਨਾਲ ਗੁਰੂ ਦੀ ਮਿਹਰ ਪ੍ਰਾਪਤ ਹੋ ਜਾਂਦੀ ਹੈ। ਗੁਰੂ ਦੀ ਮਿਹਰ ਪ੍ਰਾਪਤ ਹੋਣ ਨਾਲ ਸਹਿਜ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਆਪ ਦਾ ਫੁਰਮਾਨ ਹੈ–

1. ਤੱਕੜੀ ਉੱਪਰ ਤੋਲ ਕੇ ਦਰਸਾਈ ਨਹੀਂ ਜਾ ਸਕਦੀ 2. ਮੁਕਦੀ ਨਹੀਂ (ਨਾਸ਼ ਨਹੀਂ ਹੁੰਦੀ) 3. ਇੱਕ ਸਮਾਨ



**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।।**
**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ।।੧੮।।**

*ਮ: ੩, ਪੰਨਾ ੯੧੯*

ਪ੍ਰਮਾਤਮਾ ਸਹਿਜ ਰੂਪ ਹੈ। ਜਿਵੇਂ ਪ੍ਰਮਾਤਮਾ ਨੂੰ ਵਖਿਆਨ ਕਰਕੇ ਦਰਸਾਇਆ ਨਹੀਂ ਜਾ ਸਕਦਾ ਤਿਵੇਂ ਸਹਿਜ ਅਵਸਥਾ ਨੂੰ ਵੀ ਦਰਸਾਇਆ ਨਹੀਂ ਜਾ ਸਕਦਾ। ਇਸ ਅਵਸਥਾ ਉੱਪਰ ਤਾਂ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੀ ਢੁੱਕਦਾ ਹੈ। ਆਪ ਜੀ ਸੋਰਠਿ ਰਾਗ ਅੰਦਰ ਫੁਰਮਾਨ ਕਰਦੇ ਹਨ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।।**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।।੧।। ਰਹਾਉ।।**
**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।।**
**[1]ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।।੧।।**
**[2]ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।।**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ।।੨।।**
**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।।**
**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।੩।।**

*ਸੋਰਠਿ ਮ: ੯, ਪੰਨਾ ੬੩੩*

ਬ੍ਰਹਮ ਗਿਆਨ ਦੀ ਅਵਸਥਾ ਦੇ ਮਾਲਕ ਤੇ ਸਹਿਜ ਅਵਸਥਾ ਦੇ ਧਾਰਨੀ ਪ੍ਰਤੀ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ–

**ਪ੍ਰਭ ਕੀ ਆਗਿਆ ਆਤਮ ਹਿਤਾਵੈ[3]।। ਜੀਵਨ ਮੁਕਤਿ ਸੋਊ ਕਹਾਵੈ।।**
**ਤੈਸਾ[4] ਹਰਖੁ ਤੈਸਾ ਉਸੁ ਸੋਗੁ[5]।। ਸਦਾ ਅਨੰਦੁ ਤਹ ਨਹੀ ਬਿਓਗੁ[6]।।**
**ਤੈਸਾ [7]ਸੁਵਰਨੁ ਤੈਸੀ ਉਸੁ ਮਾਟੀ[8]।। ਤੈਸਾ ਅੰਮ੍ਰਿਤੁ ਤੈਸੀ ਬਿਖੁ[9] ਖਾਟੀ।।**
**ਤੈਸਾ ਮਾਨੁ ਤੈਸਾ ਅਭਿਮਾਨੁ।। ਤੈਸਾ [10]ਰੰਕੁ ਤੈਸਾ ਰਾਜਾਨੁ[11]।।**
**ਜੋ ਵਰਤਾਏ ਸਾਈ ਜੁਗਤਿ।। ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।।**

*ਸੁਖਮਨੀ ਮ: ੫, ਪੰਨਾ ੨੭੫*

ਨਿਰਾ ਸਤਿਗੁਰਾਂ ਨੇ ਕਿਹਾ ਹੀ ਨਹੀਂ, ਇਸ ਸਹਿਜ ਅਵਸਥਾ ਨੂੰ ਆਪਣੇ ਜੀਵਨ ਵਿੱਚ ਕਮਾ ਕੇ ਹੰਢਾ ਕੇ ਦਰਸਾਇਆ ਹੈ। ਉਂਞ ਤਾਂ ਸਤਿਗੁਰੂ ਅਰਜਨ ਦੇਵ ਜੀ ਦਾ ਸਾਰਾ ਜੀਵਨ ਹੀ ਸਹਿਜ ਅਵਸਥਾ ਦਾ ਅਨੂਠਾ ਨਮੂਨਾ ਹੈ। ਭਾਵੇਂ ਪ੍ਰਿਥੀ ਚੰਦ ਆਪਣੇ

1. ਖੁਸ਼ੀ, ਗਮੀ 2. ਲੋਕ ਪ੍ਰਲੋਕ ਦੇ ਸੁੱਖਾਂ ਦੀ ਇੱਛਾਵਾਂ 3. ਚੰਗੀ ਲੱਗੇ 4. ਖੁਸ਼ੀ 5. ਗਮੀ 6. ਵਿਛੋੜੇ ਦਾ ਦੁੱਖ 7. ਸੋਨਾ 8. ਮਿੱਟੀ 9. ਕੌੜੀ ਜ਼ਹਿਰ 10. ਗਰੀਬ 11. ਰਾਜਾ

ਰੱਖੇ ਹੋਏ ਮਸੰਦਾਂ ਰਾਹੀਂ ਸਾਰੀ ਮਾਇਆ ਸੰਗਤਾਂ ਪਾਸੋਂ ਆਪਣੇ ਪਾਸ ਲੈ ਆਉਂਦਾ ਤੇ ਲੰਗਰ ਵੇਲੇ ਸੰਗਤਾਂ ਨੂੰ ਗੁਰੂ ਕੇ ਲੰਗਰ ਵੱਲ ਭੇਜ ਦਿੰਦਾ। ਇੱਕ ਸਮਾਂ ਐਸਾ ਆ ਗਿਆ, ਗੁਰੂ ਕੇ ਲੰਗਰ ਵਿੱਚ ਸੰਗਤਾਂ ਇੱਕ-ਇੱਕ ਛੋਲਿਆ ਦੇ ਪ੍ਰਸ਼ਾਦੇ ਤੇ ਗੁਜਾਰਾ ਕਰਦੀਆਂ ਰਹੀਆਂ। ਪਰ ਆਪ ਅਡੋਲ ਰਹੇ। ਜੇ ਪ੍ਰਿਥੀ ਚੰਦ ਨੇ ਗੁਰੂ ਘਰ ਉੱਪਰ ਕਦੇ ਬੀਰਬਲ, ਕਦੇ ਸੁਲਬੀ ਖਾਂ, ਕਦੇ ਸੁਲਹੀ ਖਾਂ ਨੂੰ ਚੜ੍ਹਾ ਲਿਆਂਦਾ ਪਰ ਆਪ ਦੀ ਆਤਮਿਕ ਅਵਸਥਾ ਵਿੱਚ ਭੋਰਾ ਜਿੰਨਾ ਵੀ ਡੋਲਤਾ ਨਹੀਂ ਆਈ ਆਪ ਜੀ ਨੇ ਅਡੋਲ ਰਹਿ ਕੇ ਫੁਰਮਾਨ ਕੀਤਾ, ਸਿੱਖੋ ! ਕੋਈ ਉਪਰਾਲਾ ਕਰਨ ਦੀ ਲੋੜ ਨਹੀਂ ਬਸ **ਮੈ ਸਭੁ ਕਿਛੁ ਛੋਡਿ ਪ੍ਰਭ ਤੂਹੀ ਧਿਆਇਆ॥** ਦੇ ਧਾਰਨੀ ਬਣੋ।

ਸਮਾਂ ਆਇਆ, ਆਪ ਜੀ ਨੂੰ ਜਹਾਂਗੀਰ ਨੇ ਬਿਨਾਂ ਕਾਰਨ ਤੱਤੀ ਤਵੀ ਉੱਪਰ ਬਿਠਾਲਣ, ਗਰਮ ਰੇਤਾ ਦੇ ਤਸੀਹੇ ਤੇ ਦੇਗ ਵਿੱਚ ਉਬਾਲ ਕੇ ਸਜਾਵਾਂ ਦੇਣ ਦਾ ਹੁਕਮ ਜਾਰੀ ਕੀਤਾ। ਇਸ ਹੁਕਮ ਨਾਲ ਵੀ ਆਪ ਦੀ ਸਹਿਜ ਅਵਸਥਾ ਵਿੱਚ ਡੁਲਾਉ ਨਹੀਂ ਆਇਆ। ਆਪ ਤੱਤੀ ਤਵੀ ਉੱਪਰ ਬੈਠੇ ਵੀ :

**ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥੨॥**

*ਆਸਾ ਮ: ੫, ਪੰਨਾ ੩੯੪*

ਦੀ ਯਾਚਨਾ ਕਰਦੇ ਰਹੇ। ਸਾਈਂ ਮੀਆਂ ਮੀਰ ਨੇ ਸਾਹਿਬਾਂ ਦੇ ਦਰਸ਼ਨ ਕੀਤੇ ਅਤੇ ਆਪ ਨਾਲ ਦੁੱਖ ਪ੍ਰਗਟਾਇਆ। ਸਤਿਗੁਰੂ ਜੀ ਸਾਂਈ ਜੀ ਨੂੰ ਕਹਿਣ ਲੱਗੇ, ਸਾਂਈ ਜੀ ! ਤਦ ਕੀ ਹੋਇਆ, ਅੱਜ ਮੇਰੇ ਮਿੱਤਰ ਵਾਹਿਗੁਰੂ ਨੇ ਤੱਤੀ ਤਵੀ ਉੱਪਰ ਬੈਠਾ ਦਿੱਤਾ। ਕਿਸੇ ਸਮੇਂ ਮੇਰੇ ਮਾਲਕ ਨੇ ਮੈਨੂੰ ਗੁਰਤਾ ਗੱਦੀ ਉੱਪਰ ਵੀ ਬਿਠਾਇਆ ਸੀ। ਗੁਰਤਾ ਗੱਦੀ ਉੱਪਰ ਬਿਠਾਉਣ ਵਾਲਾ ਵੀ ਉਹ ਆਪ ਅਤੇ ਤੱਤੀ ਤਵੀ ਉੱਪਰ ਬਿਠਾਉਣ ਵਾਲਾ ਵੀ ਉਹ ਆਪ। ਇਸ ਲਈ ਮੇਰਾ ਮਾਲਕ ਜਿੱਥੇ ਵੀ, ਜਿਸ ਹਾਲਤ ਵਿੱਚ ਵੀ ਰੱਖੇ, ਮੇਰੇ ਲਈ **ਜਿਥੈ ਰਖਹਿ ਬੈਕੁੰਠੁ ਤਿਥਾਈ** ਦੇ ਸਮਾਨ ਹੈ। ਇਸ ਲਈ ਮੈਂ ਆਪਣੇ ਮਾਲਕ ਦੀ ਰਜ਼ਾ ਵਿੱਚ ਰਾਜ਼ੀ ਹਾਂ। ਆਪ ਸਾਹਿਬਾਂ ਨੇ ਫੁਰਮਾਨ ਕੀਤਾ—

[1]**ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥੧॥**
**ਏਕਾ ਟੇਕ ਮੇਰੈ ਮਨਿ ਚੀਤ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥੧॥ ਰਹਾਉ॥**

*ਗਉੜੀ ਮ: ੫, ਪੰਨਾ ੧੮੭*

1. ਹੇ ਭਾਈ ! ਸਾਡਾ ਮਿੱਤਰ ਪ੍ਰਮਾਤਮਾ ਜੋ ਕੁਝ ਕਰਦਾ ਹੈ, ਅਸੀਂ ਉਸ ਨੂੰ ਮਿੱਠਾ ਕਰਕੇ ਮੰਨਦੇ ਹਾਂ। ਵਾਹਿਗੁਰੂ ਮਿੱਤਰ ਦੇ ਹਰ ਪ੍ਰਕਾਰ ਦੇ ਕੌਤਕ ਤੇ ਕਰਤੱਵ ਸਾਡੇ ਵਾਸਤੇ ਸੁੱਖ ਅਤੇ ਖੁਸ਼ੀ ਭਰੇ ਸਾਨੂੰ ਮਹਿਸੂਸ ਹੁੰਦੇ ਹਨ। ਮੇਰੇ ਮਨ ਤੇ ਚਿੱਤ ਵਿੱਚ ਇੱਕ ਵਾਹਿਗੁਰੂ ਮਿੱਤਰ ਦੀ ਟੇਕ ਹੈ, ਕਿਉਂਕਿ ਸਭ ਕੁਝ ਉਸ ਨੇ ਹੀ ਕਰਨਾ ਹੈ, ਤੇ ਕਰ ਰਿਹਾ ਹੈ।



ਇਸ ਲਈ ਸਾਂਈ ਜੀ !

[1]**ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥੧॥ ਰਹਾਉ॥**
**ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ॥**
**ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥੧॥**

*ਮ: ੫, ਪੰਨਾ ੯੭੮*

ਸਹਿਜ ਅਵਸਥਾ ਵਾਲਾ, ਪ੍ਰਮਾਤਮਾ ਦੇ ਹੁਕਮ ਰਜਾਈ ਚੱਲਣ ਵਾਲਾ ਹੁੰਦਾ ਹੈ। ਉਸ ਵਿੱਚ ਅਜ਼ਰ ਨੂੰ ਜ਼ਰਨ ਦੀ ਤਾਕਤ ਹੁੰਦੀ ਹੈ। ਉਹ ਹਮੇਸ਼ਾ ਅਡੋਲ ਰਹਿੰਦਾ ਹੈ। ਉਸ ਨੂੰ ਆਪਣੀ ਵਡਿਆਈ ਕਰਾਉਣ ਦੀ ਭੁੱਖ ਨਹੀਂ ਹੁੰਦੀ। ਉਹ ਸੰਤੋਖ ਦਾ ਧਾਰਨੀ ਤੇ ਵੱਡੇ ਜਿਗਰੇ ਵਾਲਾ ਹੁੰਦਾ ਹੈ। ਉਹ ਆਤਮਿਕ ਸ਼ਕਤੀ ਦੁਆਰਾ ਵਰ-ਸਰਾਪ ਦੀ ਪ੍ਰਦਰਸ਼ਨੀ ਵੀ ਨਹੀਂ ਕਰਦਾ। ਉਸ ਵਿੱਚ ਪੂਰੀ ਆਤਮਿਕ ਸੱਤਿਆ ਹੋਣ ਤੇ ਵੀ ਉਹ ਪ੍ਰਭੂ ਹੁਕਮ ਨੂੰ ਸਿਰਮੌਰ ਜਾਣ ਕੇ ਰਜ਼ਾ ਦਾ ਧਾਰਨੀ ਬਣਿਆ ਰਹਿੰਦਾ ਹੈ। ਸਹਿਜ ਅਵਸਥਾ ਵਾਲਾ ਆਪਣੇ ਸਹਿਜ ਦਾ ਸੁਭਾਅ ਨਹੀਂ ਤਿਆਗਦਾ।

[2]**ਹਰਿ ਜਨੁ ਰਾਮ ਨਾਮ ਗੁਨ ਗਾਵੈ॥**
**ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥੧॥ ਰਹਾਉ॥**

*ਮ: ੪, ਪੰਨਾ ੭੨੦*

ਅਜਿਹੀ ਸਹਿਜ ਅਵਸਥਾ ਦੀ ਮਿਸਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ ਦੀ ਮਿਲਦੀ ਹੈ। ਜਿਸ ਵੇਲੇ ਸ਼ਿਵਰਾਤਰੀ ਦੇ ਮੇਲੇ ਤੇ ਗੁਰੂ ਨਾਨਕ ਦੇਵ ਜੀ ਆਏ। ਜੋਗੀਆਂ ਨਾਲ ਵਿਚਾਰ ਚਰਚਾ ਕਰਨ ਉਪਰੰਤ, ਸਤਿਗੁਰੂ ਨਾਨਕ ਪਾਤਸ਼ਾਹ ਜੀ ਪਾਸੋਂ ਜੋਗੀ ਹਾਰ ਖਾ ਗਏ। ਆਪਣੇ ਵਕਾਰ ਨੂੰ ਮੁੜ ਸੁਰਜੀਤ ਕਰਨ ਵਾਸਤੇ,

1. ਹੇ ਪ੍ਰਮਾਤਮਾ ! ਮੈਂ ਕਿਸੇ ਨੂੰ ਉਲਾਂਭਾ ਨਹੀਂ ਦਿੱਤਾ ਤੇ ਨਾ ਦਿੰਦਾ ਹਾਂ। ਕਿਉਂਕਿ ਜੋ ਤੁਸੀਂ ਕਰਦੇ ਹੋ, ਮੇਰਾ ਮਨ ਉਸ ਨੂੰ ਹੁਣ ਮਿੱਠਾ ਕਰਕੇ ਮੰਨਦਾ ਹੈ। ਹੇ ਪ੍ਰਭੂ! ਤੁਹਾਡੇ ਹੁਕਮ ਨੂੰ ਤੁਹਾਡੀ ਰਜ਼ਾ ਨੂੰ ਮੈਂ ਮਿੱਠੀ ਸਮਝ ਕੇ ਸਦੀਵੀ ਸੁੱਖ ਪ੍ਰਾਪਤ ਕਰ ਲਿਆ ਹੈ ਤੇ ਆਪ ਜੀ ਦਾ ਪਾਵਨ ਨਾਮ ਮੇਰਾ ਜੀਵਨ ਅਧਾਰ ਬਣ ਚੁੱਕਾ ਹੈ। ਹੁਣ ਸਤਿਗੁਰੂ ਦੀ ਮਿਹਰ ਨਾਲ ਮੈਨੂੰ ਇਹ ਸਮਝ ਆ ਗਈ ਹੈ ਕਿ ਇੱਥੇ, ਉੱਥੇ, ਘਰ-ਬਾਹਰ ਸਭਨੀ ਥਾਂਈ ਤੁਸੀਂ ਆਪ ਹੀ ਵਰਤ ਰਹੇ ਹੋ, ਤੁਹਾਥੋਂ ਬਿਨਾਂ ਹੋਰ ਕੋਈ ਨਹੀਂ ਹੈ।

2. ਹਰੀ ਦਾ ਦਾਸ, ਹਮੇਸ਼ਾ ਆਪਣੇ ਮਾਲਕ ਦੇ ਗੁਣ ਗਾਉਂਦਾ ਰਹਿੰਦਾ ਹੈ। ਜੇ ਕੋਈ ਮਨੁੱਖ ਹਰੀ ਜਨ ਦੀ ਨਿੰਦਿਆ ਵੀ ਕਰੇ, ਤਦ ਵੀ ਉਹ ਆਪਣੇ ਸੁਭਾਅ ਦਾ ਤਿਆਗ ਨਹੀਂ ਕਰਦਾ।

ਉਨ੍ਹਾਂ ਆਪਣੀ ਜੋਗ ਸ਼ਕਤੀ ਨਾਲ ਕਰਾਮਾਤਾਂ ਵਿਖਾਣੀਆਂ ਅਰੰਭ ਕਰ ਦਿੱਤੀਆਂ। ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਇੱਕਤਾਲਵੀ ਪਉੜੀ ਅੰਦਰ ਕੀਤਾ ਹੈ। ਆਪ ਫੁਰਮਾਨ ਕਰਦੇ ਹਨ—

**[1]ਇਹਿ ਸੁਣਿ ਬਚਨਿ ਜੋਗੀਸਰਾਂ ਮਾਰਿ ਕਲਕ ਬਹੁ ਰੂਇ ਉਠਾਈ।।**
**ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।।**
**ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।।**
**ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤਿ ਦਿਖਾਈ।।**
**ਇਕਿ ਪਰਿ ਕਰਿ ਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।।**
**ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।।**
**ਤਾਰੇ ਤੋੜੇ ਭੰਗਰਿ ਨਾਥ ਇੱਕ ਚੜਿ ਮਿਰਗਾਨੀ ਜਲੁ ਤਰਿ ਜਾਈ।।**
**ਸਿਧਾ ਅਗਨਿ ਨ ਬੁਝੈ ਬੁਝਾਈ।।੪੧।।** *ਵਾਰ ੧ ਪਉੜੀ ੪੧*

ਸਤਿਗੁਰੂ ਨਾਨਕ ਦੇਵ ਜੀ ਜੋਗੀਆਂ ਵੱਲੋਂ, ਰਿੱਧੀਆਂ ਸਿੱਧੀਆਂ ਦਾ ਕੀਤਾ ਤਮਾਸ਼ਾ, ਬੜੀ ਅਡੋਲ ਅਵਸਤਾ ਵਿੱਚ ਬੈਠ ਕੇ ਵੇਖਦੇ ਰਹੇ। ਉਨ੍ਹਾਂ ਦੀਆਂ ਕਰਾਮਾਤਾਂ ਵੱਲ ਵੇਖ ਕੇ, ਆਪਣੀ ਸ਼ਕਤੀ ਵਿਖਾਲਣ ਦੀ ਭੋਰਾ ਜਿੰਨੀ ਵੀ ਲਾਲਸਾ ਪੈਦਾ ਨਹੀਂ ਹੋਈ ਅਤੇ ਨਾ ਹੀ ਇਹ ਮਹਿਸੂਸ ਹੋਇਆ ਕਿ ਜੋਗੀਆਂ ਨੇ ਇੰਨੀਆਂ ਕਰਾਮਾਤਾਂ ਵਿਖਾ ਕੇ ਸਾਡੀ ਹੇਠੀ ਕੀਤੀ ਹੈ। ਸਤਿਗੁਰਾਂ ਦੇ ਸਹਿਜ ਵਿੱਚ ਜਰਾ ਉਤਰਾਅ ਚੜ੍ਹਾ ਨਾ ਆਇਆ। ਆਖਰ ਜੋਗੀਆਂ ਨੂੰ ਕਹਿਣਾ ਪਿਆ ਕਿ ਅਸੀਂ ਇੰਨੀਆਂ ਕਰਾਮਾਤਾਂ ਵਿਖਾਈਆਂ ਹਨ। ਤੁਸੀਂ ਵੀ ਕੋਈ ਆਤਮਿਕ ਸ਼ਕਤੀ

1. ਗੁਰੂ ਨਾਨਕ ਪਾਤਸ਼ਾਹ ਜੀ ਦੇ ਸੱਚੇ ਬਚਨਾਂ ਨੂੰ ਨਾ ਸਹਾਰਦੇ ਹੋਏ ਸਿੱਧਾਂ ਨੇ ਆਪਣੀਆਂ ਸ਼ਕਤੀਆਂ ਵਿਖਾਉਣ ਲਈ ਬੜੇ ਰੋਹ ਵਿੱਚ ਆ ਕੇ ਚਾਂਗਰਾ ਤੇ ਕਿਲਕਾਰੀਆਂ ਮਾਰੀਆਂ ਅਤੇ ਬੜੇ ਗੁੱਸੇ ਵਿੱਚ ਆ ਕੇ ਭੂਤਾਂ-ਪ੍ਰੇਤਾਂ ਦੀਆਂ ਡਰਾਉਣੀਆਂ ਸ਼ਕਲਾਂ ਧਾਰਨ ਕਰ ਲਈਆਂ ਅਤੇ ਨਾਲ ਇਸ ਤਰ੍ਹਾਂ ਕਹਿਣ ਲੱਗੇ ਕਿ ਕਲਜੁਗ ਵਿੱਚ ਬੇਦੀ ਨਾਨਕ ਨੇ ਆ ਕੇ ਛੇ ਸ਼ਾਸਤਰਾਂ ਦੀ ਬਹੁਤ ਨਿਖੇਧੀ ਕੀਤੀ ਹੈ। ਇੰਨੀ ਗੱਲ ਕਹਿ ਕੇ ਸਿੱਧਾਂ ਨੇ ਤੰਤਰ, ਮੰਤਰਾਂ ਦੀਆਂ ਧੁਨੀਆਂ ਉਚਾਰਨੀਆਂ ਅਰੰਭ ਕਰ ਦਿੱਤੀਆਂ ਅਤੇ ਆਪਣੀ ਤਾਕਤ ਦਾ ਮੁਜਾਹਰਾ ਕਰਨ ਲੱਗ ਪਏ। ਜੋਗੀਆਂ ਨੇ ਕਰਾਮਾਤਾਂ ਦੀ ਸ਼ਕਤੀ ਨਾਲ, ਆਪਣੇ ਰੂਪ ਬਦਲ ਲਏ, ਕੋਈ ਸ਼ੇਰ ਬਣ ਗਿਆ ਕੋਈ ਬਾਘ ਬਣ ਕੇ ਡਰਾਉਣ ਲੱਗਾ। ਕਈਆਂ ਨੇ ਪੰਛੀਆਂ ਦਾ ਰੂਪ ਬਣਾ ਲਿਆ ਤੇ ਅਸਮਾਨ ਵਿੱਚ ਉਡਾਰੀਆਂ ਲਾਉਣ ਲੱਗ ਪਏ। ਕਈਆਂ ਨੇ ਫਨੀਅਰ ਸੱਪਾਂ ਦਾ ਰੂਪ ਧਾਰ ਲਿਆ ਅਤੇ ਜ਼ੋਰ-ਜ਼ੋਰ ਦੀ ਫੂੰਕਾਰੇ ਮਾਰਨ ਲੱਗੇ। ਕਿਸੇ ਨੇ ਆਪਣੀ ਤਾਂਤਰਿਕ ਸ਼ਕਤੀ ਨਾਲ ਅਸਮਾਨ ਵਿੱਚੋਂ ਅੱਗ ਦਾ ਮੀਂਹ ਵਰਸਾਉਣਾ ਅਰੰਭ ਕਰ ਦਿੱਤਾ। ਕੋਈ ਮ੍ਰਿਗਸ਼ਾਲਾ ਪਾਣੀ ਉੱਪਰ ਸੁੱਟ ਕੇ ਉਸ ਤੇ ਬੈਠ ਕੇ ਪਾਣੀ ਵਿੱਚ ਤੈਰਨ ਲੱਗਾ। ਭੰਗਰ ਨਾਥ ਨੇ ਤਾਂ ਅਤਿ ਹੀ ਕਰ ਦਿੱਤੀ, ਅਸਮਾਨ ਚੋਂ ਤਾਰੇ ਤੋੜਨ ਲੱਗ ਪਿਆ। ਇੰਨਾ ਕੁਝ ਕਰਨ ਨਾਲ ਵੀ ਸਿੱਧਾਂ ਦੇ ਮਨ ਨੂੰ ਸ਼ਾਂਤੀ ਨਾ ਆਈ।



ਸਾਨੂੰ ਵਿਖਾਓ :

**ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ ?**

*ਵਾਰ, ਭਾਈ ਗੁਰਦਾਸ ਜੀ*

ਸਤਿਗੁਰਾਂ ਕੇਵਲ ਇੰਨਾ ਉੱਤਰ ਹੀ ਦਿੱਤਾ :

**ਬਾਬਾ ਬੋਲੇ, ਨਾਥ ਜੀ ਅਸਿ ਵੇਖਣਿ ਜੋਗੀ ਵਸਤੁ ਨ ਕਾਈ।।**

*ਵਾਰ, ਭਾਈ ਗੁਰਦਾਸ ਜੀ*

ਸਤਿਗੁਰੂ ਕਹਿਣ ਲੱਗੇ, ਨਾਥ ਜੀ ! ਪਹਿਲਾਂ ਤੁਹਾਡੇ ਪ੍ਰਤੀ ਮੇਰੇ ਮਨ ਵਿੱਚ ਬੜਾ ਸਤਿਕਾਰ ਸੀ, ਪਰ ਇਹ ਕਰਾਮਾਤੀ-ਤਮਾਸ਼ਾ ਵੇਖ ਕੇ ਮੇਰੇ ਮਨ ਵਿੱਚੋਂ ਤੁਹਾਡਾ ਸਤਿਕਾਰ ਜਾਂਦਾ ਲੱਗਾ ਹੈ ਕਿਉਂਕਿ ਤੁਹਾਡੇ ਅੰਦਰ ਤਾਂ ਭੋਰਾ ਜਿੰਨਾ ਵੀ ਸਹਿਜ ਨਹੀਂ। ਤੁਸੀਂ ਤਾਂ ਥੋੜ੍ਹੀ ਜਿਹੀ ਕਰਾਮਾਤੀ ਸ਼ਕਤੀ ਨੂੰ ਵੀ ਜਰ ਨਹੀਂ ਸਕਦੇ। ਜੇ ਤਹਾਨੂੰ ਪ੍ਰਭੂ ਮਿਲਾਪ ਹੋ ਗਿਆ, ਉਸ ਅਨੰਦ-ਪ੍ਰੇਮ ਨੂੰ ਤੁਸੀਂ ਕਿਵੇਂ ਜਰੋਗੇ ? ਹਾਂ ਤੁਸੀਂ ਮੈਨੂੰ ਵਾਰ-ਵਾਰ ਪੁੱਛਦੇ ਹੋ ਕਿ ਤੇਰੇ ਅੰਦਰ ਕਿੰਨੀ ਕੁ ਸ਼ਕਤੀ ਹੈ। ਹਾਂ ਪ੍ਰਮਾਤਮਾ ਨੇ ਜੋ ਮੈਨੂੰ ਆਤਮਿਕ ਸ਼ਕਤੀ ਬਖਸ਼ਿਸ਼ ਕੀਤੀ ਹੈ, ਮੈਂ ਉਸ ਦਾ ਪ੍ਰਦਰਸ਼ਨ ਤਾਂ ਨਹੀਂ ਕਰਨਾ, ਕੇਵਲ ਜੁਬਾਨ ਨਾਲ ਬੋਲ ਕੇ ਤੁਹਾਨੂੰ ਦਰਸਾ ਦਿੰਦਾ ਹੈ।

ਹੇ ਸਿੱਧੋ! ਜੋਗੀ ਜਨੋ, ਮੈਂ ਅੱਗ ਦੇ ਕੱਪੜੇ ਪਾ ਸਕਦਾ ਹਾਂ। ਬਰਫ਼ ਦੇ ਘਰ ਵਿੱਚ ਰਹਿ ਸਕਦਾ ਹਾਂ। ਲੋਹੇ ਨੂੰ ਭੋਜਨ ਦੀ ਥਾਂ ਖਾ ਕੇ ਆਪਣਾ ਅਹਾਰ ਕਰ ਸਕਦਾ ਹਾਂ। ਸਾਰੀ ਦੁਨੀਆਂ ਦੇ ਦੁੱਖਾਂ ਨੂੰ ਮੈਂ ਪਾਣੀ ਦੀ ਤਰ੍ਹਾਂ ਪੀ ਸਕਦਾ ਹਾਂ। ਭਾਵ ਸਾਰੇ ਦੁੱਖਾਂ ਨੂੰ ਸਹਾਰਨ ਦੀ ਮੇਰੇ ਵਿੱਚ ਸ਼ਕਤੀ ਹੈ। ਸਾਰੀ ਧਰਤੀ ਨੂੰ ਜਿੱਧਰ ਮੈਂ ਚਾਹਾਂ ਆਪਣੇ ਹੁਕਮ ਵਿੱਚ ਤੋਰ ਸਕਦਾ ਹਾਂ, ਇਹ ਅਸਮਾਨ ਜੋ ਦਿਸਦਾ ਹੈ ਇਸ ਨੂੰ ਤੱਕੜੀ ਦੇ ਇੱਕ ਛਾਬੇ ਵਿੱਚ ਰੱਖ ਕੇ ਦੂਜੇ ਪਾਸੇ ਚਾਰ ਮਾਸੇ ਦੇ ਵੱਟੇ ਨਾਲ ਜੋਖ ਸਕਦਾ ਹਾਂ। ਮੈਂ ਆਪਣੇ ਸਰੀਰ ਨੂੰ ਇੰਨਾ ਵੱਡਾ ਵਧਾ ਸਕਦਾ ਹਾਂ ਕਿ ਸਾਰੀ ਧਰਤੀ ਉੱਤੇ ਵੀ ਮੇਰਾ ਸਰੀਰ ਸਮਾ ਨਹੀਂ ਸਕੇਗਾ। ਸਾਰੇ ਜੀਵਾਂ ਜੰਤਾਂ ਨੂੰ ਆਪਣੇ ਹੁਕਮ ਵਿੱਚ ਤੋਰਨ ਦੀ ਸਮਰੱਥਾ ਮੇਰੇ ਵਿੱਚ ਹੈ। ਮੇਰੀ ਇੱਛਾ ਸ਼ਕਤੀ ਵਿੱਚ ਇੰਨਾ ਬਲ ਹੈ ਕਿ ਮੈਂ ਜੋ ਚਾਹਾਂ ਕਰਾਂ ਤੇ ਸਾਰੇ ਜੰਤਾ ਪਾਸੋਂ ਆਪਣੀ ਮਰਜ਼ੀ ਅਨੁਸਾਰ ਕਾਰ ਕਰਾਵਾਂ। ਪ੍ਰਮੇਸ਼ਰ ਬਿਅੰਤ ਹੈ, ਉਸ ਦੀਆਂ ਦਾਤਾਂ ਵੀ ਬਿਅੰਤ ਹਨ। ਜੇ ਬਿਅੰਤ ਪ੍ਰਭੂ ਮੈਨੂੰ ਹੋਰ ਵੀ ਇਸ ਤੋਂ ਵੱਧ ਸ਼ਕਤੀ ਦੇ ਦੇਵੇ ਤਾਂ ਭੀ ਮੈਂ ਇਹਨਾਂ ਸ਼ਕਤੀਆਂ ਦਾ ਪ੍ਰਦਰਸ਼ਨ ਨਹੀਂ ਕਰਾਂਗਾ ਕਿਉਂਕਿ ਸੱਚੇ ਨਾਮ ਦੀ ਕਰਾਮਾਤ ਬਖਸ਼ਿਸ਼ ਰਿੱਧੀਆਂ ਸਿੱਧੀਆਂ ਨਾਲੋਂ ਬਹੁਤ ਮਹਾਨ ਹੈ।

ਕੈਸਾ ਹੈ, ਗੁਰੂ ਨਾਨਕ ਪਾਤਸ਼ਾਹ ਜੀ ਦੇ ਸਹਿਜ ਦਾ ਪਿਆਲਾ ਜੋ ਨੱਕੋ ਨੱਕ ਭਰ ਕੇ ਵੀ ਉਛਲਦਾ ਨਹੀਂ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਮਾਝ ਰਾਗ ਵਿੱਚ ਆਪਣਾ ਫੁਰਮਾਨ ਹੈ। ਇਸ ਫੁਰਮਾਨ ਨੂੰ ਪੜ੍ਹੀਏ।

**ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ।।**
**ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।।**
**ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।।**
**ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ।।**
**ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ।।**
**ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ।।**
**ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ।।੧।।**

*ਸਲੋਕ ਮ: ੧, ਪੰਨਾ ੧੪੭*

ਭਾਈ ਗੁਰਦਾਸ ਜੀ ਨੇ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਦੀ ਪ੍ਰੋੜ੍ਹਤਾ ਕੀਤੀ ਹੈ–

**ਬਸਤਰਿ ਪਹਿਰੌ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ।।**
**ਕਰੌ ਰਸੋਈ ਸਾਰਿ ਦੀ ਸਗਲੀ ਧਰਤੀ ਨਥਿ ਚਲਾਈ।।**
**ਏਵਡੁ ਕਰੀ ਵਿਥਾਰਿ ਕਉ ਸਗਲੀ ਧਰਤੀ ਹਕੀ ਜਾਈ।।**
**ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ।।**
**ਇਹਿ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।।**
**ਸਤਿ ਨਾਮੁ ਬਿਨੁ ਬਾਦਰਿ ਛਾਈ।।੪੩।।** *ਵਾਰ ੧, ਪਉੜੀ ੪੩*

ਕਿੰਨੇ ਵੱਡੇ ਸਬਰ ਤੇ ਸਹਿਜ ਦੇ ਮਾਲਕ ਸਨ ਗੁਰੂ ਨਾਨਕ ਪਾਤਸ਼ਾਹ ਜੀ, ਜਿਸ ਦੀ ਮਿਸਾਲ ਕਿਤੇ ਵੀ ਆਤਮਿਕ ਮੰਡਲ ਵਿੱਚ ਨਹੀਂ ਮਿਲਦੀ।

ਧੰਨ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਨ੍ਹਾਂ ਨੇ ਸਰਬ-ਸਮਰੱਥ ਹੁੰਦੇ ਹੋਏ, ਦੂਸਰਿਆਂ ਦੇ ਧਰਮ ਦੀ ਰਖਵਾਲੀ ਲਈ ਸਰੀਰ ਦਾ ਬਲੀਦਾਨ ਤਾਂ ਦੇ ਦਿੱਤਾ ਪਰ ਸ਼ਕਤੀ ਦਾ ਵਿਖਾਵਾ ਨਹੀਂ ਕੀਤਾ। ਸੰਸਾਰ ਵਿੱਚ ਦਾਨੀ ਤਾਂ ਬਹੁਤ ਹਨ, ਜੋ ਹਰ ਤਰ੍ਹਾਂ ਦੇ ਦਾਨ ਆਪਣੀ ਸਮਰੱਥਾ ਅਨੁਸਾਰ ਕਰਦੇ ਹਨ, ਪਰ ਸਰੀਰ ਦਾ ਬਲੀਦਾਨ ਕੋਈ ਵਿਰਲਾ ਅਤਿ ਦਰਜੇ ਦਾ ਸੰਤੋਖੀ ਤੇ ਸਹਿਜ ਦਾ ਧਾਰਨੀ ਹੀ ਕਰ ਸਕਦਾ ਹੈ। ਜਿਸ ਦੀ ਮਿਸਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੀ ਕਾਇਮ ਕੀਤੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ, ਸਰਬ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ,



ਜੋਗੀ ਦੀ ਚੁੱਕ ਵਿੱਚ ਆਏ ਹੋਏ ਖਡੂਰ ਨਿਵਾਸੀ ਖਹਿਰੇ ਜੱਟਾਂ ਦੇ ਕਹਿਣ ਤੇ ਕਿ ਜਾਂ ਤਾਂ ਮੀਂਹ ਵਰਸਾਵੋ ਨਹੀਂ ਤੇ ਸਾਡਾ ਨਗਰ ਛੱਡ ਜਾਵੋ। ਸਤਿਗੁਰਾਂ, ਪ੍ਰਭੂ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਉਪਦੇਸ਼ ਦਿੰਦਿਆਂ ਨਗਰ ਤਾਂ ਛੱਡ ਦਿੱਤਾ ਪਰ ਸਹਿਜ ਵਿੱਚ ਉਛਾਲਾ ਨਹੀਂ ਆਉਣ ਦਿੱਤਾ। ਪ੍ਰਭੂ ਭਾਣੇ ਵਿੱਚ ਉਹ ਹੀ ਰਹਿ ਸਕਦਾ ਹੈ, ਜਿਸਦਾ ਅੰਦਰ ਟਿਕਿਆ ਹੋਇਆ ਹੋਵੇ, ਜਿਸ ਦੀ ਆਤਮਾ ਨੂੰ ਮਾਨ-ਅਪਮਾਨ ਦਾ ਅਸਰ ਨਾ ਛੂਹਵੈ। ਟਿਕਾਉ ਵਿੱਚ ਕੇਵਲ ਸਹਿਜ ਵਾਲੀ ਆਤਮਾ ਹੀ ਰਹਿ ਸਕਦੀ ਹੈ। ਸਾਰੇ ਸਤਿਗੁਰਾਂ ਦਾ ਜੀਵਨ ਸਾਡੇ ਸਾਹਮਣੇ ਹੈ। ਕਿਵੇਂ ਉਹਨਾਂ ਨੇ ਅਜਰ ਨੂੰ ਜਰ ਕੇ ਸਹਿਜ ਵਿੱਚ ਰਹਿ ਕੇ ਜੀਵਨ ਬਤੀਤ ਕਰਨ ਦੇ ਡੂੰਘੇ ਪੂਰਨੇ ਵਾਹੇ ਹਨ।

ਇੱਕ ਦਿਨ ਭਾਈ ਕਪੂਰ ਦੇਵ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ, ਪਾਤਸ਼ਾਹ ! ਜਿਹੜੇ ਗੁਰਸਿੱਖ ਤੁਹਾਨੂੰ ਬਹੁਤ ਪਿਆਰੇ ਹਨ, ਕ੍ਰਿਪਾ ਕਰਕੇ ਉਨ੍ਹਾਂ ਵਿੱਚੋਂ ਕਿਸੇ ਗੁਰਸਿੱਖ ਦੇ ਦਰਸ਼ਨ ਕਰਾਵੋ।

ਸਾਹਿਬ ਪੰਚਮ ਪਾਤਸ਼ਾਹ ਜੀ ਨੇ ਬਚਨ ਕੀਤਾ ਕਪੂਰ ਦੇਵ! ਭਾਈ ਸੰਮਨ, ਪਿੰਡ ਸ਼ਹਿਬਾਜਪੁਰ (ਅੰਮ੍ਰਿਤਸਰ) ਵਿੱਚ ਰਹਿੰਦਾ ਹੈ। ਉਸਦੇ ਦਰਸ਼ਨ ਕਰ ਆਉਣਾ। ਭਾਈ ਕਪੂਰ ਦੇਵ, ਸਤਿਗੁਰਾਂ ਦਾ ਹੁਕਮ ਮੰਨ ਕੇ ਸੰਮਨ ਜੀ ਦੇ ਘਰ ਪੁੱਜ ਗਿਆ। ਭਾਈ ਸੰਮਨ ਨੇ ਗੁਰੂ ਕਾ ਸਿੱਖ ਜਾਣ ਕੇ ਬੜੇ ਪਿਆਰ ਨਾਲ ਸੇਵਾ ਕੀਤੀ। ਸੰਮਨ ਨੇ ਭਾਈ ਕਪੂਰ ਦੇਵ ਜੀ ਨਾਲ ਗੁਰਮਤਿ ਵਿਚਾਰਾਂ ਕਰਨੀਆਂ ਅਰੰਭ ਕਰ ਦਿੱਤੀਆਂ। ਵਿਚਾਰਾਂ ਕਰਦਿਆਂ-ਕਰਦਿਆਂ, ਭਾਈ ਸੰਮਨ ਨੇ ਪਾਟੇ ਹੋਏ ਤੱਪੜੇ ਤੇ ਦਰੀਆਂ, ਗੰਢਣੇ ਅਰੰਭ ਕਰ ਦਿੱਤੇ। ਭਾਈ ਕਪੂਰ ਦੇਵ ਨੇ, ਭਾਈ ਸੰਮਨ ਨੂੰ ਸੰਬੋਧਨ ਕਰਕੇ ਕਿਹਾ, ਭਾਈ ਸੰਮਨ ਜੀ! ਤੁਸੀਂ ਕਿਹੜੇ ਫਜ਼ੂਲ ਨਿਕੰਮੇ ਕੰਮਾਂ ਵਿੱਚ ਪਰਚ ਰਹੇ ਹੋ। ਸੰਮਨ ਜੀ ਕਹਿਣ ਲੱਗੇ, ਇਹ ਵੀ ਕੰਮ ਆਉਣੇ ਹਨ, ਇਹਨਾਂ ਦੀ ਲੋੜ ਪੈਣੀ ਹੈ। ਲੋੜ ਪੈਣ ਤੋਂ ਪਹਿਲਾਂ ਇਹਨਾਂ ਦੀ ਮੁਰੰਮਤ ਕਰ ਲਈਏ। ਕਾਫੀ ਰਾਤ ਗਈ ਕਪੂਰ ਦੇਵ, ਭਾਈ ਸੰਮਨ ਤੇ ਸਾਰਾ ਪਰਿਵਾਰ ਗੁਰੂ ਕੀਰਤੀ ਕਰਨ ਉਪਰੰਤ ਅਰਾਮ ਕਰਨ ਲੱਗ ਪਿਆ। ਤੜਕ ਸਾਰ ਪਿੰਡ ਵਿੱਚ ਡਾਕਾ ਪੈ ਗਿਆ, ਪਿੰਡ ਵਾਲਿਆਂ ਵੱਲੋਂ, ਮਦਦ ਲਈ [1]ਗੁਹਾਰ ਪੈਣ ਤੇ ਸੰਮਨ ਦਾ ਪੁੱਤਰ ਉਨ੍ਹਾਂ ਦੀ ਮਦਦ ਲਈ ਡਾਕੂਆਂ ਪਿੱਛੇ ਗਿਆ। ਧਾੜਵੀਆਂ ਨੇ ਗੋਲੀ ਚਲਾ ਦਿੱਤੀ, ਸੰਮਨ ਦਾ ਪੁੱਤਰ ਥਾਵੇਂ ਹੀ ਪੂਰਾ ਹੋ ਗਿਆ। ਸੰਮਨ ਨੇ ਪੁੱਤਰ ਦੀ ਲਾਸ਼ ਘਰ ਲਿਆਂਦੀ, ਕੀਰਤਨ ਕਰਦੇ, ਬਿਨਾਂ ਸ਼ੋਕ ਕੀਤੇ, ਪ੍ਰਭੂ ਦੀ ਰਜ਼ਾ ਵਿੱਚ ਰਹਿੰਦੇ, ਸੰਸਕਾਰ ਕੀਤਾ। ਉਹੋ ਹੀ ਗੰਢ ਤੁੱਪ ਕੀਤੀ ਵਾਲਾ ਤੱਪੜ ਪਰਚਾਉਣੀ ਕਰਨ ਵਾਲਿਆਂ

1. ਪੁਕਾਰ, ਅਵਾਜ਼

ਹੇਠ ਵਿਛਾ ਕੇ ਪਰਚਾਉਣੀ ਕੀਤੀ।

ਭਾਈ ਕਪੂਰ ਦੇਵ ਵਾਸੋਂ ਰਿਹਾ ਨਾ ਗਿਆ। ਭਾਈ ਸੰਮਨ ਨੂੰ ਉਸਨੇ ਪੁੱਛ ਹੀ ਲਿਆ, ਜੇ ਤੁਹਾਨੂੰ ਪਤਾ ਸੀ, ਤੁਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕਰਕੇ, ਆਪਣੇ ਬੇਟੇ ਦੀ ਜ਼ਿੰਦ ਬਖਸ਼ੀ ਕਰਵਾ ਲੈਂਦੇ। ਭਾਈ ਸੰਮਨ ਨੇ ਉੱਤਰ ਦਿੱਤਾ, ਭਾਈ ਕਪੂਰ ਦੇਵ, ਸਰੀਰ ਅਸੱਤ ਹਨ। ਇੱਕ ਦਿਨ ਇਹਨਾਂ ਨੇ ਬਿਨਸਣਾ ਹੀ ਹੈ। ਸੋ ਬਿਨਸਨਹਾਰ ਲਈ ਗੁਰੂ ਜੀ ਪਾਸੋਂ ਕੀ ਮੰਗੀਏ ? ਗੁਰੂ ਜੀ ਪਾਸੋਂ ਜੋ ਮੰਗੀਏ ਤਾਂ ਨਾਮ ਮੰਗੀਏ ਜੋ ਸਦਾ ਸਤਿ ਰਹਿਣ ਵਾਲੀ ਵਸਤੂ ਹੈ, ਜੋ ਸਦਾ ਆਤਮਾ ਦੇ ਨਾਲ ਨਿੱਭਦੀ ਹੈ। ਅਸਲ ਗੱਲ ਤਾਂ ਇਹ ਹੈ, ਨਾ ਕੋਈ ਕਿਸੇ ਦਾ ਪਿਤਾ ਹੈ, ਨਾ ਕੋਈ ਕਿਸੇ ਦਾ ਪੁੱਤਰ, ਇਹ ਤਾ '**'ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ**'' ਵਾਲੀ ਗੱਲ ਹੈ। ਚਾਰਦਿਨਾਂ ਦੀ ਖੇਡ ਹੈ। ਖੁਸ਼ੀ ਗਮੀ ਉਸ ਮਾਲਕ ਦੇ ਹੱਥ ਹੈ। ਧੰਨ ਹਨ ਐਸੇ ਗੁਰੂ ਪਿਆਰੇ ਜੋ ਗੁਰੂ ਹੁਕਮ ਵਿੱਚ, '**'ਤੈਸਾ ਹਰਖੁ ਤੈਸਾ ਉਸੁ ਸੋਗੁ।। ਸਦਾ ਅਨੰਦੁ ਤਹ ਨਹੀ ਬਿਓਗੁ।।**'' ਦੀ ਬਿਰਤੀ ਵਿੱਚ ਵਿਚਰਦੇ, '**'ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ।।**'' ਨੂੰ ਆਪਣਾ ਜੀਵਨ ਅਧਾਰ ਬਨਾਉਂਦੇ ਗੁਰੂ ਦੇ ਬਚਨਾਂ ਨੂੰ ਸਿਰ ਨਿਵਾ ਕੇ ਮੰਨਦੇ ਹੋਏ, ਪ੍ਰਭੂ ਮਾਲਕ ਦੀ ਰਜ਼ਾ ਵਿੱਚ ਆਪਣੀ ਰਜ਼ਾ ਨੂੰ ਲੀਨ ਕਰਕੇ ਗੁਰੂ ਖੁਸ਼ੀ ਪ੍ਰਾਪਤ ਕਰ ਲੈਂਦੇ ਹਨ ਕਿਉਂਕਿ ਪ੍ਰਭੂ ਮਾਲਕ ਨੂੰ ਉਹ ਗੁਰੂ ਪਿਆਰਾ ਹੀ ਚੰਗਾ ਲੱਗਦਾ ਹੈ ਜੋ ਮਾਲਕ ਦੇ ਭਾਣੇ ਵਿੱਚ ਰਾਜ਼ੀ ਰਹਿੰਦਾ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ :

**ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ।।**

*ਵਾਰ ੨੯ ਪਉੜੀ ੧੩*

ਪ੍ਰਭੂ ਜੀ ਨੂੰ ਭਾਅ ਜਾਣ ਵਾਲੇ ਗੁਰਮੁਖ ਜਿਹੜੇ ਆਪਣੇ ਮਾਲਕ ਦੀ ਰਜ਼ਾ ਵਿੱਚ ਸਦਾ ਅਨੰਦਤ ਰਹਿੰਦੇ ਹਨ, ਸੁੱਖ ਅਤੇ ਦੁੱਖ ਵਿੱਚ ਸਮ ਬਿਰਤੀ ਦੇ ਧਾਰਨੀ ਬਣ ਕੇ, ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦੇ ਹਨ। ਐਸੇ ਗੁਰਮੁਖ ਜਨ ਸੰਸਾਰ ਵਿੱਚ ਆਪਣਾ ਜੀਵਨ ਕਿਸ ਤਰ੍ਹਾਂ ਦਾ ਬਤੀਤ ਕਰਦੇ ਹਨ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸਿਧ ਗੋਸਟ ਬਾਣੀ ਅੰਦਰ ਫੁਰਮਾਨ ਕੀਤਾ ਹੈ :

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।।**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।।**

*ਸਿਧ ਗੋਸਟ ਮ: ੧, ਪੰਨਾ ੯੩੮*

ਸਹਿਜ ਅਵਸਥਾ ਵਿੱਚ ਵਿਚਰਨ ਵਾਲੇ ਵੀ ਅਜਰ ਨੂੰ ਜਰ ਕੇ ਪ੍ਰਮਾਤਮਾ ਨੂੰ



ਪਾ ਲੈਂਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਸਾਰਗ ਰਾਗ ਅੰਦਰ ਫੁਰਮਾਨ ਹੈ।

**ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ।।੪।।**

*ਮ: ੫ ਪੰਨਾ ੧੨੦੫*

**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ।।**
**ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ।।**

**ਅੱਖਰੀ ਅਰਥ :** ਪਿੱਛੇ ਦਰਜ ਲਾਵਾਂ ਦੇ ਉਪਦੇਸ਼ ਨੂੰ ਕਮਾਉਣ ਨਾਲ ਜੀਵ ਆਤਮਾ, ਪ੍ਰਮਾਤਮਾ ਨੂੰ ਭਾਅ ਗਈ। ਪ੍ਰਮਾਤਮਾ ਨੇ ਮਿਹਰ ਕਰਕੇ ਜੀਵ ਆਤਮਾ ਨੂੰ ਪ੍ਰਭੂ ਦਾ ਨਾਮ ਮਿੱਠਾ ਲੱਗਣ ਦੀ ਦਾਤ ਬਖਸ਼ਿਸ਼ ਕਰ ਦਿੱਤੀ। ਨਾਮ ਮਿੱਠਾ ਲੱਗਣ ਸਦਕਾ ਜੀਵ ਦੀ ਦਿਨ ਰਾਤ ਪ੍ਰਮਾਤਮਾ ਨਾਲ ਲਿਵ ਜੁੜ ਗਈ। ਪ੍ਰਭੂ ਨਾਲ ਲਿਵ ਜੁੜਨ ਦੀ ਬਰਕਤ ਨਾਲ, ਜੀਵ ਆਤਮਾ ਨੂੰ ਪ੍ਰਭੂ ਪ੍ਰਾਪਤੀ ਦਾ ਮਨ ਬਾਂਛਤ ਫਲ ਪ੍ਰਾਪਤ ਹੋ ਗਿਆ। ਅਜਿਹੀ ਅਵਸਥਾ ਵਿੱਚ ਜੀਵ-ਆਤਮਾ ਨੂੰ ਹਰ ਪਾਸੇ ਤੋਂ ਖ਼ੁਸ਼ੀ ਦੀਆਂ ਵਧਾਈਆਂ ਮਿਲਦੀਆਂ ਹਨ।

## ਹਰਿ ਮੀਠਾ ਲਾਇਆ

**ਸੰਖੇਪ ਵਿਚਾਰ :** ਇਨ੍ਹਾਂ ਦੋ ਪੰਕਤੀਆਂ ਅੰਦਰ ਸਤਿਗੁਰੂ ਜੀ ਨੇ ਨਾਮ ਮਿੱਠਾ ਲੱਗਣ ਤੇ ਲਿਵ ਪ੍ਰਭੂ ਨਾਲ ਜੁੜਨ ਦੀ ਸਿੱਖਿਆ ਪ੍ਰਦਾਨ ਕੀਤੀ ਹੈ। ਹੁਣ ਜਦੋਂ ਅਸੀਂ ਆਪਣੇ ਨਿੱਤ ਦੇ ਨਿੱਜੀ ਜੀਵਨ ਵੱਲ ਵੇਖਦੇ ਹਾਂ ਕਿ ਮਨੁੱਖ ਨੂੰ ਹਰ ਕੰਮ ਵਿੱਚ ਸਫ਼ਲਤਾ ਤਦ ਮਿਲਦੀ ਹੈ, ਜਦੋਂ ਉਸ ਨੂੰ ਕੰਮ ਕਰਨ ਵਿੱਚ ਸੁਆਦ ਆਉਂਦਾ ਹੋਵੇ। ਚਾਹੇ ਉਹ ਪੜ੍ਹਾਈ ਦਾ ਕੰਮ ਹੈ, ਚਾਹੇ ਉਹ ਦੁਕਾਨਦਾਰੀ ਜਾਂ ਨੌਕਰੀ ਹੈ। ਜਿਸ ਕੰਮ ਨੂੰ ਕਰਨ ਵਾਸਤੇ ਮਨੁੱਖ ਦਾ ਮਨ ਨਾ ਕਰੇ, ਉਹ ਕੰਮ ਗੁਰੂ ਅੰਗਦ ਦੇਵ ਜੀ ਦੇ ਫੁਰਮਾਨ ਅਨੁਸਾਰ '**'ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ**'' ਬਣ ਜਾਂਦਾ, ਜਿਸ ਕੰਮ ਵਿੱਚ ਮਨੁੱਖ ਦਾ ਮਨ ਲੱਗਦਾ ਹੈ ਜਾਂ ਇੰਝ ਕਹਿ ਲਵੋ ਜੋ ਮਨੁੱਖ ਖ਼ੁਸ਼ੀ-ਖ਼ੁਸ਼ੀ ਨਾਲ ਦਿਲ ਲਾ ਕੇ ਕੰਮ ਕਰਦਾ ਹੈ, ਉਸ ਨੂੰ ਕਾਰਜ ਵਿੱਚ ਵੀ ਸਫਲਤਾ ਮਿਲਦੀ ਹੈ ਤੇ ਮਾਲਕ ਦੀ ਖੁਸ਼ੀ ਵੀ ਉਸ ਨੂੰ ਪ੍ਰਾਪਤ ਹੁੰਦੀ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ –

**ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ।।੩।।**

*ਮ: ੨, ਪੰਨਾ ੭੮੭*

ਅਧਿਆਤਮਿਕ ਪੱਖੋਂ ਆਪਾਂ ਆਪਣੇ ਜੀਵਨ ਵੱਲ ਝਾਤੀ ਮਾਰੀਏ। ਹੁਣ ਸਾਨੂੰ ਨਾਮ ਮਿੱਠਾ ਨਹੀਂ ਲੱਗਦਾ। ਸਗੋਂ ਨਾਮ ਜਪਣ ਦਾ ਕਾਰਜ ਬਹੁਤ ਔਖਾ ਤੇ ਅਲੂਣਾ ਪ੍ਰਤੀਤ ਹੁੰਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਰਾਗ ਅੰਦਰ ਉਚਾਰਨ ਕੀਤਾ ਫੁਰਮਾਨ **ਆਖਣਿ ਅਉਖਾ ਸਾਚਾ ਨਾਉ** ਸਾਡੇ ਉੱਪਰ ਲਾਗੂ ਹੁੰਦਾ ਹੈ।

ਪੰਜਵੇਂ ਗੁਰਦੇਵ ਗੁਰੂ ਅਰਜਨ ਦੇਵ ਜੀ ਦਾ ਰਾਮਕਲੀ ਦੀ ਵਾਰ ਅੰਦਰ ਫੁਰਮਾਨ ਹੈ। ਮਨੁੱਖ ਸੰਸਾਰ ਦੇ ਔਖੇ ਤੋਂ ਔਖੇ ਕੰਮ ਮਨ ਲਾ ਕੇ ਕਰਦਾ ਹੈ। ਪਰ ਜਿਸ ਕੰਮ ਦੇ ਕਰਨ ਨਾਲ ਜੀਵ ਦਾ ਉਧਾਰ ਹੋਣਾ ਹੈ, ਉਸ ਕਰਮ ਨੂੰ ਮਨੁੱਖ ਨਹੀਂ ਕਰਦਾ। ਆਪ ਸਾਹਿਬਾਂ ਦਾ ਬਚਨ ਹੈ–

**ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ।।**
**ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ।।**

*ਮ: ੫, ਪੰਨਾ ੯੬੫*

ਅਸਲੀਅਤ ਤੇ ਇਹ ਹੈ ਕਿ ਮਨੁੱਖ –

**ਬੁਰੇ ਕਾਮ ਕਉ ਊਠਿ ਖਲੋਇਆ।। ਨਾਮ ਕੀ ਬੇਲਾ ਪੈ ਪੈ ਸੋਇਆ।।੧ ।।**

*ਸੂਹੀ ਮ: ੫, ਪੰਨਾ ੭੩੮*

ਦਾ ਆਦੀ ਬਣ ਚੁੱਕਾ ਹੈ। ਜਿਸ ਕਾਰਣ ਸੰਸਾਰਿਕ ਕੰਮਾਂ ਨੂੰ ਮਿੱਠੇ ਤੇ ਨਾਲ ਨਿਭਣ ਵਾਲੇ ਜਾਣ ਕੇ, ਮਨੁੱਖ ਬੜੀ ਤਨ ਦੇਹੀ ਤੇ ਮੁਸ਼ੱਕਤ ਝਾਗ ਕੇ ਵੀ ਕਰਦਾ ਹੈ। ਆਤਮਾ ਦੇ ਨਾਲ ਨਿੱਭਣ ਵਾਲਾ, ਲੋਕ-ਪ੍ਰਲੋਕ ਵਿੱਚ ਕੰਮ ਆਉਣ ਵਾਲਾ ਕੰਮ, ਮਾਇਆ ਲੈ ਕੇ ਵੀ ਮਿੱਠਾ ਜਾਣ ਕੇ ਨਹੀਂ ਕਰਦਾ। ਪੈਸੇ ਲੈ ਕੇ ਵੀ ਗੁਰਬਾਣੀ ਪੜ੍ਹਨ ਦੇ ਕੰਮ ਨੂੰ **''ਬਧਾ ਚੱਟੀ''** ਜਾਣ ਕੇ ਕਰਦਾ ਹੈ। ਜਿਸ ਦੀ ਮਿਸਾਲ, ਅਸੀਂ ਘਰਾਂ ਵਿੱਚ ਤੇ ਗੁਰਦੁਆਰਿਆਂ ਵਿੱਚ, ਅਖੰਡ ਪਾਠੀਆਂ ਦੇ ਵਤੀਰੇ ਤੋਂ ਭਲੀ-ਭਾਂਤ ਵੇਖ ਸਕਦੇ ਹਾਂ। ਇੱਕ ਹੋਰ ਅੱਖੀਂ ਵੇਖੀ ਤੇ ਹੱਡੀਂ ਵਰਤੀ ਘਟਨਾ ਮੈਂ ਇੱਥੇ ਲਿਖ ਦੇਵਾਂ ਤਾਂ ਅਯੋਗ ਨਹੀਂ ਹੋਵੇਗੀ। ਉਸ ਤੋਂ ਸਾਡੇ ਜੀਵਾਂ ਦੀ ਅਧਿਆਤਮਿਕ ਖੇਤਰ ਵਿੱਚ ਜੋ ਮਾਨਸਿਕਤਾ ਬਣ ਚੁੱਕੀ ਹੈ, ਉਸ ਦਾ ਸੁਤੇ ਹੀ ਪਤਾ ਚੱਲ ਜਾਏਗਾ।

ਦਾਸ ਦਾ ਭੁਝੰਗੀ ਸ. ਭੁਪਿੰਦਰ ਸਿੰਘ ਤੇ ਸ. ਜਗਪਾਲ ਸਿੰਘ ਜੀ, ਬਰੈਂਪਟਨ ਵਿਖੇ ਇੱਕ ਵੇਅਰ ਹਾਊਸ ਲੈ ਕੇ ਸਾਂਝਾ ਕਾਰੋਬਾਰ ਕਰਦੇ ਹਨ ਜਿਸ ਵਿੱਚ ਪੈਕਿੰਗ ਆਦਿ ਦਾ ਕੰਮ ਅਕਸਰ ਚੱਲਦਾ ਰਹਿੰਦਾ ਹੈ। ਪੰਜਾਬ ਵਿੱਚੋਂ ਬਹੁਤ ਸਾਰੇ ਬੱਚੇ ਪੜ੍ਹਾਈ ਦੇ ਅਧਾਰ ਤੇ ਟਰਾਂਟੋਂ ਪੜ੍ਹਨ ਵਾਸਤੇ ਗਏ ਹੋਏ ਹਨ। ਉਹ ਆਪਣੇ ਪੜ੍ਹਾਈ ਤੇ ਰਿਹਾਇਸ਼ ਆਦਿ ਦੇ ਖਰਚੇ ਪੂਰੇ ਕਰਨ ਵਾਸਤੇ, ਵੀਕ-ਐਂਡ (Week End) ਤੇ ਕੰਮ ਕਰਨ ਵਾਸਤੇ, ਵੇਅਰ ਹਾਊਸ ਵਿੱਚ ਆਉਂਦੇ ਹਨ ਤੇ ਕੰਮ ਕਰਕੇ



ਆਪਣਾ ਵੇਤਨ ਲੈ ਜਾਂਦੇ ਹਨ। ਇੱਕ ਵੀਕ ਐਂਡ ਤੇ ਕੰਮ ਘੱਟ ਸੀ, ਪੰਜ ਬੱਚੇ ਪੈਕਿੰਗ ਦਾ ਕੰਮ ਕਰਦੇ ਸਨ। ਉਨ੍ਹਾਂ ਪੰਜਾਂ ਬੱਚਿਆਂ ਦਾ ਡੇਢ ਦਿਨ ਲੱਗਾ। ਡੇਢ ਦਿਨ ਦੇ ਪੈਸੇ ਸ. ਜਗਪਾਲ ਸਿੰਘ ਹੋਰਾਂ ਨੇ ਉਨ੍ਹਾਂ ਨੂੰ ਦੇ ਦਿੱਤੇ ਤੇ ਨਾਲ ਹੀ ਉਨ੍ਹਾਂ ਬੱਚਿਆਂ ਨੇ ਖਾਹਿਸ਼ ਜ਼ਾਹਰ ਕੀਤੀ ਤੇ ਕਹਿਣ ਲੱਗੇ, ਅੰਕਲ ਜੀ ! ਸਾਡੇ ਪਾਸੋਂ ਅੱਧੀ ਦਿਹਾੜੀ ਹੋਰ ਲਵਾ ਲਵੋ ਤਾਂ ਜੋ ਸਾਡਾ ਵੀ ਖਰਚਾ ਪਾਣੀ ਬਣ ਜਾਵੇ।

ਸ. ਜਗਪਾਲ ਸਿੰਘ ਹੋਰਾਂ ਨੇ ਕਿਹਾ ਕਿ ਕਾਕਾ ! ਪੈਕਿੰਗ ਦਾ ਕੰਮ ਖ਼ਤਮ ਹੋ ਗਿਆ ਹੈ। ਹੋਰ ਕੋਈ ਕੰਮ ਕਰਵਾਉਣ ਵਾਲਾ ਨਜ਼ਰ ਨਹੀਂ ਆਉਂਦਾ। ਤੁਸੀਂ ਚਾਹ ਕੌਫ਼ੀ ਛੱਕੋ, ਅਸੀਂ ਸਲਾਹ ਕਰਦੇ ਹਾਂ। ਬੱਚੇ ਚਾਹ-ਪਾਣੀ ਪੀਣ ਲੱਗ ਪਏ। ਸ. ਜਗਪਾਲ ਸਿੰਘ ਜੀ ਤੇ ਭੁਪਿੰਦਰ ਸਿੰਘ ਹੋਰੀਂ ਸਲਾਹ ਕਰਨ ਲੱਗ ਪਏ ਕਿ ਇਨ੍ਹਾਂ ਵਿਦਿਆਰਥੀਆਂ ਪਾਸੋਂ ਕਿਹੜਾ ਕੰਮ ਕਰਾਈਏ। ਅਖ਼ੀਰ ਬੈਠਿਆਂ ਭਾਈ ਜਗਪਾਲ ਸਿੰਘ ਜੀ ਕਹਿਣ ਲੱਗੇ, ਬੱਚੇ ਲੋੜਵੰਦ ਹਨ। ਇਨ੍ਹਾਂ ਨੂੰ ਆਪਾਂ ਅੱਧੀ ਦਿਹਾੜੀ ਦੇ ਪੈਸੇ ਉਂਝ ਹੀ ਦੇ ਦਿੰਦੇ ਹਾਂ। ਸ. ਭੁਪਿੰਦਰ ਸਿੰਘ ਜੀ ਕਹਿਣ ਲੱਗੇ, ਅੰਕਲ ਜੀ! ਤੁਸੀਂ ਪੈਸੇ ਤਾਂ ਚਹੁੰ ਘੰਟਿਆਂ ਦੇ ਇਨ੍ਹਾਂ ਨੂੰ ਦੇਣ ਦਾ ਮਨ ਬਣਾਇਆ ਹੈ। ਪਰ ਥੋੜ੍ਹਾ ਸਮਾਂ ਇਨ੍ਹਾਂ ਪਾਸੋਂ ਇਨ੍ਹਾਂ ਦੇ ਭਲੇ ਦਾ ਕੰਮ ਕਰਾ ਲਵੋ। ਸ. ਜਗਪਾਲ ਸਿੰਘ ਜੀ ਕਹਿਣ ਲੱਗੇ, ਉਹ ਕਿਹੜਾ ਕੰਮ ਹੈ ? ਸ. ਭੁਪਿੰਦਰ ਸਿੰਘ ਜੀ ਕਹਿਣ ਲੱਗੇ, ਦੋ ਤਿੰਨ ਸਿਮਰਨੇ ਤਾਂ ਇੱਥੇ ਦਰਾਜ਼ ਵਿੱਚ ਪਏ ਹਨ। ਇੱਕ ਮੇਰੀ ਗੱਡੀ ਵਿੱਚ ਪਿਆ, ਇੱਕ ਸਿਮਰਨਾ ਤੁਹਾਡੇ ਪਾਸ ਹੈ। ਪੰਜਾਂ ਨੂੰ ਪੰਜ ਸਿਮਰਨੇ ਦੇ ਕੇ, ਇਨ੍ਹਾਂ ਨੂੰ ਵੱਖ-ਵੱਖ ਬਿਠਾ ਦਿਉ ਤੇ ਜਿਹੜੇ ਸਿੱਖ ਬੱਚੇ ਹਨ, ਉਨ੍ਹਾਂ ਨੂੰ ਵਾਹਿਗੁਰੂ-ਵਾਹਿਗੁਰੂ ਦੇ ਸਿਮਰਨ ਕਰਨ ਦਾ ਕੰਮ ਦੇ ਦਿਉ ਅਤੇ ਜਿਹੜੇ ਹਿੰਦੂ ਵਿਦਿਆਰਥੀ ਹਨ, ਉਨ੍ਹਾਂ ਨੂੰ ਕਹਿ ਦਿਉਂ ਕਿ ਤੁਸੀਂ ਆਪਣੇ ਇਸ਼ਟ ਅਨੁਸਾਰ ਰਾਮ-ਰਾਮ ਦਾ ਸਿਮਰਨ ਕਰੀ ਚਲੋ ਪਰ ਨਾਲ ਸ਼ਰਤ ਇਹ ਹੈ ਕਿ ਨਾ ਤਾਂ ਕੰਨਾਂ ਵਿੱਚ ਆਈ ਪੌਡ ਦੇ ਈਅਰ ਫੋਨ ਲਾਉਣੇ ਹਨ ਤੇ ਨਾ ਹੀ ਇੱਕ ਦੂਜੇ ਨਾਲ ਗੱਲਾਂ ਕਰਨੀਆਂ ਹਨ। ਜੇ ਤੁਸੀਂ ਬੈਠੇ ਥੱਕ ਜਾਵੋ, ਤਦ ਉੱਠ ਕੇ ਖਲੋ ਕੇ ਜਾਂ ਤੁਰ ਫਿਰ ਕੇ ਥੋੜ੍ਹਾ ਸਮਾਂ ਸਿਮਰਨ ਕਰ ਸਕਦੇ ਹੋ, ਪਰ ਆਪਸੀ ਗੱਲਾਂ ਨਹੀਂ ਕਰਨੀਆਂ। ਜੇ ਤੁਸੀਂ ਇਹ ਕੰਮ ਚਾਰ ਘੰਟੇ ਕਰੋਗੇ ਤਾਂ ਅਸੀਂ ਤੁਹਾਨੂੰ ਚਾਰ ਘੰਟਿਆਂ ਦੀ ਥਾਂ ਪੰਜ ਘੰਟਿਆਂ ਦੇ ਪੈਸੇ ਦੇਵਾਂਗੇ। ਇਹ ਸਲਾਹ ਪੱਕੀ ਕਰਕੇ, ਭਾਈ ਜਗਪਾਲ ਸਿੰਘ ਤੇ ਭਾਈ ਭੁਪਿੰਦਰ ਸਿੰਘ ਹੋਰਾਂ ਨੇ ਉਨ੍ਹਾਂ ਨੂੰ ਸਿਮਰਨੇ ਦੇ ਦਿੱਤੇ।

ਵਿਦਿਆਰਥੀ ਬੱਚੇ ਪੁੱਛਣ ਲੱਗੇ, ਇਨ੍ਹਾਂ ਸਿਮਰਨਿਆਂ ਨੂੰ ਕੀ ਕਰਨਾ ਹੈ ? ਭਾਈ ਜਗਪਾਲ ਸਿੰਘ ਜੀ ਕਹਿਣ ਲੱਗੇ, ਜਿਹੜੇ ਸਿੱਖ ਘਰਾਣੇ ਨਾਲ ਬੱਚੇ ਸਬੰਧ

ਰੱਖਦੇ ਹਨ, ਉਹ ਤਾਂ ਇਨ੍ਹਾਂ ਸਿਮਰਨਿਆਂ ਨਾਲ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਚਾਰ ਘੰਟੇ ਕਰਨ। ਜਿਹੜੇ ਹਿੰਦੂ ਘਰਾਣੇ ਨਾਲ ਸਬੰਧਤ ਹਨ, ਉਹ ਗਾਇਤ੍ਰੀ ਮੰਤਰ ਜਾਂ ਰਾਮ ਰਾਮ ਦਾ ਜਾਪ ਕਰਨ। ਜੇ ਆਲਸ ਆਵੇ ਤਾਂ ਉਸ ਨੂੰ ਦੂਰ ਕਰਨ ਲਈ ਤੁਸੀਂ ਚਾਹ ਕੌਫੀ ਪੀ ਸਕਦੇ ਹੋ। ਜਦੋਂ ਚਾਰ ਘੰਟੇ ਤੁਸੀਂ ਸਿਮਰਨ ਕਰ ਲਿਆ, ਉਸੇ ਵੇਲੇ ਤੁਹਾਨੂੰ ਚਾਰ ਘੰਟੇ ਦੀ ਥਾਂ ਪੰਜ ਘੰਟੇ ਦੇ ਪੈਸੇ ਦੇ ਦੇਵਾਂਗੇ। ਇਹ ਗੱਲ ਸੁਣ ਕੇ ਵਿਦਿਆਰਥੀਆਂ ਨੇ ਸਮਝਿਆ ਕਿ ਇਹ ਸਾਨੂੰ ਮਖੌਲ ਕਰਦੇ ਹਨ। ਵਿਦਿਆਰਥੀ ਕਹਿਣ ਲੱਗੇ, ਅੰਕਲ ਜੀ! ਇਹ ਕਿਹੜਾ ਕੰਮ ਹੈ ? ਸ. ਜਗਪਾਲ ਸਿੰਘ ਜੀ ਕਹਿਣ ਲੱਗੇ, ਇਹੀ ਤਾਂ ਅਸਲੀ ਕੰਮ ਹੈ। ਜਿਸ ਕਰਕੇ ਅਸੀਂ ਤੁਹਾਨੂੰ ਚਾਰ ਘੰਟੇ ਦੀ ਥਾਂ ਪੰਜ ਘੰਟਿਆਂ ਦੇ ਪੈਸੇ ਦੇਣੇ ਹਨ ਪਰ ਉਨ੍ਹਾਂ ਨੂੰ ਯਕੀਨ ਨਾ ਆਵੇ। ਭਾਈ ਸਾਹਿਬ ਨੇ ਪੰਜ ਘੰਟੇ ਦੇ ਜਿੰਨੇ ਡਾਲਰ ਬਣਦੇ ਹਨ, ਜੇਬ 'ਚੋਂ ਕੱਢ ਕੇ ਮੇਜ ਉੱਪਰ ਰੱਖ ਦਿੱਤੇ ਤੇ ਕਿਹਾ ਕਿ ਇਹ ਤੁਹਾਡੇ ਸਾਰਿਆਂ ਦੇ ਚਾਰ ਘੰਟੇ ਦੀ ਥਾਂ ਪੰਜ ਘੰਟੇ ਜਿੰਨੇ ਪੈਸੇ ਬਣਦੇ ਹਨ। ਐਡਵਾਂਸ ਮੇਜ ਤੇ ਰੱਖ ਦਿੱਤੇ ਹਨ। ਤੁਸੀਂ ਤੱਪੜੀਆਂ ਜਾਂ ਬੋਰੀਆਂ ਵਿਛਾ ਕੇ ਇੱਕ ਦੂਸਰੇ ਤੋਂ ਦੂਰ ਬੈਠ ਕੇ, ਆਪਣਾ ਕੰਮ ਸ਼ੁਰੂ ਕਰੋ, ਪਰ ਇੱਕ ਦੂਜੇ ਵੱਲ ਝਾਕਣਾ ਨਹੀਂ ਤੇ ਨਾ ਹੀ ਇੱਕ ਦੂਸਰੇ ਨੂੰ ਸੈਨਤਾਂ ਕਰਨੀਆਂ ਹਨ।

ਬੱਚਿਆਂ ਨੇ ਸੱਚ ਮੰਨ ਕੇ ਕਾਰਪੈਟ ਦੇ ਟੁੱਕੜੇ ਵਿਛਾ ਕੇ ਨਾਮ ਜਪਣਾ ਸ਼ੁਰੂ ਕਰ ਦਿੱਤਾ। ਅਜੇ ਪੰਦਰਾਂ ਮਿੰਟ ਹੀ ਬੀਤੇ ਸਨ, ਕੋਈ ਗੋਡੇ ਪਸਾਰਨ ਲੱਗ ਪਿਆ, ਕੋਈ ਖੜ੍ਹਾ ਹੋ ਗਿਆ। ਇੱਕ ਕਹਿਣ ਲੱਗਾ ਇਹ ਕਿਹੜੇ ਜੱਭ ਵਿੱਚ ਫਸ ਗਏ ਆ ? ਸ. ਜਗਪਾਲ ਸਿੰਘ ਜੀ ਕਹਿਣ ਲੱਗੇ, ਦੇਖੋ ਬੱਚਿਉ, ਗੱਲਾਂ ਨਹੀਂ ਕਰਨੀਆਂ ਪ੍ਰੇਮ ਨਾਲ ਆਪਣੇ ਜਿੰਮੇ ਲੱਗੇ ਕੰਮ ਨੂੰ ਪੂਰਾ ਕਰੋ। ਵਿਦਿਆਰਥੀਆਂ ਨੇ ਮਸਾਂ ਹੀ ਰੋ-ਪਿੱਟ ਕੇ ਅੱਧਾ ਘੰਟਾ ਪੂਰਾ ਕੀਤਾ ਤੇ ਸਿਮਰਨੇ ਇਹ ਕਹਿ ਕੇ ਵਾਪਸ ਕਰ ਦਿੱਤੇ ਕਿ ਅੰਕਲ ਜੀ! ਸਾਡੇ ਇਸ ਘੰਟੇ ਦੇ ਪੈਸੇ ਦਿਉ ਜਾਂ ਨਾ ਦਿਉ, ਅੱਧਾ ਘੰਟਾ ਹੀ ਅੱਠ ਘੰਟਿਆਂ ਬਰਾਬਰ ਬੀਤਿਆ ਹੈ। ਸ. ਜਗਪਾਲ ਸਿੰਘ ਤੇ ਭੁਪਿੰਦਰ ਸਿੰਘ ਹੋਰਾਂ ਨੇ ਬਥੇਰਾ ਕਿਹਾ ਕਿ ਤੁਸੀਂ ਚਾਹ ਪਾਣੀ ਪੀ ਕੇ ਆਪਣੇ ਪੂਰੇ ਪੈਸੇ ਲੈ ਕੇ ਜਾਉ। ਤੁਸੀਂ ਵਿਹਲੇ ਬੈਠੇ ਹੋ ਕਿਹੜਾ ਤੁਸੀਂ ਬੋਰੀਆਂ ਚੁੱਕ ਕੇ ਦੂਸਰੇ ਥਾਂ ਰੱਖਦੇ ਸੀ? ਜਿਸ ਕਾਰਣ ਤੁਸੀਂ ਇੰਨੀ ਛੇਤੀ ਥੱਕ ਗਏ ਹੋ। ਉਹ ਕਹਿਣ ਲੱਗੇ, ਬੋਰੀਆਂ ਚੁੱਕਣ ਦਾ ਜਾਂ ਪੈਕਿੰਗ ਦਾ ਕੰਮ ਭਾਵੇਂ ਸਾਥੋਂ ਸਾਰੀ ਦਿਹਾੜੀ ਕਰਾਈ ਜਾਵੋ ਪਰ ਸਾਥੋਂ ਇਹ ਕੰਮ ਨਹੀਂ ਹੁੰਦਾ। ਅਖ਼ੀਰ ਉਨ੍ਹਾਂ ਨੂੰ ਇੱਕ ਘੰਟੇ ਦੇ ਪੈਸੇ ਦੇ ਕੇ ਛੁੱਟੀ ਦੇ ਦਿੱਤੀ।

ਉਸ ਤੋਂ ਬਾਅਦ ਵੀ ਉਨ੍ਹਾਂ ਨੇ ਅਕਸਰ ਕੰਮ ਲਈ ਫੋਨ ਕਰਨਾ ਕਿ ਅੰਕਲ



ਜੀ ! ਕੰਮ ਹੈ ਤਾਂ ਆਈਏ ? ਇਨ੍ਹਾਂ ਨੇ ਉੱਤਰ ਦੇਣਾ, ਕਾਕਾ ! ਕੰਮ ਤਾਂ ਬਹੁਤ ਹੈ ਜਦੋਂ ਮਰਜ਼ੀ ਤੁਸੀਂ ਆ ਜਾਵੋ। ਉਨ੍ਹਾਂ ਨਾਲ ਹੀ ਉੱਤਰ ਦੇਣਾ, ਅੰਕਲ ਜੀ! ਪੈਕਿੰਗ ਦਾ ਜਾਂ ਸਮਾਨ ਅੱਗੇ ਪਿੱਛੇ ਰੱਖਣ ਵਾਲਾ ਕੰਮ ਹੈ ਤਾਂ ਦੱਸੋ। ਅਸੀਂ ਉਹ ਕੰਮ ਨਹੀਂ ਕਰਨਾ ਜਿਹੜਾ ਤੁਸੀਂ ਉਸ ਦਿਨ ਕਰਵਾਇਆ ਸੀ। ਇਨ੍ਹਾਂ ਨੇ ਵੀ ਕਹਿਣਾ, ਉਸ ਦਿਨ ਵਾਲਾ ਕੰਮ ਤਾਂ ਸਾਡੇ ਪਾਸ ਹਰ ਸਮੇਂ ਹਾਜ਼ਰ ਹੈ। ਪੈਕਿੰਗ ਜਾਂ ਬੋਰੀਆਂ ਚੁੱਕਣ ਦਾ ਕੰਮ ਜਦੋਂ ਹੋਇਆ ਅਸੀਂ ਤੁਹਾਨੂੰ ਆਪ ਫੋਨ ਕਰ ਦੇਵਾਂਗੇ। ਉਸ ਦਿਨ ਵਾਲਾ ਕੰਮ ਜੇ ਕਰਨਾ ਹੋਵੇ ਤਾਂ ਤੁਸੀਂ ਜਦੋਂ ਮਰਜ਼ੀ ਆ ਜਾਣਾ। ਪਰ ਉਨ੍ਹਾਂ ਹਮੇਸ਼ਾ ਸਿਮਰਨ ਕਰਨ ਵਾਲੇ ਕੰਮ ਨੂੰ ਨਾਂਹ ਕਰ ਦੇਣੀ।

ਅੱਜ ਵੀ ਕਿਸੇ ਨੇ ਪ੍ਰਤਾਵਾ ਕਰਨਾ ਹੋਵੇ ਕਰ ਸਕਦਾ ਹੈ ਪਰ ਜਿਸ ਵੇਲੇ ਮਨੁੱਖ ਨਾਮ ਜਪਣ ਦੀ ਅਲੂਣੀ ਸਿਲਾ ਚੱਟ ਲੈਂਦਾ ਹੈ, ਫਿਰ ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ ਸੰਸਾਰ ਦੇ ਲੱਖਾਂ ਮੇਵੇ (ਪਦਾਰਥ) ਵੀ ਨਾਮ ਰਸ ਦੀ ਬਰਾਬਰਤਾ ਨਹੀਂ ਕਰ ਸਕਦੇ, ਆਪ ਦਾ ਫੁਰਮਾਨ ਹੈ, **ਸਿਲਾ ਅਲੂਣੀ ਚਟਣੀ ਸਾਦਿ ਨ ਪੁਜੈ ਲਖ ਲਖ ਮੇਵਾ** ਅਤੇ ਬਾਬਾ ਫਰੀਦ ਜੀ ਦੇ ਫੁਰਮਾਨ **''ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ।। ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।।''** ਅਨੁਸਾਰ,ਜਿਸ ਨੂੰ ਨਾਮ ਮਿੱਠਾ ਲੱਗਣ ਲੱਗ ਜਾਂਦਾ ਹੈ ਉਹ ਤਾਂ ਪ੍ਰਭੂ ਨਾਮ ਤੋਂ ਬਿਨਾਂ ਰਹਿ ਨਹੀਂ ਸਕਦਾ, ਜਿਵੇਂ ਪਾਣੀ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ ਤੇ ਮਨੁੱਖ ਪਿਆਸ ਨਾਲ ਤੜਫਦਾ ਹੈ। ਉਸ ਉੱਪਰ ਤਾਂ ਸਤਿਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਢੁੱਕਦਾ ਹੈ –

**ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ।।**
**ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ।।੧।।**

*ਸੋਰਠਿ ਮ: ੧. ਪੰਨਾ ੫੯੭*

## ਅਨਦਿਨੁ ਹਰਿ ਲਿਵ ਲਾਈ

ਜਿਸ ਨੂੰ ਪ੍ਰਮਾਤਮਾ ਦਾ ਨਾਮ ਮਿੱਠਾ ਲੱਗਣ ਲੱਗ ਜਾਂਦਾ ਹੈ ਤੇ ਨਾਮ ਆਤਮਿਕ ਆਹਾਰ ਬਣ ਜਾਂਦਾ ਹੈ ਉਸ ਦੀ ਲਿਵ[1] ਪ੍ਰਮਾਤਮਾ ਨਾਲ ਜੁੜ ਗਈ ਹੈ। ਉਸ ਦੇ ਜੀਵਨ ਦਾ ਕਾਰਜ ਰਾਸ ਹੋ ਗਿਆ, ਕਿਉਂਕਿ ਪ੍ਰਮਾਤਮਾ ਨੇ ਟੁੱਟੀ ਹੋਈ ਲਿਵ ਨੂੰ ਜੋੜਨ ਵਾਸਤੇ ਹੀ ਮਨੁੱਖਾ ਜਨਮ ਦੀ ਦਾਤ ਪ੍ਰਦਾਨ ਕੀਤੀ ਹੈ। ਪ੍ਰਮਾਤਮਾ ਨਾਲੋਂ ਟੁੱਟ ਕੇ, ਪਤਾ ਨਹੀਂ ਕਿੰਨੇ ਕੁ ਜਨਮ, ਤੇਲੀ ਦੇ ਬਲਦ ਵਾਂਗ ਭਰਮਦਿਆਂ

1. ਲਗਾਤਾਰੀ ਯਾਦ (ਸੰਪਰਕ)

ਤੇ ਬਾਂਦਰ ਵਾਂਗ ਜੂਨਾਂ ਵਿੱਚ ਟਪੂਸੀਆਂ ਮਾਰਦਿਆਂ ਬੀਤੇ ਹਨ ਤੇ ਬੀਤਣਗੇ। ਹੁਣ ਸਮਾਂ ਹੈ, ਪ੍ਰਮਾਤਮਾ ਦਾ ਨਾਮ ਜਪ ਕੇ ਪ੍ਰਮਾਤਮਾ ਨਾਲ ਲਿਵ ਜੋੜਨ ਦਾ। ਐ ਮਨੁੱਖ! ਜੇ ਤੂੰ ਹੁਣ ਵੀ ਆਪਣੀ ਲਿਵ, ਪ੍ਰਮਾਤਮਾ ਨਾਲ ਨਾ ਜੋੜ ਸਕਿਆ ਤਾਂ ਫਿਰ ਸਿਰ ਮਾਰ-ਮਾਰ ਕੇ ਪਛਤਾਵੇਂਗਾ। ਭਗਤ ਕਬੀਰ ਜੀ ਦਾ ਗੂਜਰੀ ਰਾਗ ਅੰਦਰ ਫੁਰਮਾਨ ਧਿਆਨ ਦੇ ਕੇ ਸ੍ਰਵਣ ਕਰ ਤੇ ਵਿਚਾਰ ਕਰ :

**ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ॥**
**ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ॥੪॥੧॥**

*ਕਬੀਰ ਜੀ, ਪੰਨਾ ੫੨੪*

ਗੁਰਬਾਣੀ ਉਪਦੇਸ਼ ਅਨੁਸਾਰ, ਅਸੀਂ ਸੱਤ-ਚਿੱਤ-ਅਨੰਦ ਪਰਮਾਤਮਾ ਦੀ ਅੰਸ਼ ਹਾਂ ਪਰ ਬਿਲਕੁਲ, ਇਸ ਦੇ ਉਲਟ ਅਸੀਂ ਅਨੰਦ ਤੋਂ ਸੱਖਣੇ, ਸਗੋਂ ਦੁਖੀ ਹਾਂ, ਲੋੜਾਂ ਥੋੜਾਂ ਦੇ ਮੁਹਤਾਜ ਹੋ, ਦਿਨ ਰਾਤ ਚਿੰਤਾ ਵਿੱਚ ਜੀਵਨ ਬਤੀਤ ਕਰਦੇ, ਪਰੇਸ਼ਾਨੀਆਂ ਵਿੱਚ ਘਿਰੇ, ਦਿਨ ਰਾਤ ਝੂਰਦੇ ਹਾਂ। ਮਾਇਆ ਦੇ ਪ੍ਰਭਾਵ ਵਿੱਚ ਫਸ ਕੇ, ਹਰ ਛਿੰਨ ਪ੍ਰਮਾਤਮਾ ਦੀ ਹੋਂਦ ਨੂੰ ਅਸੀਂ ਭੁੱਲ ਰਹੇ ਹਾਂ। ਗੁਰਬਾਣੀ ਅੰਦਰ ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਦਾ ਕਾਰਣ ਜੀਵ ਆਤਮਾ ਦੀ ਪਰਮਾਤਮਾ ਨਾਲੋਂ ਲਿਵ ਟੁੱਟਣਾ ਦਰਸਾਇਆ ਹੈ। ਮਾਤਾ ਦੇ ਗਰਭ ਵਿੱਚ, ਹਰ ਜੀਵ-ਆਤਮਾ ਦੀ ਲਿਵ ਸਿਮਰਨ ਦੁਆਰਾ, ਪਰਮਾਤਮਾ ਨਾਲ ਜੁੜੀ ਹੋਈ ਸੀ। ਸਤਿਗੁਰੂ ਅਰਜਨ ਦੇਵ ਜੀ ਪ੍ਰੋੜ੍ਹਤਾ ਕਰਦੇ ਹਨ :

**ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹੁ ਰਹਤਾ ਨਾਮ ਅਧਾਰਿ॥**
**ਅਨਦੁ ਕਰੈ ਸਾਸਿ ਸਾਸਿ ਸਮ੍ਾਰੈ ਨਾ ਪੋਹੈ ਅਗਨਾਰਿ॥੨॥**

*ਆਸਾ ਮ: ੫, ਪੰਨਾ ੩੭੯*

ਜਿਸ ਵੇਲੇ ਜੀਵ-ਆਤਮਾ ਨੇ ਸੰਸਾਰ ਵਿੱਚ ਜਨਮ ਲਿਆ। ਜਨਮ ਲੈਂਦੇ ਸਾਰ ਹੀ ''**ਸਾਸਿ ਸਾਸਿ ਸਮ੍ਾਰੈ**'' ਦੀ ਅਵਸਥਾ ਖ਼ਤਮ ਹੋ ਗਈ। ਸੰਸਾਰ ਦੀ ਹਵਾ ਲੱਗਦਿਆਂ ਹੀ **ਲਾਗਤ ਪਵਨ ਖਸਮੁ ਬਿਸਰਾਇਓ** ਦੀ ਖੇਡ ਵਰਤ ਗਈ ਤੇ ਪ੍ਰਮਾਤਮਾ ਨਾਲੋਂ ਲਿਵ ਟੁੱਟਣ ਦੇ ਕਾਰਣ, ਮਾਇਆ ਦੀ ਤ੍ਰਿਸ਼ਨਾ ਨੇ ਜੀਵ ਉੱਪਰ ਆਪਣਾ ਗਲਬਾ ਪਾ ਲਿਆ। ਸਤਿਗੁਰੂ ਅਮਰਦਾਸ ਜੀ ਦਾ ਅਨੰਦ ਬਾਣੀ ਅੰਦਰ ਬਚਨ ਦਰਜ਼ ਹੈ :

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥**

*ਮ: ੩, ਅਨੰਦੁ, ਪੰਨਾ ੯੨੧*

ਪ੍ਰਮਾਤਮਾ ਨਾਲੋਂ ਲਿਵ ਟੁੱਟਣ ਉਪਰੰਤ, ਕਿਵੇਂ-ਕਿਵੇਂ ਜੀਵ ਆਤਮਾ, ਸੰਸਾਰ



ਦੇ ਰੁਝੇਵਿਆਂ ਵਿੱਚ ਫਸਦੀ ਤੇ ਖਚਤ ਹੁੰਦੀ ਗਈ, ਜਿਸ ਨੂੰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਮਾਝ ਦੀ ਵਾਰ ਦੇ ਪਹਿਲੇ ਸਲੋਕ ਅੰਦਰ ਦਰਜ਼ ਕੀਤਾ ਹੈ। ਸਭ ਤੋਂ ਪਹਿਲਾਂ ਜੀਵ ਨੇ ਜਨਮ ਲੈਂਦੇ ਸਾਰ ਭੁੱਖ ਦੇ ਕਾਰਣ ਮਾਤਾ ਦੇ ਦੁੱਧ ਨਾਲ ਪਿਆਰ ਪਾ ਲਿਆ। ਥੋੜ੍ਹਾ ਵੱਡਾ ਹੋਇਆ ਮਾਤਾ-ਪਿਤਾ ਦੀ ਸੋਝੀ ਆਈ। ਮਾਤਾ-ਪਿਤਾ ਦੀਆਂ ਲੋਰੀਆਂ ਵਿੱਚ ਮੋਹਿਤ ਹੋ ਗਿਆ। ਥੋੜ੍ਹਾ ਹੋਰ ਵੱਡਾ ਹੋਇਆ, ਸੁਰਤ ਸੰਭਾਲੀ, ਪਤਾ ਲੱਗਾ ਇਹ ਮੇਰਾ ਭਰਾ ਹੈ, ਇਹ ਮੇਰੀ ਭੈਣ ਹੈ। ਭੈਣ-ਭਰਾ ਦੇ ਮੋਹ ਵਿੱਚ ਖੁਸ਼ ਰਹਿਣ ਲੱਗਾ। ਹੋਰ ਵੱਡਾ ਹੋਇਆ ਸੰਗੀ ਸਾਥੀਆਂ ਨਾਲ ਸਾਰਾ ਦਿਨ ਖੇਡਦਾ ਰਹਿੰਦਾ ਹੈ ਅਤੇ ਭੁੱਖ ਦੀ ਵੀ ਪਰਵਾਹ ਨਹੀਂ ਕਰਦਾ। ਭੈਣ, ਭਰਾ, ਮਾਤਾ ਅਵਾਜ਼ਾਂ ਮਾਰ-ਮਾਰ ਕੇ ਪ੍ਰਸ਼ਾਦਾ ਛਕਾਉਂਦੇ ਹਨ। ਥੋੜ੍ਹਾ ਹੋਰ ਵੱਡਾ ਹੋਇਆ ਤਾਂ ਖਾਣ-ਪੀਣ ਦੇ ਚਸਕਿਆਂ ਵਿੱਚ ਪ੍ਰਵਿਰਤ ਹੋ ਗਿਆ। ਭਰ ਜੁਆਨੀ ਆ ਗਈ, ਕਾਮੁਕ ਰੁਚੀ ਪ੍ਰਜੁਅਲਤ ਹੋ ਗਈ। ਇਸ ਕਾਮੁਕ ਰੁਚੀ ਵਿੱਚ ਥਾਂ-ਕੁਥਾਂਹ ਦੀ ਵੀ ਪ੍ਰਵਾਹ ਨਹੀਂ ਕਰਦਾ। ਵਿਆਹ ਉਪਰੰਤ ਬਾਲ-ਬੱਚੇ ਦਾਰ ਬਣ ਗਿਆ। ਹੁਣ ਧਨ-ਸੰਪਦਾ ਇਕੱਤਰ ਕਰਨ ਤੇ ਨਵੇਂ ਘਰ ਉਸਾਰਨ ਦੇ ਆਹਰ ਵਿੱਚ ਖਚਤ ਹੋ ਗਿਆ। ਬਾਲ-ਬੱਚੇ ਵੱਡੇ ਹੋ ਗਏ, ਉਹ ਆਖਾ ਨਹੀਂ ਮੰਨਦੇ, ਘਰ ਦੀਆਂ ਚੀਜ਼ਾਂ ਦੀ ਤੋੜ ਭੰਨ ਕਰਦੇ ਹਨ। ਵੱਸ ਕੁਝ ਚੱਲਦਾ ਨਹੀਂ, ਕ੍ਰੋਧ ਦੇ ਅਧੀਨ ਉਨ੍ਹਾਂ ਨੂੰ ਵੱਧ-ਘੱਟ ਬੋਲਦਾ ਆਪਣਾ ਸਮਾਂ ਬਤੀਤ ਕਰਦਾ ਹੈ। ਵਡੇਰੀ ਉਮਰ ਹੋ ਗਈ, ਅਜੇ ਵੀ ਆਪਣੇ ਮੂਲ ਨਾਲ ਲਿਵ ਜੋੜਨ ਦਾ ਚੇਤਾ ਨਹੀਂ ਆਇਆ। ਹੁਣ ਹਾਲਤ ਭਗਤ ਭੀਖਨ ਜੀ ਦੇ ਫੁਰਮਾਨ ਵਰਗੀ ਹੋ ਗਈ :

**ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ॥**
**ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ॥੧॥**

*ਭੀਖਨ ਜੀ, ਪੰਨਾ ੬੫੯*

ਕੇਸ ਦੁੱਧ ਵਾਂਗ ਚਿੱਟੇ ਹੋ ਗਏ, ਅੱਖਾਂ ਵਿੱਚੋਂ ਲਗਾਤਾਰ ਪਾਣੀ ਵਗੀ ਜਾ ਰਿਹਾ ਹੈ। ਸਰੀਰ ਦੀ ਸੱਤਿਆ ਖੀਣ ਹੋ ਗਈ ਹੈ। ਮਨੁੱਖ ਪਰਾਏ ਆਸ਼ਰਿਤ ਹੋ ਗਿਆ। ਬਲਗਮ ਨਾਲ ਗਲਾ ਰੁੱਕ ਜਾਣ ਕਾਰਨ ਠੀਕ ਬੋਲਿਆ ਵੀ ਨਹੀਂ ਜਾਂਦਾ। ਕੀ ਹੁਣ ਅਜਿਹੀ ਅਵਸਥਾ ਵਿੱਚ ਆ ਕੇ ਭਜਨ ਕਰੇਂਗਾ ? ਨਹੀਂ ਹੋ ਸਕੇਗਾ।

ਭਗਤ ਕਬੀਰ ਜੀ ਦੇ ਫੁਰਮਾਨ ਅਨੁਸਾਰ, ਸਰੀਰ ਦਾ ਅਜਿਹਾ ਹਾਲ ਬਣ ਗਿਆ ਕਿ ਸਿਰ,ਪੈਰ,ਹੱਥ ਵਡੇਰੀ ਉਮਰ ਵਿੱਚ ਆ ਕੇ ਕੰਬਣ ਲੱਗ ਜਾਂਦੇ ਹਨ। ਅੱਖਾਂ ਵਿੱਚੋਂ ਲਗਾਤਾਰ ਪਾਣੀ ਵੱਗਦਾ ਰਹਿੰਦਾ ਹੈ। ਜੁਬਾਨ ਨਾਲ ਸਹੀ ਬੋਲਿਆ ਨਹੀਂ ਜਾਂਦਾ। ਪੁੱਤ, ਪੋਤਰੇ ਜਿਨ੍ਹਾਂ ਨੂੰ ਜੀਵਨ ਦਾ ਆਸਰਾ ਸਮਝ ਕੇ ਧਰਮ ਵੱਲ

ਸਾਰੀ ਉਮਰ ਪਿੱਠ ਕਰ ਛੱਡੀ, ਉਹ ਪੁੱਤਰ ਪੋਤਰੇ ਬਜ਼ੁਰਗ ਨੂੰ ਵੱਧ-ਘੱਟ ਬੋਲਦੇ ਹਨ। ਹੁਣ ਪਛਤਾਵਾ, ਦੁੱਖ ਦਿੰਦਾ ਹੈ ਕਿ ਜਿਨ੍ਹਾਂ ਦੀ ਖ਼ਾਤਰ ਮੈਂ ਆਪਣਾ ਸਾਰਾ ਕਰਮ-ਧਰਮ ਛੱਡ ਦਿੱਤਾ, ਅੱਜ ਉਹ ਸਾਰੇ ਮੈਨੂੰ ਨਫ਼ਰਤ ਕਰਦੇ ਤੇ ਕਬੋਲ ਬੋਲਦੇ ਹਨ। ਹੁਣ ਭਜਨ ਕਰਨਾ ਚਾਹੁੰਦਾ ਹੈ ਪਰ ਹੁਣ ਸਮਾਂ ਬੀਤ ਚੁੱਕਾ ਹੁੰਦਾ ਹੈ। ਅਜਿਹੀ ਅਵਸਥਾ ਵਿੱਚ ਹੁਣ ਕੁੱਝ ਵੀ ਹੋ ਨਹੀਂ ਸਕਦਾ। ਆਪ ਦਾ ਬਹੁਤ ਹੀ ਭਾਵ ਪੂਰਤ ਸਿੱਖਿਆ ਵਾਲਾ ਆਸਾ ਰਾਗ ਅੰਦਰ ਫੁਰਮਾਨ ਹੈ :

**ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ॥**
**ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ॥੩॥**

*ਆਸਾ ਕਬੀਰ ਜੀ, ਪੰਨਾ ੪੭੯*

ਇਸ ਉਪਰੰਤ, ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਹੁਣ ਮਨੁੱਖ ਦੀ ਅਜਿਹੀ ਅਵਸਥਾ ਬਣ ਜਾਂਦੀ ਹੈ ਕਿ ਸਾਹ ਵੀ ਔਖਾ ਆਉਣ ਲੱਗ ਜਾਂਦਾ ਹੈ। ਆਖ਼ਰ ਜੀਵ ਆਤਮਾ ਸਰੀਰ 'ਚੋਂ ਉਡਾਰੀ ਮਾਰ ਜਾਂਦੀ ਹੈ। ਧੀਆਂ-ਪੁੱਤਰ ਅੰਗ-ਸਾਕ ਸਾਰੇ ਇੱਕੱਠੇ ਹੋ ਕੇ ਸਰੀਰ ਦਾ ਦਾਹ ਸੰਸਕਾਰ ਕਰ ਦਿੰਦੇ ਹਨ। ਜੀਵ ਆਤਮਾ ਆਪਣੇ ਮੂਲ ਨਾਲੋਂ ਟੁੱਟਿਆ ਹੋਇਆ ਨਿਰਾਸ਼ ਹੀ ਇਸ ਸੰਸਾਰ 'ਚੋਂ ਤੁਰ ਜਾਂਦਾ ਹੈ। ਪਰਿਵਾਰ ਵਾਲੇ ਰੋ-ਪਿੱਟ ਕੇ ਕਿਰਿਆ-ਕਰਮ ਕਰਕੇ ਆਪਣਾ ਫਰਜ਼ ਪੂਰਾ ਕਰ ਦਿੰਦੇ ਹਨ। ਜਿਸ ਕਰਮ ਨੂੰ ਕਰਨ ਵਾਸਤੇ ਜੀਵ-ਆਤਮਾ ਨੂੰ ਪ੍ਰਮਾਤਮਾ ਨੇ ਮਨੁੱਖਾ ਜਨਮ ਪ੍ਰਦਾਨ ਕੀਤਾ ਸੀ, ਮਨੁੱਖ ਆਪਣੀ ਆਤਮਾ ਦੀ ਲਿਵ ਪ੍ਰਮਾਤਮਾ ਨਾਲ ਜੋੜ ਨਹੀਂ ਸਕਿਆ। ਇਸ ਲਈ ਜੀਵ, ਜਿਹਾ ਸੰਸਾਰ ਵਿੱਚ ਆਇਆ ਜੇਹਾ ਨਾ ਆਇਆ। ਸਾਹਿਬਾਂ ਦੇ ਬਚਨਾਂ ਤੋਂ ਸੇਧ ਲੈ ਕੇ ਆਪਣੇ ਆਪ ਦੀ ਪੜਚੋਲ ਕਰੀਏ ਕਿ ਗੁਰੂ ਨਾਨਕ ਪਾਤਸ਼ਾਹ ਜੀ ਦਾ ਹੇਠ ਲਿਖਿਆ ਫੁਰਮਾਨ ਕਿਤੇ ਸਾਡੇ ਉੱਪਰ ਵੀ ਤਾਂ ਨਹੀਂ ਢੁੱਕ ਰਿਹਾ। ਜੇ ਅਸੀਂ ਵੀ ਇਸੇ ਰਸਤੇ ਤੁਰੇ ਜਾ ਰਹੇ ਹਾਂ ਤਾਂ ਸਾਨੂੰ ਅਜੇ ਵੀ ਸੰਭਲ ਜਾਣਾ ਚਾਹੀਦਾ ਹੈ ਤੇ ਆਪਣੀ ਟੁੱਟੀ ਹੋਈ ਲਿਵ ਨੂੰ ਆਪਣੇ ਮੂਲ ਨਾਲ ਜੋੜਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਸਤਿਗੁਰਾਂ ਦਾ ਫੁਰਮਾਨ ਪੜ੍ਹੀਏ ਤੇ ਵਿਚਾਰ ਕਰੀਏ :

**ਪਹਿਲੈ ਪਿਆਰਿ ਲਗਾ ਥਣ ਦੁਧਿ॥ ਦੂਜੈ ਮਾਇ ਬਾਪ ਕੀ ਸੁਧਿ॥**
**ਤੀਜੈ ਭਯਾ ਭਾਭੀ ਬੇਬ॥ ਚਉਥੈ ਪਿਆਰਿ ਉਪੰਨੀ ਖੇਡ॥**
**ਪੰਜਵੈ ਖਾਣ ਪੀਅਣ ਕੀ ਧਾਤੁ॥ ਛਿਵੈ ਕਾਮੁ ਨ ਪੁਛੈ ਜਾਤਿ॥**
**ਸਤਵੈ ਸੰਜਿ ਕੀਆ ਘਰ ਵਾਸੁ॥ ਅਠਵੈ ਕ੍ਰੋਧੁ ਹੋਆ ਤਨ ਨਾਸੁ॥**



**ਨਾਵੈ ਧਉਲੇ ਉਭੇ ਸਾਹ॥ ਦਸਵੈ ਦਧਾ ਹੋਆ ਸੁਆਹ॥**
**ਗਏ ਸਿਗੀਤ ਪੁਕਾਰੀ ਧਾਹ॥ ਉਡਿਆ ਹੰਸੁ ਦਸਾਏ ਰਾਹ॥**
**ਆਇਆ ਗਇਆ ਮੁਇਆ ਨਾਉ॥ ਪਿਛੈ ਪਤਲਿ ਸਦਿਹੁ ਕਾਵ॥**
**ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ ਸੰਸਾਰੁ॥੨॥**

*ਮ: ੧, ਪੰਨਾ ੧੩੭*

ਆਤਮਾ ਦਾ ਪ੍ਰਮਾਤਮਾ ਨਾਲੋਂ ਨਾਤਾ ਤੋੜਨ ਵਾਲੀ ਭੁੱਲ ਹੈ। ਜੇ ਨਾਮ ਸਿਮਰਨ ਨਾਲ ਭੁੱਲ ਦੂਰ ਹੋ ਜਾਵੇ ਤਾਂ ਜੀਵ ਆਤਮਾ ਦਾ ਸੰਪਰਕ ਆਪਣੇ ਮੂਲ ਪਰਮਾਤਮਾ ਨਾਲ ਜੁੜ ਜਾਵੇਗਾ। ਇਸੇ ਲਈ ਹੀ ਸਾਰੀ ਗੁਰਬਾਣੀ ਅੰਦਰ, ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਹੇ ਪ੍ਰਾਣੀ ! ਪ੍ਰਮਾਤਮਾ ਨਾਲ ਲਿਵ ਜੋੜਨ ਲਈ, ਹੇਠ ਲਿਖਿਆ ਰਸਤਾ ਇਖਤਿਆਰ ਕਰ, ਉਹ ਰਸਤਾ ਹੈ :

**ਬਾਰੰ ਬਾਰ ਬਾਰ ਪ੍ਰਭੁ ਜਪੀਐ॥** *ਸੁਖਮਨੀ, ਮ: ੫, ਪੰਨਾ ੨੮੯*

ਉਹ ਰਸਤਾ ਹੈ—

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥** *ਜਪੁਜੀ, ਪੰਨਾ ੭*

ਇਸ ਰਸਤੇ ਉੱਪਰ ਚੱਲਣ ਲਈ ਗੁਰੂ ਦਰ ਅਰਜੋਈ ਕਰਨੀ ਹੈ। ਹੇ ਦਾਤਾ!

**ਬੀਤ ਰਹੀ ਹੁਣ ਬੀਤ ਚਲੀ ਹੈ**
**ਬੀਤ ਜਾਏਗੀ ਇੱਕ ਦਿਨ॥**
**ਛਿੰਨ ਛਿੰਨ ਯਾਦ ਪਕੇ ਲਿਵ ਬਣ ਜਾਏ,**
**ਬਣੇ ਸਦੈਵੀਂ ਇਹ ਛਿੰਨ॥**
**ਤਰਲੇ ਲਿਵ ਬਹੁਤੇਰੇ ਸ਼ਾਹ ਜੀ**
**ਭੁੱਲ ਝਾਤੀਆਂ ਮਾਰੇ॥**
**ਸ਼ਾਲਾ ਸ਼ਰਣ ਲਾਜ ਹੁਣ ਪਾਲੋ**
**ਸਮਰਥ ਕੋਇ ਨ ਤੁਝ ਬਿਨ॥** *ਭਾਈ ਵੀਰ ਸਿੰਘ ਜੀ*

ਬਾਰੰ-ਬਾਰ ਪ੍ਰਮਾਤਮਾ ਨੂੰ ਇਸ ਕਰਕੇ ਯਾਦ ਕਰਨਾ ਹੈ ਤਾਂ ਜੋ ਸਾਡੇ ਅਤੇ ਪ੍ਰਮਾਤਮਾ ਦੇ ਵਿਚਕਾਰ ਲਿਵ ਨੂੰ ਤੋੜਨ ਵਾਲੀ ਜੋ ਭੁੱਲ ਹੈ, ਇਹ ਭੁੱਲ, ਯਾਦ ਵਿੱਚ ਤਬਦੀਲ ਹੋ ਜਾਵੇ। ਜਦੋਂ ਲਗਾਤਾਰੀ ਯਾਦ ਪੱਕ ਗਈ ਸਮਝੋ ਜੀਵ-ਆਤਮਾ ਦੀ ਲਿਵ ਪ੍ਰਮਾਤਮਾ ਨਾਲ ਜੁੜ ਗਈ। ਆਪਣੇ ਮੂਲ ਨਾਲੋਂ ਟੁੱਟਣਾ ਹੀ ਮੌਤ ਹੈ, ਜੁੜਨਾ ਜ਼ਿੰਦਗੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਗਾਥਾ ਬਾਣੀ ਅੰਦਰ ਫੁਰਮਾਨ ਹੈ :

**ਮਰਣੰ ਬਿਸਰਣੰ ਗੋਬਿੰਦਹ॥ ਜੀਵਣੰ ਹਰਿ ਨਾਮ ਧ੍ਯਾਵਣਹ॥**

*ਮ: ੫, ਪੰਨਾ ੧੩੬੧*

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਾਝ ਰਾਗ ਅੰਦਰ ਬਚਨ ਹੈ :

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥**

*ਮ: ੧, ਪੰਨਾ ੧੪੨*

## ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
## ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥੪॥੨॥

**ਅੱਖਰੀ ਅਰਥ :** ਦੁਨਿਆਵੀ ਕਾਰਜ, ਜੋ ਪਤਨੀ ਲਈ ਪਤੀ ਪ੍ਰਾਪਤੀ ਦਾ ਸੀ, ਉਹ ਕਾਰਜ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਸਮੂਹ ਸੰਗਤ ਦੀ ਹਾਜ਼ਰੀ ਵਿੱਚ ਚਾਰ ਲਾਵਾਂ ਦਾ ਪਾਠ ਪ੍ਰਕਰਮਾ ਤੇ ਕੀਰਤਨ ਕਰਨ ਉਪਰੰਤ ਸੰਪੂਰਨ ਹੋ ਗਿਆ। ਪਹਿਲਾਂ ਜਦੋਂ ਬੱਚੀ-ਬੱਚਾ ਸਤਿਗੁਰਾਂ ਦੇ ਚਰਨਾਂ ਵਿੱਚ ਗਏ ਉਸ ਵੇਲੇ ਉਨ੍ਹਾਂ ਦਾ ਹੋਰ ਰਿਸ਼ਤਾ ਸੀ, ਲਾਵਾਂ ਦੀ ਰਸਮ ਪੂਰੀ ਹੋਣ ਉਪਰੰਤ, ਗੁਰੂ ਚਰਨਾਂ ਵਿੱਚੋਂ ਵਾਪਸੀ ਤੇ ਦੋਵਾਂ ਦਾ ਸਮਾਜਿਕ ਤੌਰ ਤੇ ਪਤੀ-ਪਤਨੀ ਦਾ ਰਿਸ਼ਤਾ ਜੁੜ ਗਿਆ। ਹੁਣ ਇਸ ਰਿਸ਼ਤੇ ਵਿੱਚ ਕੋਈ ਰੋਕ ਟੋਕ ਨਹੀਂ ਕਰ ਸਕਦਾ। ਸਮਾਜ ਤੇ ਸਰਕਾਰ ਦੇ ਵੀ ਇਹ ਰਿਸ਼ਤਾ ਪ੍ਰਵਾਨ ਹੁੰਦਾ ਹੈ।

ਦੂਸਰਾ, ਹਰ ਜੀਵ-ਆਤਮਾ, ਚਾਹੇ ਉਹ ਇਸਤਰੀ ਰੂਪ ਹੈ ਜਾਂ ਮਰਦ ਜਾਮੇ ਵਿੱਚ ਹੈ, ਉਸ ਦਾ ਮੰਤਵ ਵੀ ਮਨੁੱਖਾ ਜਨਮ ਅੰਦਰ ਆਪਣੇ ਮਾਲਕ ਪਤੀ ਪਰਮੇਸ਼ਰ ਨੂੰ ਪ੍ਰਾਪਤ ਕਰਨਾ ਹੈ। ਪ੍ਰਮਾਤਮਾ ਨੇ ਮਨੁੱਖਾ ਜਨਮ ਦਾ ਕਾਰਜ ਵੀ **''ਹਰਿ ਪਾਇਆ ਪ੍ਰਭੁ ਅਬਿਨਾਸੀ''** ਅਨੁਸਾਰ ਸੰਪੂਰਨ ਕਰ ਦਿੱਤਾ। ਭਾਵ ਕਿ ਜਿਸ ਜੀਵ ਆਤਮਾ ਨੇ ਲਾਵਾਂ ਦੇ ਉਪਦੇਸ਼ ਦੀ ਕਮਾਈ ਕੀਤੀ, ਉਸ ਆਤਮਾ ਨੇ ਵੀ ਅਬਿਨਾਸੀ ਵਰ (ਪਤੀ) ਪ੍ਰਾਪਤ ਕਰ ਲਿਆ।

## ਹਰਿ ਪਾਇਆ ਪ੍ਰਭੁ ਅਵਿਨਾਸੀ

**ਸੰਖੇਪ ਵਿਚਾਰ :** ਜਿਵੇਂ ਆਪਾਂ ਪਿਛਲੇ ਪੰਨਿਆਂ ਅੰਦਰ ਵੀ ਵਿਚਾਰ ਕੀਤੀ ਸੀ। ਸਾਡੇ ਜੀਵਨ ਦਾ ਮੰਤਵ ਸੰਸਾਰ ਵਿੱਚ ਜਨਮ ਲੈ ਕੇ, ਮਾਇਆ ਇਕੱਤਰ ਕਰਨੀ ਜਾਂ ਖਾਣਾ-ਪੀਣਾ, ਐਸ਼-ਇਸ਼ਰਤ ਕਰਕੇ ਇਸ ਸੰਸਾਰ 'ਚੋਂ ਤੁਰ ਜਾਣਾ ਹੀ ਨਹੀਂ। ਸਾਨੂੰ ਪ੍ਰਮਾਤਮਾ ਨੇ ਅਮੋਲਕ ਮਨੁੱਖਾ ਜਨਮ ਪ੍ਰਦਾਨ ਕਰਕੇ ਸਾਡੇ ਜ਼ਿੰਮੇ ਇੱਕ ਖ਼ਾਸ ਕਾਰਜ ਸੌਂਪਿਆ ਹੈ, ਉਹ ਕਾਰਜ ਹੈ, ਗੋਬਿੰਦ ਦੇ ਨਾਲ ਮਿਲਣ ਦਾ।



ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

*ਆਸਾ ਮ: ੫, ਪੰਨਾ ੧੨*

ਜੀਵ ਆਤਮਾ ਨੂੰ ਪ੍ਰਮਾਤਮਾ ਨਾਲ ਅਭੇਦ ਕਰਵਾਉਣ ਤੇ ਜੀਵ ਆਤਮਾ ਦੇ ਕੰਮ ਆਉਣ ਵਾਲਾ ਜੋ ਕਾਰਜ ਹੈ, ਉਸ ਕੰਮ ਨੂੰ ਕਰਨ ਤੋਂ ਮਨੁੱਖ ਆਲਸ ਕਰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਸੋਰਠ ਰਾਗ ਅੰਦਰ ਫੁਰਮਾਨ ਕਰਦੇ ਹਨ, ਹੇ ਪ੍ਰਾਣੀ! ਜਿਸ ਕੰਮ ਨੂੰ ਕਰਨ ਨਾਲ ਇਸ ਸੰਸਾਰ ਅੰਦਰ ਵੀ ਸੁੱਖ, ਦਰਗਾਹ ਵਿੱਚ ਵੀ ਤੇਰਾ ਮੁੱਖ ਉਜਲਾ ਹੋਣਾ ਹੈ ਅਜਿਹੇ ਕੰਮ ਨੂੰ ਕਰਨ ਲਈ ਕਿਉਂ ਆਲਸ ਕਰਦਾ ਹੈ ? ਭਾਵ ਤੈਨੂੰ ਨਾਮ ਸਿਮਰਨ ਦਾ ਕਾਰਜ ਕਰਨ ਲਈ ਆਲਸ ਨਹੀਂ ਕਰਨਾ ਚਾਹੀਦਾ। ਆਪ ਦਾ ਫੁਰਮਾਨ ਹੈ :

**ਅਪਨੇ ਕਾਜ ਕਉ ਕਿਉ ਅਲਕਾਈਐ॥**
**ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ॥੧॥ ਰਹਾਉ॥**

*ਸੋਰਠਿ ਮ: ੫, ਪੰਨਾ ੬੨੯*

ਪਰ ਹੁੰਦਾ ਕੀ ਹੈ ? ਮਨੁੱਖ ਬੁਰਾ ਕਰਮ ਕਰਨਾ ਹੋਵੇ ਫਿਰ ਕੋਈ ਸਰਦੀ, ਗਰਮੀ, ਮੀਂਹ ਨਹੀਂ ਵੇਖਦਾ, ਪਰ ਜਿਸ ਵੇਲੇ ਨਾਮ ਜਪਣ ਦਾ ਸਮਾਂ ਬਣਦਾ ਹੈ, ਉਸ ਵੇਲੇ ਸਾਰੀ ਦੁਨੀਆਂ ਦਾ ਆਲਸ ਆ ਘੇਰਦਾ ਹੈ ਤੇ ਮਨੁੱਖ ਸੌਂ ਜਾਂਦਾ ਹੈ। ਸਤਿਗੁਰਾਂ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ :

**ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥੧॥**

*ਮ: ੫, ਪੰਨਾ ੭੩੮*

ਅਤੇ :

**[1]ਸਾਰੋ ਦਿਨਸੁ ਮਜੂਰੀ ਕਰੈ॥**
**ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥੧॥**

*ਭੈਰਉ ਮ: ੫, ਪੰਨਾ ੧੧੪੩*

ਵਿਸ਼ੇ ਵਿਕਾਰੀ ਤੇ ਸੰਸਾਰੀ ਕਾਰਜਾਂ ਨੂੰ ਕਰਨ ਵਾਸਤੇ ਮਨੁੱਖ ਆਲਸ ਛੱਡ ਬਹੁਤ ਛੇਤੀ ਕਰਨ ਨੂੰ ਤਿਆਰ ਹੋ ਜਾਂਦਾ ਹੈ, ਪਰ ਨਾਮ ਦਾ ਕੰਮ ਕੱਲ ਨੂੰ ਕਰ ਲਵਾਂਗੇ ਕਹਿ ਕੇ, ਕੱਲ ਤੇ ਛੱਡ ਦਿੰਦਾ ਹੈ। ਅਖੀਰ ਹੁੰਦਾ ਕੀ ਹੈ –

---

1. ਮਨੁੱਖ ਸਾਰਾ ਦਿਨ ਦੁਨਿਆਵੀ ਕਾਰਜਾਂ ਦੀ ਪੂਰਤੀ ਲਈ, ਤਨ ਨਾਲ ਮਜ਼ਦੂਰੀ ਹੈ। ਪਰ ਜਿਸ ਵੇਲੇ ਆਤਮਾ ਦੇ ਕੰਮ ਆਉਣ ਵਾਲਾ ਕਾਰਜ ਕਰਨਾ ਹੁੰਦਾ ਹੈ ਉਸ ਵੇਲੇ ਇੰਨਾ ਆਲਸੀ ਹੋ ਜਾਂਦਾ ਹੈ ਜਿਵੇਂ ਕਿਸੇ ਨੇ ਇਸ ਉੱਪਰ ਸੌ-ਮਣ ਪੱਥਰ ਦਾ ਭਾਰ ਰੱਖ ਦਿੱਤਾ ਹੁੰਦਾ ਹੈ।

**ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ॥੨॥**

*ਮ: ੧, ਪੰਨਾ ੫੮੧*

ਅੰਤ ਸਮਾਂ ਜਦੋਂ ਆ ਢੁੱਕਦਾ ਹੈ, ਮਨੁੱਖ ਆਪਣਾ ਕੰਮ ਪੂਰਾ ਕੀਤੇ ਤੋਂ ਬਿਨਾਂ ਹੀ ਇਸ ਸੰਸਾਰ 'ਚੋਂ ਤੁਰ ਜਾਂਦਾ ਹੈ। ਸਤਿਗੁਰੂ ਅਤੇ ਭਗਤ ਜਨ ਪੁਕਾਰ-ਪੁਕਾਰ ਕੇ ਜੀਵ ਨੂੰ ਸੁਚੇਤ ਕਰਦੇ ਹਨ। ਐ ਮਨੁੱਖ! ਜਿਹੜਾ ਅਸਲੀ ਕੰਮ, ਤੇਰੇ ਇਸ ਸੰਸਾਰ ਵਿੱਚ ਵੀ ਤੇ ਆਤਮਾ ਦੇ ਵੀ ਕੰਮ ਆਉਣਾ ਹੈ ਉਸ ਕੰਮ ਨੂੰ ਕੱਲ ਤੇ ਨਾ ਪਾ, ਕੱਲ ਕਰਨ ਦੀ ਥਾਂ ਉਸ ਨੂੰ ਅੱਜ ਕਰ ਲੈ। ਜੇ ਅੱਜ ਕਰਨ ਦਾ ਮਨ ਬਣਿਆ ਹੈ, ਤਦ ਉਸ ਨੂੰ ਹੁਣੇ ਹੀ ਅਰੰਭ ਕਰ ਦੇਹ। ਜਿਸ ਵੇਲੇ ਆਖ਼ਰੀ ਸਮਾਂ ਆ ਗਿਆ ਉਸ ਵੇਲੇ ਨਾਮ ਜਪਣ ਦਾ ਕਾਰਜ ਨਹੀਂ ਹੋ ਸਕਣਾ। ਬਾਬਾ ਕਬੀਰ ਜੀ ਦਾ ਫੁਰਮਾਨ ਹੈ—

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥**
**ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥੧੩੮॥**

*ਕਬੀਰ ਜੀ, ਪੰਨਾ ੧੩੭੧*

ਸਤਿਗੁਰਾਂ-ਭਗਤਾਂ ਦੇ ਬਾਰੰਬਾਰ ਸਮਝਾਉਣ ਤੇ ਵੀ ਮਨੁੱਖ ਆਪਣੇ ਕੰਮ ਨੂੰ ਕਰਨ ਲਈ ਨਾ ਤਿਆਰ ਹੁੰਦਾ ਹੈ ਤੇ ਨਾ ਹੀ ਨਾਮ ਸਿਮਰਨ ਦੇ ਕਰਮ ਨੂੰ ਆਪਣੀ ਆਤਮਾ ਦੇ ਨਾਲ ਨਿੱਭਣ ਵਾਲ ਸਮਝਦਾ ਹੀ ਹੈ। ਦੂਸਰਿਆਂ ਕੰਮਾਂ ਨੂੰ, ਜਿਨ੍ਹਾਂ ਨੇ ਆਤਮਾ ਦੇ ਨਾਲ ਨਹੀਂ ਨਿਭਣਾ, ਉਨ੍ਹਾਂ ਨੂੰ ਕਰਨ ਵਾਸਤੇ ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ, ਮਨੁੱਖ ਸੁਵਖਤੇ ਹੀ ਘਰੋਂ ਤੁਰ ਪੈਂਦਾ ਹੈ। ਸਾਰਾ ਦਿਨ, ਮਨੁੱਖ ਘਰੋਂ ਕੰਮ ਤੇ ਕੰਮ ਤੋਂ ਘਰੇ ਤੁਰਿਆ ਰਹਿੰਦਾ, ਸਾਰਾ ਦਿਨ ਦੌੜ ਭੱਜ ਬਹੁਤ ਕਰਦਾ ਹੈ, ਪਰ ਪਹੁੰਚਦਾ ਕਿਤੇ ਵੀ ਨਹੀਂ। ਮਨੁੱਖ ਨਾਲ, ਭਾਈ ਸਾਹਿਬ ਦੇ ਕਥਨ ਅਨੁਸਾਰ, ਤੇਲੀ ਦੁਆਰਾ ਕੋਹਲੂ ਨਾਲ ਤੇਲ ਕੱਢਣ ਵਾਲੇ ਬੈਲ ਦੀ ਕਹਾਣੀ ਵਰਤਦੀ ਹੈ। ਜਿਵੇਂ ਤੇਲੀ, ਬਲਦ ਨੂੰ ਕੋਹਲੂ ਦੀ ਪੰਜਾਲੀ ਦੇ ਕੇ ਅੱਖਾਂ ਉੱਪਰ ਖੋਪੇ[1] ਬੰਨ ਦਿੰਦਾ ਹੈ ਤੇ ਦੋ ਤਿੰਨ ਸੋਟੀਆਂ ਮਾਰ ਕੇ ਦੋ ਤਿੰਨ ਫੇਰੇ ਉਸ ਦੇ ਮਗਰ ਘੁੰਮਦਾ ਹੈ। ਉਸ ਤੋਂ ਬਾਅਦ ਆਪ ਤੇਲ ਦੀ ਸਾਂਭ ਸੰਭਾਈ ਕਰਨ ਲੱਗ ਜਾਂਦਾ ਹੈ। ਬੈਲ ਸਾਰਾ ਦਿਨ ਕੋਹਲੂ ਦੀ ਪੈੜੀ[2] ਵਿੱਚ ਤੁਰਿਆ ਰਹਿੰਦਾ ਹੈ। ਮਨ ਵਿੱਚ

1.ਬਲਦ (ਪਸ਼ੂ) ਦੀਆਂ ਅੱਖਾਂ ਨੂੰ ਢੱਕਣ ਵਾਲੀ ਚਮੜੇ ਦੀ ਠੂਠੀ 2.ਕੋਹਲੂ ਦੇ ਦੁਆਲੇ ਬਲਦ ਦੇ ਚਲਣ ਲਈ ਬਣਿਆ ਰਾਹ



ਵਿਚਾਰਦਾ ਹੈ ਕਿ ਮੈਂ ਹੁਣ ਤੱਕ ਕਈ ਕੋਹ ਤੁਰਿਆ ਹੀ ਰਿਹਾ ਹਾਂ ਸੋ ਕਾਫੀ ਪੰਧ ਕਰ ਲਿਆ ਹੋਵੇਗਾ। ਪਰ ਜਦ ਅੱਖਾਂ ਤੋਂ ਖੋਪੇ ਖੁੱਲ੍ਹਦੇ ਹਨ ਤਦ ਆਪਣੇ ਆਪ ਨੂੰ ਉਸੇ ਜਗ੍ਹਾ ਖੜ੍ਹਾ ਦੇਖ ਕੇ ਸੋਚਦਾ ਹੈ ਕਿ ਮੈਂ ਪਹੁੰਚਿਆ ਤਾਂ ਕਿਤੇ ਵੀ ਨਹੀਂ, ਜਿੱਥੋਂ ਸਵੇਰੇ ਮੇਰੇ ਮਾਲਕ ਨੇ ਮੈਨੂੰ ਤੋਰਿਆ ਸੀ ਉਸੇ ਪੈੜੀ ਵਿੱਚ ਹੀ ਮੈਂ ਖੜ੍ਹਾ ਹਾਂ, ਇਹ ਮੇਰੇ ਨਾਲ ਕੀ ਮਾਜਰਾ ਵਰਤਿਆ ? ਭਾਈ ਸਾਹਿਬ ਜੀ ਦਾ ਫੁਰਮਾਨ ਹੈ—

**ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ**
**ਨੈਨ ਉਘਰਤ ਵਾਹੀ ਠਾਉ ਹੀ ਠਿਕਾਨੋ ਹੈ॥ ੫੭੮॥** ਕਬਿੱਤ ਸਵੱਯੇ

ਦੂਸਰਾ ਉਪਮਾਨ, ਭਾਈ ਸਾਹਿਬ ਜੀ ਨੇ ਸਾਨੂੰ ਸਮਝਾਉਣ ਵਾਸਤੇ, ਅੰਧੇ ਮਨੁੱਖ ਦਾ ਦਿੱਤਾ ਹੈ। ਜਿਸ ਤਰ੍ਹਾਂ ਕੋਈ ਅੰਧਾ ਮਨੁੱਖ, ਸਵੇਰੇ ਰੱਸੀ ਵੱਟਣੀ ਸ਼ੁਰੂ ਕਰ ਦੇਵੇ ਤੇ ਰੱਸੀ ਵੱਟ-ਵੱਟ ਕੇ ਪਿਛਾਂਹ ਸਿੱਟੀ ਜਾਵੇ। ਉਸ ਦੇ ਪਿੱਛਲੇ ਪਾਸੇ ਖਲੋਤਾ ਗਊ ਦਾ ਬੱਛਾ ਵੱਟੀ ਹੋਈ ਰੱਸੀ ਨੂੰ ਨਾਲੋਂ ਨਾਲ ਖਾਈ ਜਾਵੇ, ਅੰਧਾ ਮਨੁੱਖ ਸ਼ਾਮ ਤੱਕ ਰੱਸੀ ਵੱਟਦਾ ਰਿਹਾ। ਮਨ ਵਿੱਚ ਵਿਚਾਰ ਆਈ ਕਿ ਮੈਂ ਕਾਫੀ ਰੱਸੀ ਵੱਟ ਲਈ ਹੈ। ਇਸ ਨੂੰ ਇਕੱਠਾ ਕਰਕੇ ਮੈਂ ਪਿੰਨਾ (ਲੱਛਾ) ਬਣਾ ਲਵਾਂ ਪਰ ਉਸ ਵੇਲੇ ਅੰਧੇ ਮਨੁੱਖ ਦੀ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਉਸ ਨੇ ਵੇਖਿਆ ਕਿ ਰੱਸੀ ਦਾ ਟੁੱਕੜਾ ਜਿੰਨਾ ਉਸ ਦੇ ਹੱਥ ਵਿੱਚ ਹੈ, ਇੰਨਾ ਹੀ ਰੱਸੀ ਦਾ ਟੁੱਕੜਾ ਬੱਚਿਆ, ਬਾਕੀ ਸਾਰਾ ਤਾਂ ਬੱਛਾ ਖਾ ਗਿਆ। ਆਪ ਜੀ ਦੂਸਰੀ ਪੰਗਤੀ ਹੈ—

**ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿਤ**
**ਖਾਤ ਜਾਤ ਬਛੁਰੋ ਟਟੋਰੇ ਪਛੁਤਾਨੋ ਹੈ॥ ੫੭੮॥** ਕਬਿੱਤ ਸਵੱਯੇ

ਤੀਸਰੀ ਉਦਾਹਰਣ, ਭਾਈ ਸਾਹਿਬ ਜੀ, ਮਨੁੱਖ ਨੂੰ ਸਮਝਾਉਣ ਵਾਸਤੇ ਮਿਰਗ ਦੀ ਦਿੱਤੀ ਹੈ। ਆਪ ਫੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਜੰਗਲ ਵਿੱਚ ਵਿਚਰਨ ਵਾਲੇ ਹਰਨ ਨੂੰ ਪਿਆਸ ਲੱਗਦੀ ਹੈ। ਪਿਆਸ ਨੂੰ ਦੂਰ ਕਰਨ ਲਈ ਜੰਗਲ ਵਿੱਚ ਪਾਣੀ ਮਿਲਦਾ ਨਹੀਂ। ਅੱਤ ਦੀ ਗਰਮੀ ਪੈਂਦੀ ਹੈ। ਗਰਮੀ ਨਾਲ ਜਦੋਂ ਹਵਾ ਦੀਆਂ ਲਹਿਰਾਂ ਉੱਠਦੀਆਂ ਹਨ, ਤਦ ਉਹ ਮਿਰਗ ਨੂੰ ਪਾਣੀ ਦਾ ਭੁਲੇਖਾ ਪਾਉਂਦੀਆਂ ਹਨ। ਮਿਰਗ, ਪਾਣੀ ਦੀ ਪਿਆਸ ਕਾਰਣ, ਮ੍ਰਿਗ-ਤ੍ਰਿਸ਼ਨਾ (ਠਗ-ਨੀਰਾ) ਨੂੰ ਪਾਣੀ ਸਮਝ ਕੇ ਪਾਣੀ ਪੀਣ ਲਈ ਦੌੜਦਾ ਹੈ, ਪਰ ਉੱਥੇ ਪਾਣੀ ਹੁੰਦਾ ਕੋਈ ਨਹੀਂ। ਮਿਰਗ ਨੂੰ ਪਾਣੀ ਉਸ ਤੋਂ ਅਗਾਂਹ ਪ੍ਰਤੀਤ ਹੁੰਦਾ ਹੈ। ਮਿਰਗ ਉਸ ਵੱਲ ਦੌੜਦਾ ਹੈ। ਅਖ਼ੀਰ ਪਾਣੀ ਤਾਂ ਪ੍ਰਾਪਤ ਨਹੀਂ ਹੁੰਦਾ, ਕਈ ਵਾਰੀ ਇਸ

ਤਰ੍ਹਾਂ ਦੌੜਦਾ-ਦੌੜਦਾ ਮਿਰਗ ਜਾਨ ਤੋਂ ਵੀ ਹੱਥ ਧੋ ਬੈਠਦਾ ਹੈ। ਆਪ ਦਾ ਫੁਰਮਾਨ ਹੈ–

**ਜੈਸੇ ਮ੍ਰਿਗ ਤ੍ਰਿਸਨਾ ਲਓ ਧਾਵੈ ਮ੍ਰਿਗ ਤ੍ਰਿਖਾਵੰਤ**
**ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ।।੫੭੮।।** ਕਬਿੱਤ ਸਵੱਯੇ

ਭਾਈ ਗੁਰਦਾਸ ਜੀ ਵੱਲੋਂ ਉੱਪਰ ਦਿੱਤੀਆਂ ਤਿੰਨ ਉਦਾਹਰਣਾਂ ਹੀ ਮਨੁੱਖ ਦੇ ਜੀਵਨ ਦੀ ਸਾਮਰਤੱਖ ਕਹਾਣੀ ਹੈ। ਮਨੁੱਖ ਸਾਰੀ ਉਮਰ ਬਹੁਤ ਦੌੜ-ਭੱਜ ਕਰਦਾ ਹੈ ਪਰ ਪੁੱਜਦਾ ਕਿਤੇ ਵੀ ਨਹੀਂ।

ਮਨੁੱਖ ਸਵੇਰ ਤੋਂ ਸ਼ਾਮ ਤੱਕ ਕੰਮ ਬਹੁਤ ਕਰਦਾ ਹੈ ਪਰ ਉਹ ਸਾਰਾ ਕੰਮ ਮਨੁੱਖ ਦੇ ਕਿਸੇ ਵੀ ਕੰਮ ਨਹੀਂ ਆਉਂਦਾ। ਜਿੰਨਾ ਕੁ ਖਾ ਪੀ ਲਿਆ ਉਸ ਤੋਂ ਇਲਾਵਾ **''ਧਨੁ ਲੋਕਾਂ ਤਨੁ ਭਸਮੈ ਢੇਰੀ।''** ਦੀ ਸਚਾਈ ਵਰਤ ਜਾਂਦੀ ਹੈ।

ਮਨੁੱਖ ਸਾਰੀ ਉਮਰ ਪਦਾਰਥਾਂ ਨਾਲ ਆਪਣੇ ਮਨ ਨੂੰ ਸ਼ਾਂਤ ਕਰਨਾ ਚਾਹੁੰਦਾ ਹੈ। ਪਰ ਜਿਉਂ-ਜਿਉਂ ਮਨੁੱਖ ਪਦਾਰਥ ਇਕੱਤਰ ਕਰਦਾ ਹੈ ਤੇ ਹੋਰ ਇਕੱਤਰ ਕਰਨ ਦੀ ਦੌੜ ਲਾਉਂਦਾ ਹੈ। ਸੰਸਾਰਿਕ ਪਦਾਰਥਾਂ ਵਿੱਚੋਂ ਭੋਰਾ ਜਿੰਨਾ ਵੀ ਤ੍ਰਿਪਤੀ ਨਹੀਂ ਹੁੰਦੀ ਸਗੋਂ ਹੋਰ ਪ੍ਰਾਪਤ ਕਰਨ ਲਈ ਅਸ਼ਾਂਤੀ ਜ਼ਰੂਰ ਵੱਧਦੀ ਹੈ। ਆਖਿਰ ਅਸ਼ਾਂਤ ਮਨੁੱਖ ਦੀ ਉਹ ਹਾਲਤ ਹੋ ਜਾਂਦੀ ਹੈ, ਜੋ ਗਉੜੀ ਰਾਗ ਅੰਦਰ ਗੁਰੂ ਅਰਜਨ ਦੇਵ ਜੀ ਨੇ ਮੂਰਤੀਮਾਨ ਕੀਤੀ ਹੈ:

**ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ।।੧।। ਰਹਾਉ।।**
**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ।। ਪਰੈ ਪਰੈ ਹੀ ਕਉ ਲੁਝੀ ਹੇ।।੧।।**

*ਮ: ੫, ਪੰਨਾ ੨੧੩*

ਅਖ਼ੀਰ ਇਸ ਸੰਸਾਰ ਚੋਂ ਮਨੁੱਖ ਸੁਪਨੇ ਵਤ ਆਪਣੀ ਜ਼ਿੰਦਗੀ ਬਤੀਤ ਕਰਕੇ ਨਿਰਾਸ਼ਾ ਅਧੀਨ ਤੁਰ ਜਾਂਦਾ ਹੈ ਕਿਉਂਕਿ ਜਿਸ ਪ੍ਰਯੋਜਨ ਲਈ ਪ੍ਰਮਾਤਮਾ ਨੇ ਜੀਵਨ ਦਿੱਤਾ ਸੀ, ਉਸ ਪ੍ਰਯੋਜਨ ਨੂੰ ਮਨੁੱਖ ਪੂਰਾ ਨਾ ਕਰ ਸਕਿਆ। ਜਿੱਥੇ ਪੁੱਜਣਾ ਸੀ ਉੱਥੇ ਪੁੱਜ ਨਾ ਸਕਿਆ। ਜਿਸ ਵਸਤੂ ਨੂੰ ਵਿਹਾਝਣਾ ਸੀ ਉਸ ਨੂੰ ਵਿਹਾਝ ਨਾ ਸਕਿਆ। ਭਾਈ ਸਾਹਿਬ ਜੀ ਦਾ ਫੁਰਮਾਨ ਹੈ–

**ਤੈਸੇ ਸ੍ਵਪਨੰਤਰਿ ਦਿਸੰਤਰ ਬਿਹਾਇ ਗਈ**
**ਪਹੁੰਚ ਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ।।੫੭੮।।**

*ਕਬਿੱਤ ਸਵੱਯੇ ਭਾਈ ਗੁਰਦਾਸ ਜੀ*



ਜਿਨ੍ਹਾਂ ਵਡਭਾਗੀਆਂ ਨੇ ਗੁਰੂ ਅਗਵਾਈ ਵਿੱਚ ਚੱਲ ਕੇ **'ਗੁਰ ਸਿਖ ਮਨਹੁ ਨ ਵਿਸਰੈ ਚਲਣੁ ਜਾਣਿ ਜੁਗਤਿ ਮਿਹਮਾਣਾ'** ਦੀ ਨਿਆਈ ਆਪਣੇ ਆਪ ਨੂੰ ਸੰਸਾਰ ਵਿੱਚ ਰੱਖਿਆ **''ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ''** ਦੀ ਕਾਰ ਕੀਤੀ। ਇਸ ਕਾਰ ਨੂੰ ਕਰਨ ਸਦਕਾ ਸਤਿਗੁਰੂ ਜੀ ਨੇ ਉਨ੍ਹਾਂ ਨੂੰ **''ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ''** ਦੀਆਂ ਦਾਤਾਂ ਪ੍ਰਦਾਨ ਕਰ ਦਿੱਤੀਆਂ ਅਤੇ ਅਜਿਹੇ ਨਿੱਜ ਘਰ ਦੇ ਨਿਵਾਸੀ ਪੁਕਾਰ-ਪੁਕਾਰ ਕੇ ਕਹਿੰਦੇ ਹਨ।

[1]**ਮੈ ਸੁਖੀ ਹੂੰ ਸੁਖੁ ਪਾਇਆ।। ਗੁਰਿ ਅੰਤਰਿ ਸਬਦੁ ਵਸਾਇਆ।।**
**ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ।।੯।।**

*ਸਿਰੀ ਰਾਗ ਮ: ੫, ਪੰਨਾ ੭੩*

**"ਹਰਿ ਪਾਇਆ"** ਦੀ ਅਵਸਥਾ ਦੀ ਪ੍ਰਾਪਤੀ ਹੀ ਜਗਿਆਸੂ ਅਤੇ ਜੀਵ ਇਸਤ੍ਰੀ ਦਾ ਮਨੋਰਥ ਸੀ, ਸੋ ਇਸ ਪ੍ਰਾਪਤੀ ਨਾਲ **"ਮਨਿ ਸਹਜੁ ਭਇਆ"** ਦੀ ਖੇਡ ਵਰਤ ਗਈ। ਮਨ ਟਿਕਾਉ ਅਤੇ ਸਹਿਜ ਵਿੱਚ ਆ ਗਿਆ, ਸਾਰੀ ਭਟਕਣਾ ਖ਼ਤਮ ਹੋ ਗਈ। ਹਰੀ ਨੂੰ ਕਿਵੇਂ ਪ੍ਰਾਪਤ ਕੀਤਾ ? ਚਾਰੇ ਲਾਵਾਂ ਦੇ ਉਪਦੇਸ਼ ਨੂੰ ਧਾਰਨ ਕਰਨ ਨਾਲ। ਪਹਿਲਾਂ ਗੁਰੂ ਘਰ ਵਿੱਚ ਪ੍ਰਵੇਸ਼ ਕੀਤਾ, ਉਪਰੰਤ ਗੁਰੂ ਅਗਵਾਈ ਵਿੱਚ ਧਰਮ ਦੇ ਸਾਰੇ ਅੰਗਾਂ ਉੱਪਰ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਗੁਰਬਾਣੀ ਨੂੰ ਆਪਣੇ ਜੀਵਨ ਦਾ ਅਗਵਾਈ ਕਰਤਾ ਮੰਨ ਕੇ **''ਗੁਰਸਿਖ ਮੀਤ ਚਲਹੁ ਗੁਰ ਚਾਲੀ''** ਅਨੁਸਾਰ ਚਲੇ ਤੇ **'ਗੁਰਿ ਕਹਿਆ ਸਾ ਕਾਰ ਕਮਾਵਹੁ''** ਨੂੰ ਆਪਣਾ ਜੀਵਨ ਅਧਾਰ ਬਣਾ ਕੇ, ਪਰਮਾਤਮਾ ਦੇ ਨਾਮ ਸਿਮਰਨ ਦੀ ਕਮਾਈ ਅਰੰਭ ਕਰ ਦਿੱਤੀ ਅਤੇ ਨਾਲ ਹੀ ਪਰਮਾਤਮਾ ਦੇ ਨਿਰਮਲ ਭਉ ਵਿੱਚ ਆਪਣਾ ਜੀਵਨ ਬਤੀਤ ਕਰਨਾ ਅਰੰਭ ਕੀਤਾ। ਵੱਧ ਤੋਂ ਵੱਧ ਸਮਾਂ ਸਤਿਸੰਗਤ ਵਿੱਚ ਬੈਠ, ਪ੍ਰਭੂ ਗੁਣ ਗਾ ਕੇ **''ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ''** ਦੀ ਕਾਰ ਕੀਤੀ। ਇਸ ਕਾਰ ਉੱਪਰ ਪ੍ਰਸੰਨ ਹੋ ਕੇ ਪ੍ਰਮਾਤਮਾ ਨੇ **'ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ''** ਦੀ ਦਾਤ ਪ੍ਰਦਾਨ ਦਿੱਤੀ।

---

1. ਸਤਿਗੁਰੂ ਨੇ ਕ੍ਰਿਪਾ ਕਰਕੇ ਮੇਰੇ ਅੰਦਰ ਅੰਮ੍ਰਿਤ ਰੂਪੀ ਨਾਮ ਦਾ ਸ਼ਬਦ ਵਸਾ ਦਿੱਤਾ। ਇਸ ਸ਼ਬਦ ਦੀ ਬਰਕਤ ਨਾਲ ਮੈਂ ਸਾਰੇ ਸੁੱਖਾਂ ਤੋਂ ਸ੍ਰੇਸ਼ਟ ਸੁੱਖ ਪ੍ਰਾਪਤ ਕਰ ਲਿਆ ਹੈ। ਸਤਿਗੁਰੂ ਨੇ ਮੇਰੇ ਸਿਰ ਉੱਪਰ ਕ੍ਰਿਪਾ ਭਰਿਆ ਹੱਥ ਰੱਖ ਕੇ ਮੈਨੂੰ ਕਰਤਾ-ਪੁਰਖ ਵਾਹਿਗੁਰੂ ਦਾ ਮਿਲਾਪ ਤੇ ਦੀਦਾਰ ਕਰਵਾ ਦਿੱਤਾ।

ਇਸ ਬਖਸ਼ਿਸ਼ ਦੁਆਰਾ ਹੁਣ ਜਗਿਆਸੂ ਨੂੰ ਬਾਬਾ ਨਾਮਦੇਵ ਜੀ ਵਾਲੀ ਦ੍ਰਿਸ਼ਟੀ ਪ੍ਰਾਪਤ ਹੋ ਗਈ। ਬਾਬਾ ਨਾਮਦੇਵ ਜੀ ਦੀ ਦ੍ਰਿਸ਼ਟੀ ਕੀ ਸੀ ? ਆਪ ਮਾਲੀ ਗਉੜਾ ਰਾਗ ਅੰਦਰ ਫੁਰਮਾਨ ਕਰਦੇ ਹਨ :

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ।। ਰਾਮ ਬਿਨਾ ਕੋ ਬੋਲੈ ਰੇ।।੧ ।। ਰਹਾਉ।।**
**ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।।**
**ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।।੧ ।।**
**ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ।।**
**ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ।।੨ ।।੩ ।।**

*ਨਾਮਦੇਵ ਜੀ,ਪੰਨਾ ੯੮੮*

ਹੇ ਭਾਈ ! ਸਾਰੇ ਸਰੀਰਾਂ ਅੰਦਰ ਇੱਕ ਪ੍ਰਮਾਤਮਾ ਹੀ ਵਰਤ ਤੇ ਬੋਲ ਰਿਹਾ ਹੈ। ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਜਿਵੇਂ ਇੱਕੋ ਮਿੱਟੀ ਤੋਂ ਤਰ੍ਹਾਂ-ਤਰ੍ਹਾਂ ਦੇ ਭਾਂਡੇ ਘੁਮਿਆਰ ਬਣਾ ਦਿੰਦਾ ਹੈ, ਤਿਵੇਂ ਪ੍ਰਮਾਤਮਾ ਨੇ ਕੀੜੀ ਤੋਂ ਲੈ ਕੇ ਹਾਥੀ ਤੱਕ, ਕੋਈ ਤੁਰਨ ਵਾਲੇ ਕੋਈ ਰੀਂਘਣ ਵਾਲੇ, ਕੋਈ ਉੱਡਣ ਵਾਲੇ, ਕੋਈ ਇੱਕ ਥਾਂ ਟਿਕੇ ਰਹਿਣ ਵਾਲੇ, ਦ੍ਰਿਸ਼ਟ-ਅਦ੍ਰਿਸ਼ਟ ਸਭ ਪਰਮਾਤਮਾ ਦੇ ਬਣਾਏ ਹੋਏ ਹਨ, ਤੇ ਸਾਰਿਆਂ ਵਿੱਚ ਉਹ ਆਪ ਹੀ ਸਮਾਇਆ ਹੋਇਆ ਹੈ। ਕੋਈ ਮਾਲਕ ਹੈ, ਕੋਈ ਦਾਸ ਹੈ। ਕੋਈ ਦਾਤਾ ਹੈ, ਕੋਈ ਮੰਗਤਾ ਹੈ। ਸਭ ਉਸ ਦਾ ਹੀ ਖੇਲ ਹੈ। ਇਸ ਲਈ ਇੱਕ ਦੀ ਓਟ ਲੈ, ਹੋਰ ਸਾਰੀਆਂ ਆਸਾਂ ਦਾ ਤਿਆਗ ਕਰਕੇ, ਇੱਕ ਪ੍ਰਮਾਤਮਾ ਦਾ ਹੀ ਚਿੰਤਨ ਕਰ। ਇਸ ਅਵਸਥਾ ਵਿੱਚ ਹੁਣ ਪ੍ਰਮਾਤਮਾ ਦਾ ਚਿੰਤਨ ਨਹੀਂ ਕਰਨਾ ਪੈਂਦਾ, ਸਗੋਂ ਸਭ ਪਾਸੇ ਪ੍ਰਮਾਤਮਾ ਦਾ ਚਿੰਤਨ ਹੋ ਰਿਹਾ ਸੁਣਾਈ ਦਿੰਦਾ ਹੈ। ਹੁਣ ਤਾਂ ''**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ**'' ਹਿਰਦੇ ਵਿੱਚ ਤੇ ਸਾਰੇ ਬ੍ਰਹਿਮੰਡ ਵਿੱਚ ਹਰੀ ਦੇ ਨਾਮ ਦੀ ਧੁਨੀ ਹੀ ਸੁਣਾਈ ਦਿੰਦੀ ਹੈ। ਇਸ ਅਵਸਥਾ ਦੀ ਦਾਤ ਪ੍ਰਾਪਤ ਹੋਣ ਤੇ ਪ੍ਰਮਾਤਮਾ ਨੇ ਸਾਰੀਆਂ ਇੱਛਾਵਾਂ ਪੂਰੀਆਂ ਕਰ ਦਿੱਤੀਆਂ। ਨਾਮ ਜਪ ਦੀ ਬਰਕਤ ਨਾਲ ਭਟਕਣਾ ਖ਼ਤਮ ਹੋ ਗਈ। ਪ੍ਰਮਾਤਮਾ ਦਾ ਨਾਂ ਹਿਰਦੇ ਵਿੱਚ ਟਿਕ ਗਿਆ। ਜੀਵ ਆਤਮਾ ਜਿਸ ਮੰਤਵ ਦੀ ਪ੍ਰਾਪਤੀ ਲਈ ਪੁਕਾਰ ਕੇ ਕਹਿੰਦਾ ਸੀ–

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ।।**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ।।੨ ।।੧ ।।**

*ਧਨਾਸਰੀ ਰਵਿਦਾਸ ਜੀ, ਪੰਨਾ ੬੯੪*



ਜਿਸ ਪ੍ਰਾਪਤੀ ਲਈ ਜੀਵ ਆਤਮਾ ਬੈਰਾਗਵਾਨ ਹੋ ਕੇ ਨੇਤਰਾਂ ਚੋਂ ਨੀਰ ਵਹਾਉਂਦੀ ਤੇ ਪੁਕਾਰਦੀ ਸੀ –

**ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ।।**
**ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ।।**
**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ**
**ਮੈ ਨੀਰੁ ਵਹੇ ਵਹਿ ਚਲੈ ਜੀਉ।।੩।।** *ਮ: ੪, ਪੰਨਾ ੯੪*

ਜੀਵ ਆਤਮਾ, ਜਿਸ ਦੇ ਮਿਲਾਪ ਲਈ ਪੁਕਾਰਦੀ ਸੀ –

**ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ।।੧੫।।**

*ਸਿਰੀਰਾਗ ਮ: ੧, ਪੰਨਾ ੭੪*

ਗੁਰੂ ਨੇ ਕ੍ਰਿਪਾ ਕਰਕੇ ''**ਹਰਿ ਪਾਇਆ ਪ੍ਰਭੁ ਅਵਿਨਾਸੀ**'' ਦੀ ਦਾਤ ਪ੍ਰਦਾਨ ਕਰ ਦਿੱਤੀ। ਗੁਰੂ ਮਿਹਰ ਨਾਲ ਜੀਵ ਆਤਮਾ ਨੂੰ ਨਿਰਾ ਪ੍ਰਭੂ ਦਰਸ, ਪ੍ਰਭੂ ਮਿਲਾਪ ਪ੍ਰਾਪਤ ਹੀ ਨਹੀਂ ਹੋਇਆ, ਸਗੋਂ ਜੀਵ ਆਤਮਾ, ਪ੍ਰਮਾਤਮਾ ਵਿੱਚ ਇਸ ਤਰ੍ਹਾਂ ਲੀਨ ਹੋ ਗਈ ਜਿਸ ਤਰ੍ਹਾਂ ਇੱਕ ਪਾਣੀ ਦੂਜੇ ਪਾਣੀ ਵਿੱਚ ਲੀਨ ਹੋ ਕੇ ਆਪਣੀ ਭਿੰਨਤਾ ਖ਼ਤਮ ਕਰ ਦਿੰਦਾ ਹੈ, ਤਿਵੇਂ ਜੀਵ ਆਤਮਾ :

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।।੩।।**

*ਸੋਰਠਿ ਮ: ੯, ਪੰਨਾ ੬੩੩*

ਦੀ ਅਵਸਥਾ ਨੂੰ ਪ੍ਰਾਪਤ ਕਰ ਗਈ ਅਤੇ ਧਨ (ਜੀਵ ਰੂਪੀ ਇਸਤਰੀ) ਵਿਗਾਸ ਦੀ ਅਵਸਥਾ ਨੂੰ ਪ੍ਰਾਪਤ ਹੋ ਗਈ। ਹੁਣ ਇਸ ਮਿਲਾਪ ਤੇ ਅਭੇਦਤਾ ਦਾ ਅਨੰਦ ਤੇ ਰਸ ਦਰਸਾਇਆ ਨਹੀਂ ਜਾ ਸਕਦਾ। ਜਿਵੇਂ ਭਗਤ ਕਬੀਰ ਜੀ ਨੂੰ ਜਗਿਆਸੂ ਜਨਾਂ ਨੇ, ਪ੍ਰਭੂ ਮਿਲਾਪ ਦਾ ਅਨੰਦ ਪੁੱਛਣਾ ਚਾਹਿਆ, ਪਰ ਉਨ੍ਹਾਂ ਇਹ ਕਹਿ ਕੇ ਦੱਸਣ ਤੋਂ ਅਸਮਰੱਥਾ ਪ੍ਰਗਟਾਈ ਕਿ ਕਿਸੇ ਗੂੰਗੇ ਮਨੁੱਖ ਨੂੰ ਗੁੜ ਖੁਆ ਕੇ ਉਸ ਦਾ ਸੁਆਦ ਪੁੱਛਿਆ ਜਾਵੇ ਕੀ ਉਹ ਦੱਸ ਸਕੇਗਾ ? ਭਾਵ ਨਹੀਂ ਦੱਸ ਸਕੇਗਾ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ।।੪।।੭।।੫੧।।**

*ਗਉੜੀ ਕਬੀਰ ਜੀ, ਪੰਨਾ ੩੩੪*

ਫਿਰ ਜਗਿਆਸੂਆਂ ਨੇ ਸਵਾਲ ਕੀਤਾ, ਬਾਬਾ ਜੀ ! ਥੋੜ੍ਹਾ ਬਹੁਤ ਉਸ ਅਨੰਦ ਦਾ ਅੰਦਾਜ਼ਾ ਜਾਂ ਕੋਈ ਉਪਮਾਨ ਵਰਤ ਕੇ ਦਰਸਾਉ ਤਾਂ ਸਹੀ ਕਿ ਪ੍ਰਭੂ ਦੇ ਮਿਲਾਪ ਦਾ ਕਿੰਨਾ ਕੁ ਅਨੰਦ ਹੈ? ਫਿਰ ਆਪ ਨੇ ਉੱਤਰ ਦਿੱਤਾ, ਗੁਰਮੁਖੋਂ ! ਉਸ ਅਨੰਦ ਨੂੰ ਦਰਸਾਇਆ ਨਹੀਂ ਜਾ ਸਕਦਾ ਕੇਵਲ ਮਾਣਿਆ ਹੀ ਜਾ ਸਕਦਾ ਹੈ। ਆਪ ਜੀ

ਦਾ ਬੜਾ ਪਿਆਰਾ ਬਚਨ ਸਲੋਕਾਂ ਅੰਦਰ ਦਰਜ਼ ਹੈ :

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ।।**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ।।੧੨੧।।**

*ਸਲੋਕ ਕਬੀਰ ਜੀ, ਪੰਨਾ ੧੩੭੦*

ਪ੍ਰਭੂ ਮਿਲਾਪ ਦੇ ਅਨੰਦ ਨੂੰ ਦਰਸਾਇਆ ਨਹੀਂ ਜਾ ਸਕਦਾ ਪਰ ਲੁਕਾਇਆ ਵੀ ਨਹੀਂ ਜਾ ਸਕਦਾ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ।।** *ਮ:੫, ਪੰਨਾ ੧੦੯੬*

ਪ੍ਰਭੂ ਮਿਲਾਪ ਵਾਲਾ ਜਗਿਆਸੂ ਜਿੱਥੇ ਦੱਸਦਾ ਕੁਝ ਨਹੀਂ, ਉਥੇ ਆਪਣੀ ਮੌਜ ਵਿੱਚ ਆ ਕੇ ਦੱਸਦਾ ਵੀ ਸਭ ਕੁੱਝ ਹੈ ਤੇ ਦੱਸਦਾ ਵੀ ਪੁਕਾਰ ਕੇ ਹੈ। ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ, ਆਸਾ ਰਾਗ ਅੰਦਰ, ਅਜਿਹੇ ਜਗਿਆਸੂ ਦੀ ਦਸ਼ਾ ਵਰਨਣ ਕੀਤੀ ਹੈ :

**ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ।।**
**ਦੁਰਜਨ ਮਾਰੇ ਵੈਰੀ ਸੰਘਾਰੇ**
**ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ।।੧।। ਰਹਾਉ।।**

ਆਸਾ ਮ:੫, ਪੰਨਾ ੩੭੦

ਇਹ ਪ੍ਰੇਮ ਰਸ ਕਿਵੇਂ ਆਇਆ ?

**ਪ੍ਰਥਮੇ ਤਿਆਗੀ ਹਉਮੈ ਪ੍ਰੀਤਿ।। ਦੁਤੀਆ ਤਿਆਗੀ ਲੋਗਾ ਰੀਤਿ।।**
**ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ।।ਤੁਰੀਆ ਗੁਣੁ ਮਿਲਿ ਸਾਧ ਪਛਾਨੇ।।੨।।**
**ਸਹਜ ਗੁਫਾ ਮਹਿ ਆਸਣੁ ਬਾਧਿਆ।। ਜੋਤਿ ਸਰੂਪ ਅਨਾਹਦੁ ਵਾਜਿਆ।।**
**ਮਹਾ ਅਨੰਦੁ ਗੁਰ ਸਬਦੁ ਵੀਚਾਰਿ।। ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ।।੩।।**
**ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ।। ਜੋ ਸੁਣੇ ਕਮਾਵੈ ਸੁ ਉਤਰੈ ਪਾਰਿ।।**
**ਜਨਮਿ ਨ ਮਰੈ ਨ ਆਵੈ ਨ ਜਾਇ।। ਹਰਿ ਸੇਤੀ ਓਹੁ ਰਹੈ ਸਮਾਇ।।੪।।2।।**

*ਆਸਾ ਮ: ੫, ਪੰਨਾ ੩੭੦*

ਹੇ ਸੰਸਾਰ ਦੇ ਲੋਕੋ ! ਧਿਆਨ ਨਾਲ ਸੁਣੋ। ਮੈਨੂੰ ਪ੍ਰਮਾਤਮਾ ਦੇ ਮਿਲਾਪ ਦਾ ਪ੍ਰੇਮ ਰਸ ਪ੍ਰਾਪਤ ਹੋ ਗਿਆ ਹੈ। ਹੁਣ ਗੁਰੂ ਦੀ ਮਿਹਰ ਤੇ ਨਾਮ ਦੀ ਬਰਕਤ ਨਾਲ ਦਗਾ ਕਰਨ ਵਾਲੇ ਕਾਮ, ਕ੍ਰੋਧ ਪੰਜੇ ਮਹਾਬਲੀ ਮੈਂ ਮਾਰ ਲਏ ਹਨ। ਇਹ ਦਾਤ ਮੈਨੂੰ ਕਿਵੇਂ ਮਿਲੀ? ਸਭ ਤੋਂ ਪਹਿਲਾ ਮੈਂ ਪ੍ਰਭੂ ਨਾਮ ਜਪ ਕੇ ਹਉਮੈਂ ਦਾ ਅਭਾਵ ਕੀਤਾ। ਦੂਸਰਾ ਲੋਕ-ਲਾਜ ਦੀ ਪੰਡ ਜੋ ਮੈਂ ਚੁੱਕੀ ਹੋਈ ਸੀ ਉਹ ਸਿੱਟ ਦਿੱਤੀ। ਤਿੰਨੇ ਰਜੋ, ਤਮੋ, ਸਤੋ ਗੁਣਾਂ ਦਾ ਤਿਆਗ ਕਰ ਦਿੱਤਾ। ਗੁਰੂ ਦੀ ਸ਼ਰਣ ਪ੍ਰਾਪਤ ਕਰਕੇ



ਚੌਥੇ ਪਦ ਦੀ ਪ੍ਰਾਪਤੀ ਹੋ ਗਈ। ਹੁਣ ਮੈਨੂੰ ਵੈਰੀ ਮਿੱਤਰ ਇੱਕ ਸਮਾਨ ਪ੍ਰਤੀਤ ਹੁੰਦੇ ਹਨ। ਗੁਰੂ ਮਿਹਰ ਨਾਲ ਹੁਣ ਅਨਹਦ ਸ਼ਬਦ ਸੁਣਾਈ ਦੇਣ ਲੱਗ ਪਏ ਤੇ ਆਤਮਾ ਨੂੰ ਸਹਿਜ ਅਵਸਥਾ ਪ੍ਰਾਪਤ ਹੋ ਗਈ ਹੈ। ਗੁਰੂ ਦੇ ਨਾਮ ਦੀ ਬਰਕਤ ਨਾਲ ਮੇਰਾ ਹਿਰਦਾ ਅਨੰਦ ਨਾਲ ਭਰਪੂਰ ਹੋ ਗਿਆ ਹੈ। ਪ੍ਰਮਾਤਮਾ ਦਾ ਮਿਲਾਪ ਪ੍ਰਾਪਤ ਕਰਕੇ ਜੀਵ ਆਤਮਾ ਧੰਨਤਾ ਦੇ ਯੋਗ ਹੋ ਗਈ ਹੈ। ਇਹ ਬ੍ਰਹਮ ਦੀ ਪ੍ਰਾਪਤੀ ਦੀ ਵਿਚਾਰ ਹੈ। ਜਿਹੜਾ ਪ੍ਰਾਣੀ ਇਸ ਬ੍ਰਹਮ ਵਿਚਾਰ ਨੂੰ ਸੁਣ ਕੇ ਕਮਾ ਲਵੇਗਾ। ਉਸ ਦਾ ਪਾਰ ਉਤਾਰਾ ਹੋ ਜਾਵੇਗਾ, ਤੇ ਉਸ ਦੀ ਆਤਮਾ ਜੰਮਣ ਮਰਨ ਦੇ ਗੇੜ ਤੋਂ ਮੁਕਤ ਹੋ ਕੇ ਪ੍ਰਮਾਤਮਾ ਨਾਲ ਇੱਕ ਮਿੱਕ ਹੋ ਜਾਵੇਗੀ। ਇਹ ਸਮੁੱਚੀ ਰਹਿਮਤ ਸਤਿਗੁਰੂ ਜੀ ਰੂਪੀ "**ਗੁਰਮੁਖਿ ਮਿਲਿਆ ਸੁਭਾਇ**" ਦੀ ਬਖਸ਼ਿਸ਼ ਨਾਲ ਜੀਵ ਰੂਪੀ ਇਸਤਰੀ ਦੀ ਝੋਲੀ ਪਈ।

# ਗ੍ਰਹਿਸਤ ਜੀਵਨ ਦੀ ਸਫਲਤਾ ਲਈ ਸਮੇਂ ਸਮੇਂ ਸਤਿਗੁਰੂ ਜੀ ਦੇ ਉਪਦੇਸ਼

ਗ੍ਰਹਿਸਤੀ ਜੀਵਨ ਨੂੰ ਸੁਖੀ ਸੁਹੇਲਾ ਮਾਨਣ, ਸਫ਼ਲਤਾਪੂਰਵਕ ਜਿਊਣ ਤੇ ਆਪਣੇ ਲੋਕ ਸੁੱਖੀ ਪ੍ਰਲੋਕ ਸੁਹੇਲਾ ਕਰਨ ਵਾਸਤੇ ਸਤਿਗੁਰੂ ਜੀ ਨੇ ਲਾਵਾਂ ਦੀ ਬਾਣੀ ਅੰਦਰ ਸੰਪੂਰਣ ਉਪਦੇਸ਼ ਪ੍ਰਦਾਨ ਕੀਤਾ ਹੈ। ਜੇ ਧਿਆਨ ਨਾਲ ਉਸ ਉਪਦੇਸ਼ ਨੂੰ ਸਰ੍ਵਣ ਕਰਕੇ ਉਸ ਉੱਪਰ ਥੋੜ੍ਹਾ ਵੀ ਅਮਲ ਕਰ ਲਿਆ ਜਾਵੇ ਤਦ ਗ੍ਰਿਹਸਤ ਵਿੱਚ ਵਿਚਰਦਿਆਂ ਪਤੀ-ਪਤਨੀ ਦੇ ਜੀਵਨ ਵਿੱਚ ਕੋਈ ਵੀ ਔਕੜ ਤੇ ਪਰੇਸ਼ਾਨੀ ਨਹੀਂ ਆਵੇਗੀ। ਔਕੜ ਦੀ ਥਾਂ ਸਗੋਂ ਗ੍ਰਹਿਸਤ ਵਿੱਚੋਂ ਅਨੰਤ ਪ੍ਰਾਪਤ ਹੋਵੇਗਾ।

ਸਤਿਗੁਰੂ ਜੀ ਨੇ ਨਿਰਾ ਸਾਨੂੰ ਉਪਦੇਸ਼ ਹੀ ਨਹੀਂ ਦਿੱਤਾ, ਸਗੋਂ ਸਮੇਂ-ਸਮੇਂ ਸਾਹਿਬਾਂ ਨੇ ਆਪਣੇ ਗ੍ਰਿਹਸਤੀ ਜੀਵਨ ਵਿੱਚ ਸਾਡੇ ਵਾਸਤੇ ਪੂਰਨੇ ਵਾਹ ਕੇ, ਉਸ ਦਿੱਤੇ ਉਪਦੇਸ਼ ਨੂੰ ਸਾਕਾਰ ਮੂਰਤੀਮਾਨ ਕੀਤਾ ਹੈ। ਜੋ ਸਾਡੇ ਵਾਸਤੇ ਅੱਜ ਵੀ ਤੇ ਹਰ ਆਉਣ ਵਾਲੇ ਸਮੇਂ ਵਿੱਚ ਚਾਨਣ ਮੁਨਾਰੇ ਵਾਂਗ ਗ੍ਰਿਹਸਤੀਆਂ ਨੂੰ ਪੱਗ ਪਰਦਰਸ਼ਕ ਕਰਦਾ ਰਹੇਗਾ। ਗੁਰੂ ਸਾਹਿਬਾ ਜੀ ਦੇ ਸਮੇਂ ਦੀਆਂ ਕੁਝ ਇੱਕ ਘਟਨਾਵਾਂ, ਇਤਿਹਾਸ ਦੇ ਪੰਨਿਆਂ ਨੇ ਸਾਂਭ ਕੇ ਸਾਡੇ ਗ੍ਰਹਿਸਤੀਆਂ ਵਾਸਤੇ ਵਿਸ਼ੇਸ਼ ਰੱਖੀਆਂ ਹੋਈਆਂ ਹਨ। ਜੇ ਆਪਾਂ ਉਨ੍ਹਾਂ ਘਟਨਾਵਾਂ ਨੂੰ ਵੀ ਵਾਂਚ ਲਈਏ ਤਾਂ ਸਤਿਗੁਰੂ ਰਾਮਦਾਸ ਜੀ ਵੱਲੋਂ ਦਿੱਤੇ ਲਾਵਾਂ ਦੇ ਉਪਦੇਸ਼ ਦੀ ਇਤਿਹਾਸਕ ਤੌਰ ਤੇ ਵੀ ਪ੍ਰੋੜਤਾ ਹੋ ਜਾਵੇਗੀ। ਤੇ ਸਤਿਗੁਰਾਂ ਵੱਲੋਂ ਪਾਏ ਹੋਏ ਗ੍ਰਹਿਸਤੀ ਪੱਗ ਚਿੰਨਾਂ ਉੱਪਰ, ਗ੍ਰਹਿਸਤੀਆਂ ਨੂੰ ਚੱਲਣ ਵਾਸਤੇ ਮਦਦ ਮਿਲੇਗੀ।

ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਸਨਮੁਖ ਕੁਝ ਸਿੱਖਾਂ ਨੇ ਬੇਨਤੀ ਕੀਤੀ। ਸੱਚੇ ਪਾਤਸ਼ਾਹ ਜਦੋਂ ਅਸੀਂ ਬੱਚੀਆਂ ਦੇ ਵਿਆਹ ਕਰਦੇ ਹਾਂ। ਕੁਝ ਚਿਰ ਤੇ ਠੀਕ ਰਹਿੰਦਾ ਹੈ। ਕੁਝ ਸਮੇਂ ਪਿੱਛੋਂ ਕਈ ਤਰ੍ਹਾਂ ਦੀਆਂ ਗੱਲਾਂ ਹੋਣ ਲੱਗ ਜਾਂਦੀਆਂ ਹਨ। ਸਤਿਗੁਰਾਂ ਸਿੱਖਾਂ ਦੀ ਬੇਨਤੀ ਸ੍ਰਵਣ ਕਰਕੇ ਉੱਤਰ ਦਿੱਤਾ ਸਿੱਖੋ ਬੱਚੀ ਦਾ ਰਿਸ਼ਤਾ ਕਰਨ ਵੇਲੇ ਤਿੰਨ ਗੱਲਾਂ ਦਾ ਧਿਆਨ ਰੱਖਣਾ। ਇਹ ਤਿੰਨ ਬਚਨ ਮੁਕਤਨਾਮੇ ਦੇ ਕਰਤਾ ਨੇ ਸਾਡੇ ਵਾਸਤੇ ਸੰਭਾਲੇ ਹੋਏ ਹਨ।

**ਪਹਿਲਾ**— ਜਿਸ ਦੇ ਘਰ ਅਸੀਂ ਬੱਚੀ ਦਾ ਰਿਸ਼ਤਾ ਕਰ ਰਹੇ ਹਾਂ ਉਸ ਦੇ ਘਰ



ਅਕਾਲ ਪੁਰਖ ਦੀ ਸਿੱਖੀ ਹੋਵੇ। ਕਿਸੇ ਵਿਅਕਤੀ ਦੀ ਤਸਵੀਰ ਨਾ ਹੋਵੇ।

**ਦੂਸਰਾ**— ਜਿਸ ਘਰ ਵਿੱਚ ਬੱਚੀ ਦਾ ਰਿਸ਼ਤਾ ਕਰ ਰਹੇ ਹੋ ਉਸ ਘਰ ਦੀ ਕਿਰਤ ਸੁੱਚੀ ਹੋਵੇ। ਹੇਰਾ ਫੇਰੀ ਠੱਗੀ ਦਾ ਪੈਸਾ ਉਸ ਘਰ ਵਿੱਚ ਨਾ ਆਉਂਦਾ ਹੋਵੇ।

**ਤੀਸਰਾ**— ਜਿਸ ਬੱਚੇ ਨਾਲ ਤੁਸੀਂ ਆਪਣੀ ਬੱਚੀ ਦਾ ਰਿਸ਼ਤਾ ਕਰ ਰਹੇ ਹੋ, ਉਹ ਬੱਚਾ ਰਿਨ ਰਹਿਤ ਹੋਵੇ ਭਾਵ ਕਰਜ਼ਾਈ ਨਾ ਹੋਵੇ।

ਇਨ੍ਹਾਂ ਗੱਲਾਂ ਦਾ ਧਿਆਨ ਰੱਖ ਕੇ ਤੁਸੀਂ ਰਿਸ਼ਤਾ ਕਰੋਗੇ ਤਦ ਬੱਚੀਆਂ ਦੇ ਰਿਸ਼ਤਿਆਂ ਵਿੱਚੋਂ ਔਕੜਾਂ ਨਹੀਂ ਆਉਣਗੀਆਂ।

## ਆਮਦਨ ਨਾਲੋਂ ਖਰਚਾ ਘਟ ਰੱਖੇ

ਗ੍ਰਹਿਸਤੀ ਦੇ ਸੁੱਖੀ ਜੀਵਨ ਹਿੱਤ ਕਲਗੀਧਰ ਜੀ ਨੇ ਇੱਕ ਹੋਰ ਬਹੁਤ ਕੀਮਤੀ ਬਚਨ ਉਚਾਰਨ ਕੀਤਾ, ਜੋ 'ਮੁਕਤ ਨਾਮੇਂ' ਵਿੱਚ ਦਰਜ ਹੈ। ਆਪ ਜੀ ਫੁਰਮਾਉਂਦੇ ਹਨ ਕਿ ਜਿਹੜਾ ਗ੍ਰਹਿਸਤੀ, ਅਨੰਦ ਪੂਰਬਕ ਆਪਣਾ ਜੀਵਨ ਬਤੀਤ ਕਰਨਾ ਚਾਹੁੰਦਾ ਹੈ, ਉਹ ਆਪਣੀ ਆਮਦਨ ਨਾਲੋਂ ਖਰਚਾ ਘਟ ਰੱਖੇ। ਭਾਵੇਂ ਇੱਕ ਦਮੜੀ ਹੀ ਬਚਾਵੇ, ਬਚਾਵੇ ਜ਼ਰੂਰ। ਜੇ ਆਮਦਨ ਨਾਲੋਂ ਖਰਚ ਵਧਾ ਲਵੇਗਾ ਤਦ ਇੱਕ ਦਿਨ ਕਰਜੇ ਹੇਠ ਦੱਬਿਆ ਜਾਵੇਗਾ ਤੇ ਦੁਖ ਪਾਵੇਗਾ। ਅਜਿਹੇ ਆਮਦਨ ਨਾਲੋਂ ਵੱਧ ਖਰਚ ਕਰਨ ਵਾਲੇ ਗ੍ਰਹਿਸਤੀ ਖੁਆਰ ਹੋਣਗੇ।

## ਹਰ ਗ੍ਰਹਿਸਤੀ ਆਪਣੇ ਬੱਚਿਆਂ ਪਾਸ ਇੱਕ ਘੜੀ ਜਰੂਰ ਬੈਠੇ

ਕਲਗੀਧਰ ਜੀ ਦਾ ਇੱਕ ਹੋਰ ਬਚਨ ਵੀ ਹਰ ਗ੍ਰਹਿਸਤੀ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਯੋਗ ਹੈ। ਜਿੱਥੇ ਮਨੁੱਖ ਸਾਰਾ ਸਾਰਾ ਦਿਨ ਧਨ ਕਮਾਉਣ ਦੇ ਆਹਰ ਵਿੱਚ ਖੱਚਤ ਰਹਿੰਦਾ ਹੈ, ਉਥੇ ਸਿਆਣਿਆਂ ਦੇ ਕਥਨ ਅਨੁਸਾਰ, ਬੱਚੇ, ਮਾਤਾ ਪਿਤਾ ਦਾ ਅਸਲੀ ਧਨ ਹਨ। ਜੇ ਅਸਲੀ ਧਨ ਨੂੰ ਨ ਸਾਂਭਿਆ, ਤਦ ਮਾਇਆ ਨਾਲ ਕਮਾਇਆ ਹੋਇਆ ਧਨ ਵਿਅਰਥ ਚਲੇ ਜਾਵੇਗਾ। ਆਪਣੇ ਬੱਚਿਆਂ ਪਾਸ ਬੈਠ ਕੇ ਉਨ੍ਹਾਂ ਦੇ ਅੰਦਰ ਧਾਰਮਿਕ ਸੰਸਕਾਰ ਦੇਣੇ ਹਰ ਮਾਤਾ ਪਿਤਾ ਦਾ ਫਰਜ਼ ਬਣਦਾ ਹੈ। ਹਰ ਬੱਚਾ ਤਕਰੀਬਨ ਦਸ-ਬਾਰਾਂ ਸਾਲ ਤਕ, ਆਪਣੇ ਮਾਤਾ ਪਿਤਾ ਦੀ ਸੰਗਤ ਚਾਹੁੰਦਾ ਹੈ। ਜੇ ਮਾਤਾ-ਪਿਤਾ ਬੱਚੇ ਦੀ ਮਨਸ਼ਾ ਅਨੁਸਾਰ ਇੱਕ ਘੜੀ ਦਾ ਸਮਾਂ ਵੀ ਉਸ ਪਾਸ ਬੈਠ ਕੇ ਉਸ ਦੇ ਦੁੱਖ-ਸੁੱਖ ਨੂੰ ਸੁਣਨ, ਉਸ ਨੂੰ

ਧਾਰਮਿਕ ਸੰਸਕਾਰ ਦੇਣ, ਇਸ ਤਰ੍ਹਾਂ ਬੱਚੇ ਦੇ ਮਨ ਵਿੱਚ ਵੀ ਮਾਤਾ-ਪਿਤਾ ਪ੍ਰਤੀ ਸਨੇਹ-ਪਿਆਰ ਤੇ ਅਪਣੱਤ ਵਧੇਗੀ ਤੇ ਬੱਚਾ ਵੀ ਮਾਤਾ ਪਿਤਾ ਵਲੋਂ ਦਰਸਾਈ ਸਿੱਖਿਆ ਅਨੁਸਾਰ ਚਲਣ ਦਾ ਯਤਨ ਕਰੇਗਾ ਜੇ ਮਾਤਾ ਪਿਤਾ ਬੱਚੇ ਨੂੰ ਚੰਗੇ ਸੰਸਕਾਰ ਦੇਣ ਲਈ ਸਮਾਂ ਹੀ ਨਾ ਕੱਢਣ, ਤੱਦ ਬੱਚਾ ਆਂਢ-ਗੁਆਂਢ ਤੇ ਹਮਜ਼ੋਲੀ ਬੱਚਿਆਂ ਪਾਸੋਂ ਜਿਹੋ ਜਿਹੇ ਸੰਸਕਾਰ ਪ੍ਰਾਪਤ ਕਰੇਗਾ ਆਖਿਰ ਉਹ ਸੰਸਕਾਰ ਹੀ ਮਾਤਾ-ਪਿਤਾ ਨੂੰ ਸਵੀਕਾਰ ਕਰਨੇ ਪੈਣਗੇ।



# ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਤਿੰਨ ਭੱਭੇ ਦਾਜ ਵਿੱਚ ਦਿੱਤੇ

ਸਤਿਗੁਰੂ ਅਮਰਦਾਸ ਜੀ ਦਾ ਸਮਾਂ ਆਇਆ। ਆਪ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਦਾ ਰਿਸ਼ਤਾ ਭਾਈ ਜੇਠਾ ਜੀ ਨਾਲ ਕਰ ਦਿੱਤਾ। ਬੀਬੀ ਭਾਨੀ ਨੂੰ ਦਾਜ ਵਿੱਚ ਸਤਿਗੁਰੂ ਅਮਰਦਾਸ ਜੀ ਨੇ ਦਾਜ ਦੀ ਪਟਾਰੀ ਵਿੱਚ ਕਾਗਜ਼ ਉੱਪਰ ਤਿੰਨ ਭੱਭੇ ਲਿਖ ਕੇ ਦਿੱਤੇ। ਜਿਨ੍ਹਾਂ ਦਾ ਭਾਵ ਸੀ–

**ਭਲਾ ਜੀ**

**ਭਾਣਾ ਜੀ**

**ਭੁੱਲੀ ਜੀ**

ਗ੍ਰਿਹਸਤੀ ਜੀਵਨ ਵਿੱਚ ਸੁੱਖ ਅਨੰਦ ਮਾਨਣ ਵਾਸਤੇ ਇਹ ਤਿੰਨ ਭੱਭੇ ਹੀਰੇ, ਮੋਤੀਆਂ ਤੇ ਜਵਾਹਰਾਤਾਂ ਨਾਲੋਂ ਵਧੇਰੇ ਮਹਾਨਤਾ ਰੱਖਦੇ ਹਨ। ਹੀਰੇ, ਜਵਾਹਰਾਤ ਤੇ ਸੋਨਾ ਮਨੁੱਖ ਨੂੰ ਘਰ ਵਿੱਚ ਲੜਾਈ ਝਗੜੇ ਤੋਂ ਬਚਾ ਨਹੀਂ ਸਕਦੇ, ਸ਼ਾਂਤੀ ਪ੍ਰਦਾਨ ਨਹੀਂ ਕਰ ਸਕਦੇ ਅਤੇ ਨਾ ਹੀ ਆਪਸੀ ਪਿਆਰ ਪ੍ਰੇਮ ਪ੍ਰਦਾਨ ਕਰ ਸਕਦੇ ਹਨ। ਪਰ ਤਿੰਨ ਭੱਭੇ ਘਰ ਵਿੱਚੋਂ ਕਲੇਸ਼ ਵੀ ਖ਼ਤਮ ਕਰਦੇ ਹਨ ਅਤੇ ਪਰਿਵਾਰ ਨੂੰ ਸ਼ਾਂਤੀ ਤੇ ਪਿਆਰ ਵੀ ਪ੍ਰਦਾਨ ਕਰਦੇ ਹਨ।

## *ਪਹਿਲੇ ਭੱਭੇ ਦਾ ਉਪਦੇਸ਼ ਹੈ*

**ਭਲਾ ਜੀ** : ਜਿਸ ਨੂੰ ਅਸੀਂ ਸੱਤ ਬਚਨ ਕਹਿੰਦੇ ਹਾਂ। ਸੰਸਾਰ ਵਿੱਚ ਵਿਚਰਦਿਆਂ ਹਰ ਪਲ, ਹਰ ਘੜੀ ਕੰਮ ਕਰਨ ਲਈ, ਕਿਤੇ ਬਾਹਰ ਅੰਦਰ ਆਉਣ ਜਾਣ ਲਈ, ਇੱਕ ਦੂਸਰੇ ਨੂੰ ਪੁੱਛਣਾ ਦੱਸਣਾ ਪੈਂਦਾ ਹੈ ਤੇ ਘਰ ਵਿੱਚ ਸਲਾਹ ਕਰਨੀ ਪੈਂਦੀ ਹੈ। ਮਿਸਾਲ ਦੇ ਤੌਰ ਤੇ ਪਤੀ ਜਾਂ ਪਤਨੀ ਨੇ, ਕਿਸੇ ਰਿਸ਼ਤੇਦਾਰ ਦੇ ਜਾਣਾ ਹੋਵੇ, ਉਹ ਆਪਣੇ ਦੂਸਰੇ ਸਾਥੀ ਨੂੰ ਦੱਸੇ ਕਿ ਮੈਂ ਇਸ ਕੰਮ ਵਾਸਤੇ ਫਲਾਣੇ ਥਾਂ ਚਲਿਆ ਹਾਂ। ਉਸ ਜ਼ਾਇਜ ਕੰਮ ਤੇ ਜਾਣ ਲਈ ਜੇ ਦੂਸਰਾ ਸਾਥੀ ਭਲਾ ਜੀ (ਸੱਤ ਬਚਨ) ਕਹਿ ਦੇਵੇ। ਦੋਵੇਂ ਅਨੰਦ ਪ੍ਰਸੰਨ ਹੋਣਗੇ ਅਤੇ ਕੰਮ ਕਾਰ ਵੀ ਸਹਿਲਾ ਹੋ ਜਾਵੇਗਾ। ਪਰ ਜੇ ਪਤੀ ਜਾਂ ਪਤਨੀ ਕੰਮ ਕਾਰ ਕਰਨ ਵਾਸਤੇ ਜਾਂ ਰਿਸ਼ਤੇਦਾਰ ਦੇ

ਜਾਣ ਵਾਸਤੇ ਤਿਆਰ ਹੋਵੇ, ਘਰ ਵਾਲੀ ਜਾਂ ਘਰ ਵਾਲਾ ਬਿਨਾਂ ਕਾਰਣ ਕਲੇਸ਼ ਕਰਕੇ ਪਰੇਸ਼ਾਨੀ ਪੈਦਾ ਕਰ ਦੇਵੇ ਕਿ ਅੱਜ ਤੂੰ ਨਹੀਂ ਜਾ ਸਕਦਾ (ਜਾਂ ਤੂੰ ਨਹੀਂ ਜਾ ਸਕਦੀ) ਅੱਜ ਤਾਂ ਮੈਂ ਫਲਾਣੇ ਥਾਂ ਖੁਦ ਜਾਣਾ ਹੈ। ਇਸ ਤਰ੍ਹਾਂ ਤਕਰਾਰ ਵੀ ਵਧੇਗਾ ਤੇ ਆਪਸੀ ਪਿਆਰ ਵਿੱਚ ਵੀ ਫਿੱਕ ਪਵੇਗਾ। ਦੋਵੇਂ ਜੀਅ ਅੰਦਰੋਂ ਅੰਦਰੀ ਆਪਣਾ ਆਪਾ ਸਾੜੀ ਜਾਣਗੇ। ਇੱਕ ਦਿਨ ਇਹੋ ਸਾੜਾ ਭਾਂਬੜ ਦੇ ਰੂਪ ਵਿੱਚ ਪ੍ਰਜੁਅਲਤ ਹੋਵੇਗਾ।

ਇੱਥੇ ਬਾਬਾ ਦਰਬਾਰੀ ਜੀ ਦੇ ਜੀਵਨ ਦੀ ਗਾਥਾ ਲਿਖਣ ਨਾਲ ਗੁਰੂ ਅਮਰਦਾਸ ਜੀ ਵੱਲੋਂ ਬੀਬੀ ਭਾਨੀ ਜੀ ਨੂੰ ਬਖਸ਼ਿਸ਼ ਕੀਤੇ, ''**ਭਲਾ ਜੀ**'' ਦੇ ਉਪਦੇਸ਼ ਦੀ ਵਧੇਰੇ ਸਪੱਸ਼ਟਤਾ ਹੋਵੇਗੀ। ਭਾਈ ਦਰਬਾਰੀ ਜੀ ਦਾ ਇੱਕ ਸੇਵਾਦਾਰ ਜਿਸ ਦਾ ਨਾਮ ਭਾਈ ਮੂਲਾ ਸੀ। ਉਸ ਦੀ ਹਰ ਰੋਜ਼ ਕੜਾਹ ਪ੍ਰਸ਼ਾਦ ਤਿਆਰ ਕਰਨ ਦੀ ਡਿਊਟੀ ਸੀ। ਹਰ ਰੋਜ਼ ਦੀ ਤਰ੍ਹਾਂ ਭਾਈ ਮੂਲਾ ਜੀ ਨੇ ਬਰਤਣ ਧੋ ਮਾਂਜ ਕੇ [1]ਰਸਦ ਜੋਖ ਕੇ ਕੜਾਹ ਪ੍ਰਸ਼ਾਦ ਬਨਾਉਣ ਦੀ ਤਿਆਰੀ ਕੀਤੀ। ਚੁੱਲ੍ਹੇ ਉੱਪਰ ਕੜਾਹੀ ਰੱਖ, ਘਿਉ ਪਾਇਆ। ਜਿਸ ਵੇਲੇ ਘਿਉ ਗਰਮ ਹੋ ਗਿਆ, ਭਾਈ ਮੂਲਾ ਜੀ ਨੇ ਆਟਾ ਘਿਉ ਵਿੱਚ ਪਾ ਦਿੱਤਾ। ਦੇਵ ਨੇਤ ਨਾਲ ਆਟਾ ਘਿਉ ਰਲਾਉਣ ਵਾਲਾ ਖੁਰਪਾ ਨੇੜੇ ਰੱਖਣਾ ਭੁੱਲ ਗਏ। ਆਪ ਜੀ ਦੌੜ ਕੇ ਲੰਗਰ ਵਿਚੋਂ ਖੁਰਪਾ ਲੈਣ ਵਾਸਤੇ ਗਏ ਤਾਂ ਜੋ ਆਟਾ ਸੜ ਨਾ ਜਾਵੇ। ਰਸਤੇ ਵਿੱਚ ਭਾਈ ਦਰਬਾਰੀ ਜੀ ਮਿਲ ਗਏ। ਉਨ੍ਹਾਂ ਭਾਈ ਮੂਲੇ ਨੂੰ ਸੰਬੋਧਨ ਕਰਕੇ ਕਿਹਾ ਮੂਲੇ ! ਇੱਕ ਸਾਧੂ ਇਸ ਤਰ੍ਹਾਂ ਭੱਜਾ ਜਾਂਦਾ ਸੋਭਾ ਨਹੀਂ ਪਾਉਂਦਾ। ਸਾਧੂ ਨੂੰ ਸਹਿਜ ਨਾਲ ਤੁਰਨਾ ਚਾਹੀਦਾ ਹੈ। ਭਾਈ ਮੂਲੇ ਨੇ ਸੱਤ ਬਚਨ ਕਹਿ ਕੇ ਆਪਣੀ ਚਾਲ ਬਦਲ ਲਈ ਤੇ ਖੁਰਪਾ ਲੈ ਕੇ ਵਾਪਸ ਆਏ। ਇੰਨੇ ਚਿਰ ਵਿੱਚ ਆਟੇ ਨੂੰ ਕੁਝ ਵਧੇਰੇ ਸੇਕ ਲੱਗ ਗਿਆ। ਭਾਈ ਮੂਲੇ ਨੇ ਪ੍ਰਸ਼ਾਦ ਤਿਆਰ ਕੀਤਾ ਤੇ ਮਹਾਰਾਜ ਜੀ ਦੀ ਹਜੂਰੀ ਵਿੱਚ ਰੱਖਿਆ। ਭੋਗ ਉਪਰੰਤ ਪ੍ਰਸ਼ਾਦ ਵਰਤਾਉਣ ਦੀ ਡਿਊਟੀ ਵੀ ਭਾਈ ਮੂਲੇ ਦੀ ਸੀ। ਜਦੋਂ ਭਾਈ ਮੂਲੇ ਨੇ ਭਾਈ ਦਰਬਾਰੀ ਜੀ ਨੂੰ ਪ੍ਰਸ਼ਾਦ ਦਿੱਤਾ, ਭਾਈ ਦਰਬਾਰੀ ਜੀ ਨੇ ਪ੍ਰਸ਼ਾਦ ਦਾ ਆਟਾ ਸੜਿਆ ਵੇਖ ਕੇ ਮੂਲੇ ਨੂੰ ਕਿਹਾ ਮੂਲਿਆ! ਸੜੇ ਆਟੇ ਦਾ ਪ੍ਰਸ਼ਾਦ ਤਿਆਰ ਕਰਕੇ ਮਹਾਰਾਜ ਜੀ ਨੂੰ ਅਰਪਨ ਕਰਨਾ ਸੀ ? ਇਹ ਤੇਰੀ ਬਹੁਤ ਵੱਡੀ ਭੁੱਲ ਹੈ। ਮੂਲੇ ਨੇ ਹੱਥ ਜੋੜ ਬੇਨਤੀ ਕੀਤੀ, ਮਹਾਰਾਜ ਜੀ! ਭੁੱਲ ਹੋ ਗਈ ਅਗਾਂਹ ਅਜਿਹੀ ਗਲਤੀ ਨਹੀਂ ਕਰਾਂਗਾ। ਸੰਗਤ ਨੂੰ ਪ੍ਰਸ਼ਾਦ ਵਰਤਾਉਣ ਉਪਰੰਤ, ਜਦੋਂ ਮੂਲਾ ਬਾਹਰ ਆਇਆ, ਭਾਈ ਦਰਬਾਰੀ ਜੀ ਨੇ ਕਲਾਵੇ ਵਿੱਚ ਮੂਲੇ ਨੂੰ ਲੈ ਕੇ

1. ਘਿਉ, ਖੰਡ, ਆਟਾ



ਬਚਨ ਕੀਤਾ, ਮੂਲਿਆ ਤੂੰ ਧੰਨ ਹੈਂ। ਜਿਸ ਨੇ ਆਟਾ ਤਾਂ ਸਾੜ ਲਿਆ ਪਰ ਆਪਣੇ [1]ਆਪੇ ਨੂੰ ਸੜਨ ਤੋਂ ਬਚਾ ਲਿਆ। ਲੋਕ ਆਟਾ ਸੜਨ ਤੋਂ ਤਾਂ ਬਚਾ ਕਰ ਲੈਂਦੇ ਹਨ ਪਰ ਆਪਣਾ ਅੰਦਰਲਾ ਆਪਾ ਸਾੜ ਬੈਠਦੇ ਹਨ।

ਆਪਾਂ ਆਪਣੇ ਅੰਦਰ ਝਾਤੀ ਮਾਰੀਏ, ਜੇ ਅਸੀਂ ਭਾਈ ਮੂਲੇ ਦੀ ਥਾਂ ਹੁੰਦੇ ਤਾਂ ਆਪਾਂ, ਭਾਈ ਦਰਬਾਰੀ ਜੀ ਨੂੰ ਮੂਲੇ ਵਾਲਾ ਉੱਤਰ ਕਿ ਭੁੱਲ ਹੋ ਗਈ, ਅਗਾਂਹ ਅਜਿਹੀ ਗਲਤੀ ਨਹੀਂ ਕਰਾਂਗੇ ਕਹਿਣ ਦੀ ਥਾਂ, ਉੱਤਰ ਦਿੰਦੇ ਮਹਾਰਾਜ ! ਇਹ ਕੜਾਹ ਪ੍ਰਸ਼ਾਦ ਦਾ ਆਟਾ ਤਾਂ ਤੁਹਾਡੀ ਮਿਹਬਾਨੀ ਨਾਲ ਸੜਿਆ ਹੈ। ਮੈਂ ਤਾਂ ਨੱਸ ਕੇ ਖੁਰਪਾ ਲੈਣ ਗਿਆ ਸਾਂ, ਪਰ ਤੁਸੀਂ ਹੀ ਸਹਿਜੇ ਸਹਿਜੇ ਤੁਰਨ ਲਈ ਕਿਹਾ ਸੀ। ਜੇ ਤੁਸੀਂ ਮੈਨੂੰ ਇਹ ਹੁਕਮ ਨਾ ਦਿੰਦੇ ਤਾਂ ਮੈਂ ਛੇਤੀ ਖੁਰਪਾ ਲਿਆ ਕੇ ਆਟਾ ਸੜਨ ਤੋਂ ਬਚਾ ਲੈਣਾ ਸੀ। ਸੋ ਮੂਲੇ ਨੇ ਬਾਬਾ ਦਰਬਾਰੀ ਜੀ ਦਾ ਹੁਕਮ ''**ਸੱਤ ਬਚਨ**'' ਕਹਿ, ਮੰਨ ਕੇ ਅਤੇ ਪ੍ਰਸ਼ਾਦ ਸੜਨ ਵਿੱਚ ਵੀ ਭੁੱਲ ਹੋ ਗਈ ਕਹਿ ਕੇ ਮਹਾਂਪੁਰਖ ਭਾਈ ਦਰਬਾਰੀ ਜੀ ਦੀ ਖੁਸ਼ੀ ਪ੍ਰਾਪਤ ਕਰ ਲਈ।

## *ਦੂਸਰੇ ਭੱਭੇ ਦਾ ਉਪਦੇਸ਼*

ਸਤਿਗੁਰਾਂ ਪਰਮੇਸ਼ਰ ਦਾ ਕੀਤਾ ''**ਭਾਣਾ**'' (ਸੱਤ) ਕਰਕੇ ਮੰਨਣ ਦਾ ਸੰਕੇਤ ਦਿੱਤਾ। ਸੰਸਾਰ ਅੰਦਰ ਵਿਚਰਦਿਆਂ ਆਪਾਂ ਵੇਖਦੇ ਹਾਂ ਕਿ ਜਿੰਦਗੀ ਵਿੱਚ ਕਈ ਵਾਰ ਕੰਮਾਂ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਕਈ ਵਾਰੀ ਕੰਮਾਂ ਕਾਰਾਂ ਵਿੱਚ ਘਾਟਾ ਪੈ ਜਾਂਦਾ ਹੈ। ਜੇ ਪਰਮਾਤਮਾਂ ਨਫਾ ਪ੍ਰਦਾਨ ਕਰ ਦੇਵੇ ਤੇ ਮਨੁੱਖ ਉਸ ਨਫੇ ਨੂੰ ਆਪਣੀ ਚਤੁਰਾਈ-ਸਿਆਣਪ ਜਾਣ ਕੇ ਹੰਕਾਰ ਨਾ ਕਰੇ ਤੇ ਆਪੇ ਤੋਂ ਬਾਹਰ ਨਾ ਹੋਵੇ ਸਗੋਂ ਪ੍ਰਮਾਤਮਾਂ ਦਾ ਧੰਨਵਾਦ ਕਰੇ। ਤੋਟਾ ਜਾਂ ਨੁਕਸਾਨ ਹੋ ਜਾਣ ਉੱਪਰ ਕਿਸੇ ਨੂੰ ਦੋਸ਼ੀ ਠਹਿਰਾ ਕੇ ਘਰ ਵਿੱਚ ਕਲੇਸ਼ ਨਾ ਪਾ ਬੈਠੇ। ਤੋਟੇ ਨੂੰ ਵੀ ਆਪਣੇ ਪੂਰਬਲੇ ਕਰਮਾਂ ਦਾ ਫਲ ਜਾਣ ਕੇ ਗੁਰੂ ਮਹਾਰਾਜ ਜੀ ਅੱਗੇ ਅਰਜੋਈ ਕਰੇ। ਪਰਮਾਤਮਾਂ ਖੁਸ਼ੀ ਬਖਸ਼ਿਸ਼ ਕਰ ਦੇਵੇ ਤਦ ਆਪੇ ਤੋਂ ਬਾਹਰ ਹੋਕੇ, ਅਖਾਜ ਖਾ ਕੇ ਭੰਗੜੇ ਪਾਉਣੇ ਨਾ ਸ਼ੁਰੂ ਕਰ ਦੇਵੇ, ਜੇ ਗਮੀ ਆ ਜਾਵੇ ਤਾਂ ਆਪਣਾ ਦਿਮਾਗੀ ਸੰਤੁਲਨ ਨਾ ਖੋਹ ਬੈਠੇ। ਗੁਰੂ ਅਰਜਨ ਦੇਵ ਜੀ ਦੇ ਆਸਾ ਰਾਗ ਦੇ ਫੁਰਮਾਨ ਨੂੰ ਸਨਮੁਖ ਰੱਖ ਕੇ **ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ** ਵਾਲੀ ਬਿਰਤੀ ਬਣਾ ਕੇ—

1. ਅੰਦਰ ਨੂੰ

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥

ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥੩॥

*ਸੂਹੀ ਮ:੪, ਪੰਨਾ ੭੫੭*

ਵਾਲੀ ਸਮ ਬਿਰਤੀ ਵਿੱਚ ਵਿਚਰਨ ਦਾ ਯਤਨ ਕਰੇ। ''ਸਿੱਕਾਂ ਸਧਰਾਂ'' ਦੀ ਕਵਿਤਾ ਵਿੱਚ ਭਾਈ ਵੀਰ ਸਿੰਘ ਜੀ ਦਾ ਬੜਾ ਪਿਆਰਾ ਫੁਰਮਾਨ ਹੈ। ਆਪ ਮਨੁੱਖ ਨੂੰ ਸੰਬੋਧਨ ਕਰ ਕੇ ਫੁਰਮਾਉਂਦੇ ਹਨ :

**ਤੂੰ ਜਗਤ ਵਿੱਚ ਹੈ।**
**ਜਗਤ ਵਿੱਚ ਦੁਖ ਹੈ।**
**ਪਰ ਸੁੱਖ ਵੀ ਹੈ।**
**ਨਾ ਦੁੱਖ ਤੋਂ ਕਾਇਰ ਹੋ ਕੇ ਭਜ।**
**ਨਾ ਸੁੱਖ ਦੇ ਮਗਰ ਲੋਭੀ ਹੋ ਕੇ ਨਸ।**
**ਦੁੱਖ ਦੇ ਆਇਆ ਉਸ ਨੂੰ ਝਲ।**
**ਤੇ ਉਚਾ ਹੋ ਕੇ ਵਿੱਚ ਦੀ ਲੰਘ ਜਾਹ।**
**ਐਉ ਸੁਖ ਦੁਖ ਦਾ ਬਲ ਤੇਰੇ ਤੇ ਘਟੇਗਾ।**
**ਤੇਰਾ ਬਲ ਉਨਾਂ ਉੱਪਰ ਵਧੇਗਾ।**
**ਬਲ ਵਧਣ ਨਾਲ ਆਤਮਿਕ ਸੁਤੰਤਰਤਾ ਵਧੇਗੀ।**

(ਸਿੱਕਾਂ ਸਧਰਾਂ)

ਮਨੁੱਖੀ ਜਿੰਦਗੀ ਵਿੱਚ ਸੁੱਖ,ਸਮ-ਬਿਰਤੀ ਅਤੇ ਪ੍ਰਭੂ-ਭਾਣੇ ਅੰਦਰ ਰਾਜ਼ੀ ਰਹਿਣ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਸਤਿਗੁਰੂ ਅਮਰਦਾਸ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ—

**ਜੋ ਤੁਧੁ ਕਰਣਾ ਸੋ ਕਰਿ ਪਾਇਆ॥**
**ਭਾਣੇ ਵਿਚਿ ਕੋ ਵਿਰਲਾ ਆਇਆ॥**
**ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥੧॥**

*ਮ:੩, ਪੰਨਾ 1063*

## ਤੀਸਰੇ ਭੱਭੇ ਦਾ ਉਪਦੇਸ਼

ਸਤਿਗੁਰੂ ਜੀ ਵੱਲੋਂ ਤੀਸਰੇ ਭੱਭੇ ਦੀ ਬਖਸ਼ਿਸ਼ ਸੀ **''ਭੁੱਲੀ ਜੀ''**। ਸੰਸਾਰ ਵਿੱਚ ਅਸੀਂ ਵੇਖਦੇ ਹਾਂ, ਕੋਈ ਮਨੁੱਖ ਵੀ ਹਰ ਪੱਖ ਤੋਂ ਪੂਰਾ ਨਹੀਂ ਹੈ। ਪੂਰਾ ਨਾ ਹੋਣ ਕਾਰਣ, ਅਧੂਰੇ-ਪਨ ਦੀ ਬਦੌਲਤ ਕਦੇ ਨਾ ਕਦੇ ਮਨੁੱਖ ਤੋਂ ਭੁੱਲ ਹੋ ਜਾਂਦੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਰੀਰਾਗ ਅੰਦਰ ਬਚਨ ਹੈ—



**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥** *ਮ:੧, ਪੰਨਾ ੬੧*

ਅਤੇ : **ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥**

*ਪ੍ਰਭਾਤੀ ਮ :੧, ਪੰਨਾ ੧੩੪੪*

ਸੰਸਾਰ ਅੰਦਰ ਮਨੁੱਖ ਭੁੱਲ ਕਰਦਾ ਵੀ ਹੈ ਤੇ ਉਸ ਤੋਂ ਇਨਕਾਰੀ ਹੋਣ ਲਈ ਕੋਈ ਨ ਕੋਈ ਬਹਾਨਾ ਭਾਲ ਕੇ ਉਸ ਭੁੱਲ ਦੀ ਜ਼ਿੰਮੇਵਾਰੀ ਆਪਣੇ ਤੋਂ ਲਾਹ ਕੇ ਕਿਸੇ ਦੇ ਸਿਰ ਮੜ੍ਹਦਾ ਹੈ ਜਾਂ ਭੁੱਲ ਨੂੰ ਕਬੂਲਣ ਤੋਂ ਇਨਕਾਰੀ ਹੁੰਦਾ ਹੈ। ਉਸ ਦਾ ਵੱਡਾ ਕਾਰਣ ਹੰਕਾਰ ਹੈ। ਜੇ ਮਨੁੱਖ ਭੁੱਲ ਨੂੰ ਸਵੀਕਾਰ ਕਰਦਾ ਹੈ। ਤਦ ਉਸ ਦੇ ਹੰਕਾਰ ਨੂੰ ਠੇਸ ਪੁੱਜਦੀ ਹੈ। ਹੰਕਾਰ ਇੰਨਾ ਪ੍ਰਬਲ ਹੈ ਕਿ ਹੰਕਾਰ ਭੋਰਾ ਜਿੰਨੀ ਵੀ ਕਿਸੇ ਵਲੋਂ ਮਨ, ਬਚਨ ਤੇ ਕਰਮ ਕਰਕੇ ਪਹੁੰਚਾਈ ਠੇਸ ਨੂੰ ਸਹਾਰ ਨਹੀਂ ਸਕਦਾ। ਜੇ ਕਿਤੇ ਮਨੁੱਖ ਗੁਰੂ ਅਗਵਾਈ ਵਿੱਚ ਚਲ ਕੇ ਆਪਣੀ ਹਉਮੈ ਨੂੰ ਮਾਰ ਲਵੇ ਤੇ ਆਪਣੀ ਭੁੱਲ ਨੂੰ ਕਬੂਲ ਕਰ ਲਵੇ, ਤੱਦ ਮਨੁੱਖ ਦੇ ਜੀਵਨ ਵਿੱਚ ਕਦੇ ਵੀ ਟਕਰਾਉ ਨਹੀਂ ਆ ਸਕਦਾ। ਗਲਤੀ ਨੂੰ ਸਵੀਕਾਰ ਕਰ ਲੈਣ ਨਾਲ ਤਕਰੀਬਨ ਸਾਰਾ ਝਗੜਾ ਹੀ ਖਤਮ ਹੋ ਜਾਂਦਾ ਹੈ। ਮਨੁੱਖ ਥੋੜ੍ਹਾ ਜਿਹਾ ਹੰਕਾਰ ਨੂੰ ਮਾਰ ਕੇ, ਸਬਰ ਤੋਂ ਕੰਮ ਲਵੇ, ਅਜਿਹੇ ਮਨੁੱਖ ਉੱਪਰ ਬਾਬਾ ਫਰੀਦ ਜੀ ਦਾ ਫੁਰਮਾਨ ਅਵੱਸ਼ ਵਰਤ ਜਾਵੇਗਾ। ਆਪ ਦਾ ਬਚਨ ਹੈ—

**[1]ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥**
**ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥੧੧੫॥**

*ਫਰੀਦ ਜੀ, ਪੰਨਾ ੧੩੮੪*

1. ਜਿਸ ਦਾ ਸਾਰਾ ਜੀਵਨ, ਮਨ, ਬਚਨ ਤੇ ਕਰਮਾਂ ਕਰ ਕੇ ਸਬਰ-ਸੰਤੋਖ ਵਿੱਚ ਢੱਲ ਜਾਵੇ। ਉਸ ਦਾ ਕਿਹਾ ਹੋਇਆ ਬਚਨ ਕਦੇ ਖਾਲੀ ਨਹੀਂ ਜਾਂਦਾ।

# ਮਾਤਾ ਦਮੋਦਰੀ ਜੀ ਵੱਲੋਂ ਆਪਣੀ ਬੱਚੀ ਬੀਬੀ ਵੀਰੋ ਨੂੰ ਉਪਦੇਸ਼

ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਦਮੋਦਰੀ ਜੀ ਦੀ ਪੁਤਰੀ ਬੀਬੀ ਵੀਰੋ ਜੀ ਦਾ ਜਦੋਂ ਅਨੰਦ ਕਾਰਜ ਹੋਇਆ ਤੇ ਡੋਲੀ ਤੋਰਨ ਦੀ ਤਿਆਰੀ ਕੀਤੀ। ਮਾਤਾ ਦਮੋਦਰੀ ਜੀ ਨੇ ਆਪਣੀ, ਬੱਚੀ ਵੀਰੋ ਜੀ ਨੂੰ ਆਪਣੀ ਗਲਵਕੜੀ ਵਿੱਚ ਲਿਆ, ਛਾਤੀ ਨਾਲ ਲਾ ਕੇ ਪਿਆਰ ਦਿੱਤਾ ਤੇ ਨਾਲ ਹੀ ਕਿਹਾ, ਮੇਰੇ ਪ੍ਰਾਣਾਂ ਤੋਂ ਪਿਆਰੀ ਬੱਚੀ ! ਤੂੰ ਹੁਣ ਆਪਣੇ ਸਹੁਰੇ ਘਰ ਚਲੀਂ ਹੈ। ਮੇਰੀ ਸਿੱਖਿਆ ਨੂੰ ਪਿਆਰ ਨਾਲ ਧਿਆਨ ਦੇ ਕੇ ਸ੍ਵਣ ਕਰ। ਜੇ ਤੂੰ ਮੇਰੀ ਇਸ ਸਿੱਖਿਆ ਨੂੰ ਸੁਣ ਕੇ ਆਪਣੇ ਜੀਵਨ ਅੰਦਰ ਧਾਰਨ ਕਰ ਲਵੇਂਗੀ, ਤਦ ਤੈਨੂੰ ਜੀਵਨ ਦੇ ਸਾਰੇ ਸੁੱਖ ਪ੍ਰਾਪਤ ਹੋਣਗੇ। ਪਹਿਲੀ ਸਿੱਖਿਆ ਇਹ ਹੈ ਕਿ ਜਿਸ ਘਰ ਵਿੱਚ ਹੁਣ ਤੇਰਾ ਵਸੇਵਾ ਹੋਣਾ ਹੈ, ਉਹ ਤੇਰੀ ਅਸਲੀ ਕੁੱਲ ਹੈ। ਕੁੱਲ ਦੀ, ਪ੍ਰਵਾਰ ਦੀ, ਘਰ ਦੀ ਗੱਲ ਕਦੇ ਵੀ ਕਿਸੇ ਦੂਸਰੇ ਪਾਸ ਨਹੀਂ ਕਰਨੀ। ਆਪਣੇ ਘਰ ਦੀ ਬਾਤ ਆਪਣੇ ਹਿਰਦੇ ਵਿੱਚ ਹੀ ਰੱਖਣੀ ਹੈ। ਘਰ ਦਾ ਭੇਦ ਕਿਸੇ ਨੂੰ ਨਹੀਂ ਦੇਣਾ। ਦੂਸਰੇ, ਖੋਟੀ (ਮਾੜੀ) ਸੰਗਤ ਮੂਲੋਂ ਹੀ ਨਹੀਂ ਕਰਨੀ, ਜੇ ਖੋਟੀ ਸੰਗਤ ਕਰੇਂਗੀ, ਉਸ ਮਾੜੀ ਸੰਗਤ ਵਿਚੋਂ ਮਾੜੇ ਸੰਸਕਾਰ ਮਿਲਣਗੇ ਤੇ ਅਜਿਹੀ ਮਾੜੀ ਸੰਗਤ ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ, ਹੱਸਦੇ-ਵੱਸਦੇ ਜੀਵਨ ਨੂੰ ਬਰਬਾਦ ਕਰ ਦਿੰਦੀ ਹੈ। ਆਪ ਦਾ ਫੁਰਮਾਨ ਹੈ—

**[1]ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।।**
**ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ।।੮੮।।** *ਪੰਨਾ ੧੩੬੯*

ਤੀਸਰਾ, ਤੂੰ ਅੰਮ੍ਰਿਤ ਵੇਲੇ ਉੱਠਣਾ ਤੇ ਇਸ਼ਨਾਨ ਕਰਕੇ ਸਾਵਧਾਨ ਹੋਣਾ ਹੈ। ਇਹ ਨਾ ਹੋਵੇ ਕਿ ਬਾਕੀ ਸਾਰਾ ਪ੍ਰਵਾਰ ਉੱਠਿਆ ਹੋਵੇ ਤੇ ਤੂੰ ਸੁੱਤੀ ਹੋਵੇਂ। ਐਸਾ ਕਦੇ ਨਹੀਂ ਕਰਨਾ। ਚੌਥਾ, ਸੌਚ-ਇਸ਼ਨਾਨ ਕਰਕੇ ਆਪਣੇ ਮੁੱਖ ਨਾਲ ਪ੍ਰਮੇਸ਼ਰੀ ਬਾਣੀ ਦਾ ਉਚਾਰਨ ਕਰਨਾ ਹੈ। ਇੱਕ ਦੋ ਦਿਨ ਨਹੀਂ, ਨਿੱਤ ਹੀ ਇਹ ਕੰਮ ਨੇਮ ਬਣਾ ਕੇ ਕਰਨਾ ਹੈ। ਮਾਤਾ ਜੀ ਦੇ ਬਚਨ ਹਨ :

**ਸੁਨ ਪੁਤਰੀ ਪ੍ਰਾਨੰ ਤੇ ਪਿਆਰੀ।। ਜਿਸ ਤੇ ਬੈਸ ਬਿਤੇ ਸੁਖ ਸਾਰੀ।।**
**ਕੁਲ ਕੀ ਬਾਤ ਚਿਤ ਮੇ ਧਰਨੀ।। ਖੋਟੀ ਸੰਗਤਿ ਕਦੇ ਨ ਕਰਨੀ।।**
**ਪ੍ਰਾਤੇਕਾਲ ਉਠਿ ਮਜਨ ਕਰਿਉ।। ਗੁਰਬਾਣੀ ਮੁਖ ਤੇ ਨਿੱਤ ਹਰਿਉ।।**

1. ਮਨੁੱਖ ਕੁਸੰਗਤ ਦਾ ਮਾਰਿਆ ਆਤਮਿਕ ਤੇ ਸਰੀਰਕ ਦੁੱਖ ਸਹੇੜ ਲੈਂਦਾ ਹੈ। ਜਿਸ ਤਰ੍ਹਾਂ ਬੇਰੀ ਦੇ ਨੇੜੇ ਕੇਲੇ ਦਾ ਬੂਟਾ ਹਵਾ ਨਾਲ ਝੂਲਦਾ ਹੈ ਪਰ ਬੇਰੀ ਦੇ ਕੰਡੇ ਕੇਲੇ ਦੇ ਪੱਤਿਆਂ ਨੂੰ ਲੀਰੋ ਲੀਰ ਕਰ ਦਿੰਦੇ ਹਨ। ਇਹ ਕੁਸੰਗਤ ਦਾ ਫਲ ਹੈ। ਇਸ ਲਈ ਕੁਸੰਗਤ ਕਰਨੀ ਤਾਂ ਕੀਹ, ਕੁਸੰਗਤ ਵਲ ਨਿਗ੍ਹਾ ਵੀ ਨਾ ਕਰ।



# ਗੁਰੂ ਹਰਿਗੋਬਿੰਦ ਦੇ ਘਰੋਂ ਨਿੱਘ ਆਵੇ ਸੇਕ ਨ ਆਵੇ

ਇਸੇ ਤਰ੍ਹਾਂ ਹੀ, ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, (ਗੁਰੂ) ਤੇਗ ਬਹਾਦਰ ਸਾਹਿਬ ਜੀ ਦਾ ਅਨੰਦ ਕਾਰਜ ਕਰਨ ਵਾਸਤੇ ਕਰਤਾਰਪੁਰ ਸਾਹਿਬ (ਜਲੰਧਰ) ਭਾਈ ਲਾਲ ਚੰਦ ਜੀ ਦੇ ਘਰ ਬਰਾਤ ਲੈ ਕੇ ਪੁੱਜੇ। [1]ਭਾਈ ਲਾਲ ਚੰਦ ਜੀ ਨੇ ਆਪਣੇ ਬਿੱਤ ਤੋਂ ਵੱਧ ਕੇ ਸਤਿਗੁਰੂ ਜੀ ਦੀ ਤੇ ਬਰਾਤ ਦੀ ਸੇਵਾ ਕੀਤੀ। ਜਿਸ ਸਮੇਂ ਭਾਈ ਲਾਲ ਚੰਦ ਜੀ ਨੇ ਮਾਤਾ ਗੁਜਰੀ ਜੀ ਦਾ ਡੋਲਾ ਤੋਰਨ ਲਈ ਤਿਆਰੀ ਕੀਤੀ। ਭਾਈ ਲਾਲ ਚੰਦ ਜੀ, ਗਲ ਵਿੱਚ ਪੱਲਾ ਪਾ ਕੇ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਨਮੁਖ ਹੱਥ ਜੋੜ ਕੇ ਖਲੋ ਗਏ ਤੇ ਬੇਨਤੀ ਕੀਤੀ, ਸਚੇ ਪਾਤਸ਼ਾਹ ! ਅਸੀਂ ਆਪ ਜੀ ਦੀ ਸ਼ਾਨ ਦੇ ਮੁਤਾਬਿਕ ਤੁਹਾਡੀ ਕੋਈ ਸੇਵਾ ਨਹੀਂ ਕਰ ਸਕੇ, ਇਸ ਲਈ ਤੁਸੀਂ ਸਾਨੂੰ ਖਿਮਾਂ ਕਰ ਦੇਣਾ। ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਲਾਲ ਚੰਦ ਦੇ ਮੂੰਹ ਅੱਗੇ ਹੱਥ ਕਰ ਕੇ ਕਿਹਾ, ਲਾਲ ਚੰਦ ! ਇਸ ਤੋਂ ਅਗਾਂਹ ਹੋਰ ਕੁੱਝ ਨਾ ਬੋਲੀਂ, ਤੇ ਨਾਲ ਹੀ ਗਲਵੱਕੜੀ ਵਿੱਚ ਲੈ ਕੇ ਬਚਨ ਕੀਤੇ, ਲਾਲ ਚੰਦ ! ਇਹ ਦੱਸ, ਜਿਸ ਨੇ ਆਪਣੀ ਬੱਚੀ ਪਾਲ-ਪਲੋਸ ਕੇ ਅਰਪਨ ਕਰ ਦਿੱਤੀ, ਉਸ ਨੇ ਪਿੱਛੇ ਕੀ ਰੱਖ ਲਿਆ? ਭਾਵ ਸਭ ਕੁਝ ਉਸ ਨੇ ਦੇ ਦਿੱਤਾ, ਸਾਹਿਬਾਂ ਬਚਨ ਕੀਤੇ :

**[1]ਲਾਲਚੰਦ ਤੁਮ ਦੀਨੋ [2]ਸਕਲ ਬਿਸਾਲਾ।।**
**ਜਿਨ [3]ਤਨਜਾ ਅਰਪੰ ਕੀਨੰ।। ਤਿਨ ਪਾਛੈ ਕਿਆ ਰਖ ਲੀਨੰ।।**

ਗੁਰੂ ਹਰਿਗੋਬਿੰਦ ਸਾਹਿਬ, ਲਾਲ ਚੰਦ ਨੂੰ ਕਹਿਣ ਲੱਗੇ, ਸੁਣ ਲਾਲ ਚੰਦ ! ਪਰਮਾਤਮਾਂ ਦੇ ਚਰਨਾਂ ਵਿੱਚ ਅਰਦਾਸ ਕਰੀਂ—

**ਹਰਿਗੋਬਿੰਦ ਦੇ ਘਰੋਂ ਨਿੱਘ ਆਵੇ ਸੇਕ ਨ ਆਵੇ।।**

## ਨਿੱਘ ਤੇ ਸੇਕ ਦਾ ਫਰਕ

ਇੱਥੇ ਥੋੜ੍ਹਾ ਰੁਕ ਕੇ ਵੀਚਾਰ ਕਰਨ ਵਾਲੀ ਹੈ। ਨਿੱਘ ਵੀ ਅੱਗ ਤੋਂ ਪ੍ਰਾਪਤ ਹੁੰਦਾ ਹੈ ਅਤੇ ਸੇਕ ਵੀ ਅੱਗ ਤੋਂ ਹੀ ਲਗਦਾ ਹੈ ਪਰ ਨਿੱਘ ਸੁੱਖ ਦਿੰਦਾ ਹੈ ਤੇ ਸੇਕ ਦੁੱਖ ਦੇਣ ਦਾ ਕਾਰਣ ਬਣਦਾ ਹੈ। ਨਿੱਘ ਹਰ ਇੱਕ ਮਾਨਣਾ ਚਾਹੁੰਦਾ ਹੈ ਪਰ ਸੇਕ ਤੋਂ ਹਰ ਪ੍ਰਾਣੀ ਡਰਦਾ ਹੈ।

1. ਮਾਤਾ ਗੁਜਰੀ ਜੀ ਦੇ ਪਿਤਾ ਜੀ 2. ਤੂੰ ਸਾਨੂੰ ਸਾਰੀਆਂ ਖੁਸ਼ੀਆਂ ਖੇੜੇ ਪ੍ਰਦਾਨ ਕੀਤੇ ਹਨ। 3. ਲੜਕੀ(ਪੁਤਰੀ)

ਅੱਗ, ਜਿੰਨਾ ਚਿਰ ਚੁੱਲ੍ਹੇ ਵਿੱਚ ਮਰਯਾਦਾ ਅਧੀਨ ਬਲਦੀ ਹੈ ਅਨੇਕ ਤਰ੍ਹਾਂ ਦੇ ਰਸੋਈ ਵਿੱਚ ਭੋਜਨ ਤਿਆਰ ਕਰਦੀ ਹੈ। ਘਰ ਅੰਦਰ ਸਿਆਲ ਦੇ ਦਿਨਾਂ ਵਿੱਚ ਬਾਲੀ ਅੱਗ ਘਰ ਨੂੰ ਗਰਮ ਕਰਕੇ ਨਿੱਘ ਪ੍ਰਦਾਨ ਕਰਦੀ ਹੈ। ਪਰ ਉਹੋ ਅੱਗ ਜਦੋਂ ਮਰਯਾਦਾ ਦੀ ਸੀਮਾਂ ਉਲੰਘ ਕੇ ਭਾਂਬੜਾਂ ਦਾ ਰੂਪ ਧਾਰਨ ਕਰ ਲੈਂਦੀ ਹੈ ਤਾਂ ਉਸੇ ਅੱਗ ਵਿੱਚੋਂ ਸੇਕ ਨਿਕਲਣ ਨਾਲ ਮਨੁੱਖ ਦੁੱਖੀ ਹੁੰਦਾ ਹੈ।

ਇੱਕ ਹੋਰ ਉਦਾਹਰਣ ਕਿ ਦਰਿਆ ਦਾ ਪਾਣੀ ਜਦੋਂ ਦੋ ਕਿਨਾਰਿਆਂ ਦੇ ਵਿੱਚਕਾਰ ਵੱਗਦਾ ਹੈ ਹਰ ਪ੍ਰਾਣੀ ਮਾਤਰ ਨੂੰ ਸੁੱਖ ਦਿੰਦਾ ਹੈ। ਪਾਣੀ ਪਿਆਸ ਬੁਝਾਉਦਾ ਹੈ। ਪਾਣੀ ਨਾਲ ਇਸ਼ਨਾਨ ਕਰਕੇ ਮਨੁੱਖ ਸਰੀਰ ਤੇ ਬਸਤਰਾਂ ਨੂੰ ਸਾਫ ਕਰਦਾ ਹੈ। ਪਾਣੀ ਖੇਤੀਆਂ ਨੂੰ ਪਾਲਦਾ ਹੈ। ਜਦੋਂ ਦਰਿਆ ਦਾ ਪਾਣੀ ਬੇ-ਮਰਯਾਦਾ ਹੋ ਕੇ ਵਗਦਾ ਹੈ ਤਾਂ ਕੰਢੇ ਤੋੜ ਦਿੰਦਾ ਹੈ। ਉਸ ਸਮੇਂ, ਉਹ ਹੀ ਜੀਵਨ-ਦਾਤਾ ਪਾਣੀ, ਮਨੁੱਖ ਦੀ ਮੌਤ ਦਾ ਕਾਰਨ ਬਣਦਾ ਹੈ। ਘਰ-ਬਾਰ ਅਤੇ ਪੈਲੀਆਂ ਹੜ੍ਹ ਦੇ ਪਾਣੀ ਨਾਲ ਬਰਬਾਦ ਹੋ ਜਾਂਦੀਆਂ ਹਨ।

ਇਸੇ ਤਰ੍ਹਾਂ ਗ੍ਰਹਿਸਤ ਵਿੱਚ ਵਿਚਰਦੇ ਪਤੀ-ਪਤਨੀ, ਜਿੰਨਾ ਚਿੱਰ ਆਪੋ ਆਪਣੀਆਂ ਜਿੰਮੇਵਾਰੀਆਂ ਨਿਭਾਉਂਦੇ, ਆਪੋ ਆਪਣੇ ਸੰਸਾਰਿਕ ਹੱਕ-ਹਕੂਕ ਅੰਦਰ, ਨਿਯਮਤ ਸੀਮਾਂ ਅੰਦਰ ਰਹਿ ਕੇ ਜੀਵਨ ਬਤੀਤ ਕਰਦੇ ਹਨ,ਉਨਾਂ ਚਿਰ ਗ੍ਰਹਿਸਤੀ ਜੋੜਾ ਆਪਸੀ ਪਿਆਰ-ਪ੍ਰੇਮ ਦਾ ਤੇ ਗ੍ਰਹਿਸਤ ਦਾ ਨਿੱਘ ਮਾਣਦੇ ਹਨ। ਪਰ ਦੋਵਾਂ ਵਿੱਚੋਂ ਜੇ ਇੱਕ ਵੀ ਆਪਣੇ ਹੱਕ ਦੀ ਤੇ ਗ੍ਰਹਿਸਤ ਦੀ ਮਰਯਾਦਾ ਦੀ ਉਲੰਘਣਾ ਕਰ ਕੇ, ਦੂਸਰੇ ਸਾਥੀ ਨੂੰ ਨੀਚਾ ਵਿਖਾਉਣ ਦਾ ਯਤਨ ਕਰੇ ਜਾਂ ਦੂਸਰੇ ਸਾਥੀ ਉੱਪਰ ਰੋਹਬ ਜਿਤਲਾਉਣ ਲਈ ਬੋਲ-ਕੁਬੋਲ, ਕੌੜਾ-ਫਿੱਕਾ ਬੋਲੇ। ਇੱਕ ਸਾਥੀ ਨੂੰ ਦੂਸਰੇ ਪ੍ਰਤੀ ਬੇ-ਵਿਸ਼ਵਾਸੀ ਹੋ ਜਾਵੇ ਤਾਂ ਪਿਆਰ ਦਾ ਨਿੱਘ ਖੱਤਮ ਹੋ ਕੇ, ਉਸੇ ਘਰ ਵਿੱਚੋਂ ਹੀ ਨਿੱਘ ਦੀ ਥਾਂ ਸੇਕ ਪ੍ਰਗਟ ਹੋਣ ਲੱਗ ਜਾਂਦਾ ਹੈ, ਜੋ ਦੋਵਾਂ ਪਤੀ-ਪਤਨੀ ਨੂੰ ਦੁਖੀ ਤੇ ਪ੍ਰੇਸ਼ਾਨ ਕਰਦਾ ਹੈ। ਦੋਵਾਂ ਦੇ ਦੁਖੀ ਹੋਣ ਨਾਲ ਦੋਵਾਂ ਦੇ ਮਾਪੇ, ਪ੍ਰਵਾਰ ਤੇ ਪਿਆਰੇ ਸਨਬੰਧੀ ਵੀ ਸੇਕ ਦੀ ਲਪੇਟ ਵਿੱਚ ਆ ਕੇ ਦੁਖੀ ਹੋ ਜਾਂਦੇ ਹਨ। ਸੰਸਾਰ ਅੰਦਰ ਮਰਯਾਦਾ ਹੀ ਸੁੱਖਾਂ ਦੀ ਜਨਨੀ ਹੈ। ਜਿਸ ਜਿਸ ਨੇ ਵੀ ਸੰਸਾਰ ਦੀ, ਸਰਕਾਰ ਦੀ, ਸਮਾਜ ਦੀ ਤੇ ਗ੍ਰਹਿਸਤ ਦੀ ਮਰਯਾਦਾ ਦੀ ਉਲੰਘਣਾ ਕੀਤੀ, ਉਹ ਕਦੇ ਵੀ ਸੁੱਖ ਦਾ ਨਿੱਘ ਨਹੀਂ ਮਾਣ ਸਕਦਾ। ਮਰਯਾਦਾ ਦੀ ਉਲੰਘਣਾ ਕਰਨ ਕਾਰਣ, ਉਹ ਦੁੱਖ ਦੇ ਸੇਕ ਨਾਲ ਆਪ ਵੀ ਦੁਖੀ ਹੋਵੇਗਾ ਤੇ ਆਪਣੇ ਸਾਥੀਆਂ ਨੂੰ, ਪ੍ਰਵਾਰ ਨੂੰ ਵੀ ਦੁੱਖ ਦੇ ਭਾਈਵਾਲ ਬਨਾਉਣ ਦਾ ਕਾਰਣ ਬਣੇਗਾ।

ਇੱਕ ਗੱਲ ਹੋਰ ਯਾਦ ਰੱਖਣ ਵਾਲੀ ਹੈ । ਮਨੁੱਖ ਦੇ ਜੀਵਨ ਵਿੱਚ ਚੌਵੀ ਘੰਟਿਆਂ ਅੰਦਰ ਇੱਕ ਵਾਰੀ ਦਿਨ ਆਉਂਦਾ ਹੈ, ਇੱਕ ਵਾਰੀ ਰਾਤ ਪੈਂਦੀ ਹੈ। ਦਿਨ ਕਾਰ-ਵਿਹਾਰ ਵਾਸਤੇ ਹੈ, ਰਾਤ ਅਰਾਮ ਕਰਨ ਲਈ ਹੈ। ਹਰ ਮਨੁੱਖ ਨੂੰ ਦਿਨੇ ਕਾਰ-



ਵਿਹਾਰ ਕਰਦਿਆਂ ਕੋਈ ਵੀ ਅਜਿਹਾ ਕਰਮ ਨਹੀਂ ਕਰਨਾ ਚਾਹੀਦਾ, ਜਿਸ ਕਰਮ ਦੇ ਪਛਤਾਵੇ ਨਾਲ ਮਨੁੱਖ ਦੀ ਰਾਤ ਦੀ ਨੀਂਦ ਅਤੇ ਅਰਾਮ ਵੀ ਹਰਾਮ ਹੋ ਜਾਵੇ। ਰਾਤ ਦੇ ਸਮੇਂ ਕੋਈ ਅਜਿਹਾ ਕਰਮ ਵੀ ਨਹੀਂ ਕਰਨਾ ਚਾਹੀਦਾ, ਜਿਸ ਦੇ ਕਰਨ ਨਾਲ ਮਨੁੱਖ ਨੂੰ ਦਿਨ ਦੇ ਸਮੇਂ ਲੁਕਾਈ ਵਿੱਚ ਸ਼ਰਮਸਾਰ ਹੋਣਾ ਪਵੇ। ਜੋ ਅਜਿਹਾ ਭਉ ਮਨ ਵਿੱਚ ਬਣਾ ਕੇ ਜੀਵਨ ਬਤੀਤ ਕਰੇਗਾ, ਉਹ ਵਿਕਾਰਾਂ ਤੋਂ ਵੀ ਬਚ ਜਾਵੇਗਾ। ਪ੍ਰਭੂ ਦਰ ਵੀ ਉਸ ਦੀ ਆਤਮਾ ਨੂੰ ਪ੍ਰਵਾਨਗੀ ਮਿਲੇਗੀ। ਸੰਸਾਰ ਅੰਦਰ ਲੁਕਾਈ ਵੀ ਅਜਿਹੇ ਮਨੁੱਖ ਦੀ ਸੋਭਾ ਕਰੇਗੀ।

ਇਸ ਲਈ ਸਤਿਗੁਰੂ ਰਾਮਦਾਸ ਜੀ ਵਲੋਂ, ਗ੍ਰਹਿਸਤੀਆਂ ਲਈ ਦਰਸਾਈ ਲਾਵਾਂ ਦੀ ਸਿੱਖਿਆ (ਮਰਯਾਦਾ) ਨੂੰ ਮੁਖ ਰੱਖ ਕੇ ਆਪਣਾ ਜੀਵਨ ਜਿਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਜੇ ਗੁਰੂ ਸਿੱਖਿਆਂ ਨੂੰ ਜੀਵਨ ਦਾ ਧੁਰਾ ਬਣਾਵਾਂਗੇ ਤਾਂ ਸੁੱਖ ਮਾਣਾਂਗੇ ਤੇ ਲੋਕਾਂ ਦੀ ਪ੍ਰਸੰਸਾ ਵਾਧੇ ਵਿੱਚ ਮਿਲੇਗੀ ਤੇ ਨਾਲ ਹੀ ਜਿਸ ਮਨੋਰਥ ਵਾਸਤੇ ਪ੍ਰਮਾਤਮਾਂ ਨੇ ਮਨੁੱਖਾ ਜਨਮ ਦੀ ਦਾਤ ਪ੍ਰਦਾਨ ਕੀਤੀ ਹੈ, ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਜੀਵਨ ਮੁਕਤੀ ਦੀ ਦਾਤ ਵੀ ਗ੍ਰਹਿਸਤੀ ਨੂੰ ਗੁਰੂ ਚਾਲੀ ਅਨੁਸਾਰ ਚੱਲਣ ਨਾਲ ਪ੍ਰਾਪਤ ਹੋ ਜਾਵੇਗੀ। ਸਤਿਗੁਰੂ ਅਰਜਨ ਦੇਵ ਜੀ ਦਾ ਗੂਜਰੀ ਵਾਰ ਅੰਦਰ ਫੁਰਮਾਨ ਹੈ—

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**

*ਮ: ੫, ਪੰਨਾ ੫੨੨*

ਦੀਆਂ ਦਾਤਾਂ, ਗੁਰੂ ਚਰਨਾਂ ਵਿੱਚੋਂ ਗੁਰੂ ਚਾਲੀ ਅਨੁਸਾਰ ਚੱਲਣ ਦੀ ਬਦੌਲਤ, ਸੁਤੇ ਸਿਧ ਹੀ ਪ੍ਰਾਪਤ ਹੋ ਜਾਣਗੀਆਂ।

ਗੁਰੂ ਆਸ਼ੇ ਅਨੁਸਾਰ ਜੋ ਲਿਖਿਆ ਗਿਆ ਹੈ, ਉਹ ਗੁਰੂ ਰਾਮ ਦਾਸ ਜੀ ਵਲੋਂ ਸੂਹੀ ਰਾਗ ਅੰਦਰ ਉਚਾਰਣ ਕੀਤੀਆਂ ਲਾਵਾਂ ਦੀ ਵਿਆਖਿਆ ਹੈ। ਜੋ ਗੁਰੂ ਆਸ਼ੇ ਤੋਂ ਭੁੱਲ ਕੇ ਕੋਈ ਗੁਰੂ ਆਸ਼ੇ ਤੋਂ ਦੁਰੇਡੀ ਗੱਲ ਲਿਖੀ, ਆਪ ਦੀ ਨਿਗ੍ਹਾ ਵਿੱਚ ਆਵੇ, ਉਸ ਨੂੰ ਦਾਸ ਦੀ ਨਿੱਜੀ ਭੁੱਲ ਜਾਣ ਕੇ ਗੁਰੂ ਚਰਨਾਂ ਵਿੱਚ ਦਾਸ ਲਈ ਸੁਮੱਤ ਦੀ ਅਰਦਾਸ ਕਰਨੀ।

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥** *ਮ:੧, ਪੰਨਾ ੬੨*

**ਭੁੱਲਾਂ ਚੁੱਕਾਂ ਦੀ ਖਿਮਾਂ**

***ਵਾਹਿਗੁਰੂ ਜੀ ਕਾ ਖਾਲਸਾ॥***

***ਵਾਹਿਗੁਰੂ ਜੀ ਕੀ ਫਤਿਹ॥***